# ਵਰਿਆਮ

੩੨ਵਾਂ ਸਾਲ

ਮਾਰਚ ੨੦੦੭



## ਹੋਲਾ ਮਹੱਲਾ

ਸਤਿਗੁਰੂ ਰਾਮ ਸਿੰਘ ਜੀ ਮਾਨਾ ਵਾਲਾ ਹੋਲਾ ਮਹੱਲਾ ਸਮੇਂ ਸੰਗਤਾਂ ਵਿਚ।

ਵੇਰਵਾ ਪੰਨਾ ੩੧ ਤੋਂ ੩੫

Namdhari Elibrary NamdhariElibrary@gmail.com



ਜਲੰਧਰ ਵਿਚ ਸਤਿਗੁਰੂ ਰਾਮ ਸਿੰਘ ਜੀ ਪ੍ਰਕਾਸ਼ ਪੁਰਬ ਸਮੇਂ ਹਜ਼ੂਰੀ ਰਾਗੀ
ਸੰਤ ਹਰਬੰਸ ਸਿੰਘ (ਵਿਚਕਾਰ), ਗੁਰਲਾਲ ਸਿੰਘ ਅਤੇ ਅਜੈ ਪਾਲ
ਸਿੰਘ (ਤਬਲਾ) ਕੀਰਤਨ ਕਰਦੇ ਹੋਏ।



ਸੂਬਾ ਹਰਬੰਸ ਸਿੰਘ ਦੋਬੀ (ਖੱਬੇ) ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਹਨ।
ਇਕ ਪੁਰਾਣੀ ਯਾਦਗਾਰੀ ਤਸਵੀਰ ਵਿਚ ਸਵ. ਜਥੇਦਾਰ ਗਿਆਨ ਸਿੰਘ ਵੀਰੋਕੇ
(ਵਿਚਕਾਰ) ਅਤੇ ਜਥੇਦਾਰ ਦਾਨ ਸਿੰਘ ਜੀ ਦੀ ਸੰਗਤ ਵਿਚ ਬੈਠੇ ਹੋਏ।

Namdhari Elibrary NamdhariElibrary@gmail.com

# ਵਰਿਆਮ

ਮਾਰਚ-੨੦੦੭
ਜਿਲਦ-੩੨
ਅੰਕ- ੫

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ |
| ਹਵਾਈ ਡਾਕ ਰਾਹੀਂ | (ਸਾਲਾਨਾ) |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਸੰਪਾਦਕੀ -------------------------------- ੨
ਸ਼ਹੀਦੇ-ਆਜ਼ਮ ਭਗਤ ਸਿੰਘ-
ਕਮਿਊਨਿਸਟ ਅਤੇ ਕੂਕੇ
*—ਸੁਵਰਨ ਸਿੰਘ ਵਿਰਕ* ------------- ੫
ਰੂਸ ਦਰਬਾਰ ਵਿਚ ਕੂਕਾ
ਨੇਤਾ ਗੁਰਚਰਨ ਸਿੰਘ *—ਪੀ.ਸੀ.ਰਾਏ* ------ ੧੪
ਖਾਲਸੇ ਦਾ ਹੋਲਾ (ਹੋਲੀ ਕੀਨੀ ਸੰਤ ਸੇਵ)
*—ਕਰਤਾਰ ਸਿੰਘ ਨੀਲਧਾਰੀ ਚੰਡੀਗੜ੍ਹ* ---- ੨੦
ਗ਼ਜ਼ਲ *—ਮਹਿਮਾ ਸਿੰਘ ਹਲਵਾਰਵੀ* ------ ੨੩
ਸ਼ੁਭ-ਚਿੰਤਨ ਨਾਲ ਹੀ ਤੰਦਰੁਸਤੀ ਸੰਭਵ ਹੈ
*—ਮਹਿਮਾ ਸਿੰਘ ਹਲਵਾਰਵੀ*----------- ੨੩
ਚੋਣਵੇਂ ਪੰਜਾਬੀ ਸ਼ਿਅਰ *—ਚਰਨ ਸੀਚੇਵਾਲਵੀ* - ੨੪
ਦੱਸ ਨੂਰਿਆ *—ਸੰਤ ਸੰਧੂ* ------------- ੨੫
ਜੇਹੜਾ ਨਹੀਂ ਵਿਚਾਰ ਕਰੇਗਾ
*—ਸਾਧੂ ਸਿੰਘ ਕਿਸਾਨ* ------------ ੨੬
ਗੀਤ *—ਇੰਦਰਜੀਤ ਹਸਨਪੁਰੀ* --------- ੨੬
ਧੀ ਜੰਮੇ ਤਾਂ.... *—ਇੰਦਰਜੀਤ ਹਸਨਪੁਰੀ* --- ੨੭
ਆਪਣੀ ਮਾਂ *—ਵਰਿਆਮ ਸਿੰਘ ਸੰਧੂ*------- ੩੦
ਅੱਖੀਂ ਡਿੱਠੀ ਤੋਂ ਕੰਨੀਂ ਸੁਣੀ
*—ਸਾਧੂ ਸਿੰਘ ਕਿਸਾਨ* ------------- ੩੬
ਇਤਿਹਾਸਕਾਰ ਸ. ਨਾਹਰ ਸਿੰਘ
ਨਾਲ ਅਭੁੱਲ ਸਫਰ *—ਮਾਸਟਰ ਅਮਰੀਕ ਸਿੰਘ* - ੩੬
ਖ਼ਬਰਨਾਮਾ ---------------------------- ੪੦
ਪ੍ਰਤੀਕਿਰਿਆ -------------------------- ੪੫

## ਵਿਦਵਾਨ

ਵਿਦਵਾਨ ਨੂੰ ਐਧਰ ਓਧਰ ਵਿਸ਼ੇ ਵਿਕਾਰਾਂ ਵੱਲ ਘੁੰਮਣ ਵਾਲੀਆਂ ਆਪਣੀਆਂ ਇੰਦਰੀਆਂ ਨੂੰ ਉਸ ਤਰ੍ਹਾਂ ਹੀ ਕਾਬੂ ਵਿਚ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਜਿਵੇਂ ਸਾਰਥੀ ਐਧਰ ਓਧਰ ਭਟਕਣ ਵਾਲੇ ਘੋੜਿਆ ਨੂੰ ਕਾਬੂ ਕਰ ਲੈਂਦਾ ਹੈ।

*—ਮਨੂ ਸਿਮ੍ਰਿਤੀ*



Namdhari Elibrary NamdhariElibrary@gmail.com

# ਸੰਪਾਦਕੀ

ਵਰਿਆਮ ਦਾ ਇਹ ਅੰਕ ਉਨ੍ਹਾਂ ਦਿਨਾਂ ਵਿਚ ਪਾਠਕਾਂ ਦੇ ਹੱਥਾਂ ਵਿਚ ਪੁੱਜਦਾ ਹੋਵੇਗਾ ਜਦੋਂ ਹੋਲੀਆਂ ਦੇ ਰੰਗ ਵਿਚ ਦੇਸ਼ ਰੰਗਿਆ ਹੋਵੇਗਾ। ਖਾਲਸਾ ਪੰਥ ਦੀਆਂ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਭੈਣੀ ਸਾਹਿਬ ਅਤੇ ਹੋਰ ਕੇਂਦਰਾਂ ਵਿਚ 'ਹੋਲੀ ਕੀਨੀ, ਸੰਤ ਸੇਵ' ਦੇ ਮਹਾਂਵਾਕ ਅਨੁਸਾਰ ਅਧਿਆਤਮਕ ਰੰਗ ਵਿਚ ਭਿੱਜੀਆਂ ਹੋਣਗੀਆਂ। ਇਹ ਮਾਰਚ ਦਾ ਮਹੀਨਾ ਨੌਜਵਾਨ ਦਿਲਾਂ ਦੀ ਧੜਕਣ ਸ. ਭਗਤ ਸਿੰਘ ਦੀ ਸ਼ਹੀਦੀ ਦਾ ਮਹੀਨਾ ਵੀ ਹੈ (ਸ਼ਹੀਦੀ ੨੩ ਮਾਰਚ ੧੯੩੧) ਅਤੇ ਇਹ ਸਾਲ ਭਗਤ ਸਿੰਘ ਦੀ ਜਨਮ ਸ਼ਤਾਬਦੀ ਦਾ ਵਰ੍ਹਾ ਵੀ ਹੈ।(ਜਨਮ ੨੭ ਸਤੰਬਰ ੧੯੦੭। ਨਾਮਧਾਰੀ ਸੰਗਤਾਂ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਵਿਧੀਵਤ ਤੌਰ 'ਤੇ ਆਪਣੇ ਕਾਰਜ ਕਰਮ ਨੂੰ ਜਾਰੀ ਕਰਨ ਦੀ ਡੇਢ ਸ਼ਤਾਬਦੀ ਮਨਾਉਣ ਦੇ ਵੀ ਪ੍ਰੋਗਰਾਮ ਬਣਾਏ ਗਏ ਹਨ। ਸੰਨ ੧੮੫੭ ਦੀ ਵਿਸਾਖੀ ਨੂੰ ਗੁਰੂ ਸਾਹਿਬ ਵੱਲੋਂ ਸ੍ਰੀ ਭੈਣੀ ਸਾਹਿਬ ਵਿਚ ਆਪਣੇ ਪ੍ਰੋਗਰਾਮ ਦਾ ਆਰੰਭ ਕੀਤਾ ਗਿਆ। ਇਸ ਦਿਨ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਕੇ ਸਮਝੋ ਸਿੱਖੀ ਦੀ ਪੁਨਰ ਸਥਾਪਨਾ ਹੀ ਕੀਤੀ ਅਤੇ ਅਲੋਪ ਹੋ ਚੁੱਕੀ ਰਹੁ ਰੀਤ ਮੁੜ ਜਾਰੀ ਕੀਤੀ। ਆਪਣੇ ਧਾਰਮਕ ਸਮਾਜਕ ਅਤੇ ਰਾਜਸੀ ਪ੍ਰੋਗਰਾਮ ਨੂੰ ਦੇਸ਼ ਦੀ ਜਨਤਾ ਦੇ ਸਾਹਮਣੇ ਰੱਖਿਆ। ਇਹ ਬਹੁਤ ਵਿਸ਼ਾਲ ਪ੍ਰੋਗਰਾਮ ਸੀ ਅਤੇ ਇਸ ਨੂੰ ਅਮਲ ਵਿਚ ਲਿਆਉਣ ਲਈ ਉਨ੍ਹਾਂ ਦੇ ਪੈਰੋਕਾਰਾਂ ਨੇ ਜਾਨਾਂ ਨਿਛਾਵਰ ਕੀਤੀਆਂ ਅਤੇ ਉਹ ਆਪ ਜਲਾਵਤਨ ਵੀ ਹੋ ਗਏ। ਨਾਮਧਾਰੀ ਕੂਕਾ ਸਿੰਘਾਂ ਨੇ ਆਪਣੇ ਮੰਨੋ ਉਦੋਂ ਤੋਂ ਹੀ ਗੁਲਾਮੀ ਦੀ ਛੱਟ ਲਾਹ ਸੁੱਟੀ ਸੀ। ਇਹ ਡੇਢ ਸ਼ਤਾਬਦੀ ਸਮਾਗਮਾਂ ਦੇ ਬਹੁਤ ਸਾਰੇ ਪ੍ਰੋਗਰਾਮ ਸਾਹਮਣੇ ਆਉਣ ਵਾਲੇ ਹਨ ਪਰ ਅਸੀਂ ਵਰਿਆਮ ਵੱਲੋਂ ਇਸ ਸਿਲਸਲੇ ਵਿਚ ਆਪਣੀ ਹੈਸੀਅਤ ਮੁਤਾਬਿਕ ਤੁੱਛ ਜਿਹਾ ਯੋਗਦਾਨ ਬਸ ਕੇਵਲ ਸੂਚਨਾ ਮਾਤਰ ਹੀ ਪਾਇਆ ਹੈ। ਦਰਅਸਲ ਅਗਲੇ ਪੰਨਿਆਂ 'ਤੇ ਉਪਰੋਕਤ ਸਾਰੇ ਵਿਸ਼ਿਆਂ, ਮੁੱਦਿਆਂ ਦੀ ਖੁਸ਼ਬੋ ਪਾਠਕਾਂ ਨੂੰ ਕਿਸੇ ਨਾ ਕਿਸੇ ਸ਼ਕਲ ਵਿਚ ਮਿਲੇਗੀ। ਅਸੀਂ ਵਰਿਆਮ ਦੇ ਪਰਮ ਸਹਿਯੋਗੀ ਸ. ਸੁਵਰਨ ਸਿੰਘ ਵਿਰਕ ਹੋਰਾਂ ਨੂੰ ਸਲਾਹ ਦਿੱਤੀ ਸੀ ਕਿ, ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰੋਗਰਾਮ ਅਤੇ ਘਾਲਣਾ ਦਾ ਸ. ਭਗਤ ਸਿੰਘ ਜੀ ਦੀ ਸੋਚ ਅਤੇ ਕਾਰਜਕਰਮ ਉਤੇ ਪ੍ਰਭਾਵ ਅਤੇ ਮੁਲਾਂਕਣ ਨੂੰ ਉਲੀਕਿਆ ਜਾਵੇ। ਸੋ ਉਹਨਾਂ ਆਪਣੇ ਲੇਖ ਵਿਚ ਇਹ ਕਾਰਜ ਸਫਲਤਾ ਨਾਲ ਕੀਤਾ ਹੈ। ਸ. ਕਰਤਾਰ ਸਿੰਘ ਨੀਲਧਾਰੀ ਹਮੇਸ਼ਾ ਹੀ ਭਖਦੇ ਮਸਲੇ ਤੇ ਸਾਥ ਦਿੰਦੇ ਹਨ। ਸ. ਸਾਧੂ ਸਿੰਘ ਕਿਸਾਨ, ਮਾਸਟਰ ਅਮਰੀਕ ਸਿੰਘ ਹੋਰਾਂ ਆਪਣੇ ਆਪਣੇ ਨਿਵੇਕਲੇ ਅੰਦਾਜ਼ ਵਿਚ ਉਹ ਯੋਗਦਾਨ ਪਾਇਆ ਹੈ ਜੋ ਉਨ੍ਹਾਂ ਨੂੰ ਆਪ ਵੀ ਸ਼ਾਇਦ ਪਤਾ ਨਾ ਹੋਵੇ। ਅਸੀਂ ਸਮਝਦੇ ਹਾਂ ਕਿ ਇਨ੍ਹਾਂ ਸੱਜਣਾਂ ਨੂੰ ਇਸੇ ਤਰ੍ਹਾਂ ਹੀ ਲਿਖਦੇ ਰਹਿਣਾ ਚਾਹੀਦਾ ਹੈ। ਹੋਰ ਸਾਰੇ ਹੀ ਲੇਖਕ ਮਿੱਤਰਾਂ ਦਾ ਸਾਡੇ ਦਿਲ ਵਿਚ ਥਾਂ ਹੈ। ਇਸ ਅੰਕ ਦੀ ਤਿਆਰੀ ਕਰ ਕੇ ਬਹੁਤ ਸਾਰੀਆਂ ਰਚਨਾਵਾਂ ਸਾਨੂੰ ਮਨਫੀ ਵੀ ਕਰਨੀਆਂ ਪਈਆਂ ਹਨ ਪਰ ਇਸ ਨੂੰ ਵੀ ਅਸੀਂ ਯੋਗਦਾਨ ਵਿਚ ਹੀ ਸ਼ਾਮਿਲ ਕਰਦੇ ਹਾਂ।

ਇਸ ਅੰਕ ਦੇ ਛਪਣ ਦੇ ਦਿਨਾਂ ਵਿਚ ਪੰਜਾਬ ਵਿਚ ਚੋਣਾਂ ਦਾ ਰੌਲਾ ਗੌਲਾ ਸਿਖਰ 'ਤੇ ਰਿਹਾ ਹੈ। ਅਖਬਾਰਾਂ ਰੇਡੀਓ ਅਤੇ ਟੀ. ਵੀ. ਦੇ ਦਰਜਨਾਂ ਚੈਨਲ ਇਸ ਰੌਲੇ ਵਿਚ ਸ਼ਾਮਿਲ ਸਨ। ਭਵਿੱਖ ਬਾਣੀਆਂ ਕਰਨ ਵਾਲੇ ਛਾਪਣ ਵਾਲੇ ਪ੍ਰਸਾਰਨ ਵਾਲੇ, ਆਪੋ ਆਪਣੀ ਜੁਗਤ ਨਾਲ ਕਿਸੇ ਨੂੰ ਬੱਲੇ ਬੱਲੇ ਨਾਲ ਉਭਾਰਨ ਵਾਲੇ ਅਤੇ ਕਿਸੇ ਨੂੰ ਥੱਲੇ ਥੱਲੇ ਕਹਿ ਕੇ ਨਕਾਰਨ ਵਾਲੇ ਇਸ ਚੋਣ ਰੌਲੇ ਦੇ ਅਹਿਮ ਪਾਤਰ ਹਨ। ਜਦੋਂ ਪਰਚਾ ਮਸ਼ੀਨ 'ਤੇ ਛਪ ਰਿਹਾ ਹੋਣਾ ਹੈ ਇਲੈਕਸ਼ਨ ਵਾਲਾ ਕੱਟਾ ਕੱਟੀ ਨਿਕਲ ਚੁੱਕਾ ਹੋਵੇਗਾ। ਵੱਖ-ਵੱਖ ਨੇਤਾਵਾਂ ਜਾਂ ਪਾਰਟੀਆਂ ਨੇ ਵਾਅਦਿਆਂ ਅਤੇ ਦਾਅਵਿਆਂ ਦੀਆਂ ਭਾਵੇਂ ਝੜੀਆਂ ਲਾ ਦਿੱਤੀਆਂ ਹਨ ਪਰ ਨਿਰਖ ਪਰਖ ਉਨ੍ਹਾਂ ਦੇ ਅਮਲਾਂ ਤੋਂ ਹੋਣੀ ਹੈ। ਚੋਣਾਂ ਦੇ ਨਤੀਜਿਆਂ ਦੇ ਨਾਲ ਹੀ ਇਲੈਕਸ਼ਨਾਂ ਦੀ ਧੂੜ ਅਤੇ ਧੂੰਏ 'ਤੇ ਕੁਝ ਚਿਰ ਲਈ ਪਾਣੀ ਪੈ ਜਾਵੇਗਾ।

ਸੰਸਾਰ ਅਤੇ ਦੇਸ਼ ਦੇ ਮਸਲੇ ਅੰਤਰ ਸਬੰਧਿਤ ਹੁੰਦੇ ਹਨ। ਭਾਰਤ ਪਾਕਿਸਤਾਨ ਦੇ ਰਿਸ਼ਤੇ ਬਣਦੇ ਟੁੱਟਦੇ ਇਕ



Namdhari Elibrary NamdhariElibrary@gmail.com

ਸਿਲਸਿਲੇ ਵਿਚ ਰਹੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਜਦੋਂ ਇਨ੍ਹਾਂ ਦੇ ਸੁਧਰਨ ਦੀਆਂ ਖਬਰਾਂ ਜ਼ਿਆਦਾ ਆਉਂਦੀਆਂ ਹਨ ਸਾਡਾ ਮੱਥਾ ਠਣਕਦਾ ਹੈ ਕਿ ਕੋਈ ਦੁਰਘਟਨਾ ਨਾ ਵਾਪਰ ਜਾਵੇ। ਦਿੱਲੀ ਤੋਂ ਅਟਾਰੀ ਜਾਣ ਵਾਲੀ ਸਮਝੌਤਾ ਐਕਸਪ੍ਰੈੱਸ ਨੂੰ ਉਡਾਉਣ ਦੀ ਸਾਜ਼ਸ਼ ਨਾਲ ਦੋ ਰੇਲ ਡੱਬੇ ਬਹੁਤ ਸਾਰੀਆਂ ਸਵਾਰੀਆਂ ਸਮੇਤ ਸੜ ਕੇ ਸੁਆਹ ਹੋ ਗਏ ਹਨ। ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਨੂੰ ਬਿਹਤਰ ਹੋਣ ਤੋਂ ਰੋਕਣ ਲਈ ਕਈ ਲੋਕ ਲਗਾਤਾਰ ਯਤਨਸ਼ੀਲ ਰਹਿੰਦੇ ਹਨ। ਇਹ ਤਾਂ ਪਤਾ ਨਹੀਂ ਕਿ ਇਹ ਰੇਲ ਦੁਰਘਟਨਾ ਕਿਸ ਨੇ ਕਰਵਾਈ ਹੈ ਪਰ ਹਿ ਗੱਲ ਹਕੀਕਤ ਹੈ ਕਿ ਭਾਰਤ ਵਿਚ ਵੀ ਅਤੇ ਪਾਕਿਸਤਾਨ ਵਿਚ ਵੀ ਕੁਝ ਲੋਕ ਐਸੇ ਹਨ ਜੋ ਇਹਨਾਂ ਚੰਗੇ ਸਬੰਧਾਂ ਦੇ ਵਿਰੋਧੀ ਹਨ ਅਤੇ ਇਹ ਗੱਲ ਲੁਕਾਉਂਦੇ ਵੀ ਨਹੀਂ। ਪਾਕਿਸਤਾਨ ਵਿਚ ਹੀ ਕੱਲ੍ਹ ਪਰਸੋਂ ਗੁਜਰਾਂਵਾਲਾ ਵਿਚ ਇਕ ਮੰਤਰੀ ਬੀਬੀ ਨੂੰ ਇਸ ਕਰਕੇ ਗੋਲੀ ਨਾਲ ਮਾਰ ਦਿੱਤਾ ਹੈ ਕਿਉਂਕਿ ਉਹ ਬੁਰਕਾ ਨਹੀਂ ਪਾਉਂਦੀ ਸੀ। ਪਾਕਿਸਤਾਨ ਦੇ ਸ਼ਹਿਰ ਕੋਇਟਾ ਵਿਚ ਇਕ ਆਤਮਘਾਤੀ ਹਮਲੇ ਵਿਚ ਇਕ ਜੱਜ ਸਣੇ ੧੫ ਜਣੇ ਹਲਾਕ ਅਤੇ ੨੪ ਜ਼ਖ਼ਮੀ ਹੋ ਗਏ ਹਨ। ਸੋ ਇਹ ਖੂਨੀ ਖੇਲ ਦੋਹੀਂ ਪਾਸੀਂ ਚਲ ਰਿਹਾ ਹੈ। ਚੰਗਾ ਹੋਇਆ ਕਿ ਦੋਹਾਂ ਦੇਸ਼ਾਂ ਦੇ ਵੱਡੇ ਲੀਡਰਾਂ ਨੇ ਪਰਸਪਰ ਸਬੰਧਾਂ ਨੂੰ ਹੋਰ ਸੁਧਾਰਨ ਦਾ ਮੁੜ ਸੰਕਲਪ ਲਿਆ ਹੈ। ਪਾਕਿਸਤਾਨ ਦੇ ਸਦਰ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਤੱਕ ਨੇ ਕਿਹਾ ਹੈ ਕਿ ਇਹ ਧਮਾਕੇ ਭਾਰਤ ਪਾਕਿਸਤਾਨ ਦੀ ਚੱਲ ਰਹੀ ਅਮਨ ਗੱਲਬਾਤ ਨੂੰ ਲੀਹੋ ਲਾਹੁਣ ਲਈ ਕੀਤੇ ਗਏ ਹਨ ਪਰ ਅਮਨ-ਸ਼ਾਂਤੀ ਕਾਇਮ ਕਰਨ ਦੇ ਯਤਨਾਂ ਵਿਚ ਫਰਕ ਨਹੀਂ ਪਵੇਗਾ। ਸਾਨੂੰ ਚੰਗਿਆਂ ਸਿੱਟਿਆਂ ਦੀ ਆਸ ਛੱਡਣੀ ਨਹੀਂ ਚਾਹੀਦੀ। ਮਾੜੇ ਅਤੇ ਚੰਗੇ ਕੰਮ ਕਰਨ ਵਾਲੇ ਬੰਦੇ ਗਿਣਤੀ ਵਿਚ ਬਥੇਰੇ ਹਨ। ਗੁਰੂ ਨਾਨਕ ਸਾਹਿਬ ਨੇ ਦੋਵਾਂ ਤਰ੍ਹਾਂ ਦੇ ਲੋਕਾਂ ਦੀ ਤਾਦਾਦ ਅਸੰਖਾਂ ਵਿਚ ਦੱਸੀ ਹੈ।

.....ਅਸੰਖ ਗਲ ਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥.....

ਅਤੇ

..... ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥......

ਖਬਰਾਂ ਦੱਸਦੀਆਂ ਹਨ ਕਿ ਬਹੁਤ ਲੋਕ ਹਨ ਜੋ ਆਪਣੇ ਧੀਆਂ ਪੁੱਤਰਾਂ ਜਾਂ ਮਾਪਿਆਂ ਨਾਲ ਵੀ ਪਾਪ ਕਮਾਉਂਦੇ ਹਨ। ਕਤਲ ਵੀ ਕਰਦੇ ਹਨ ਪਰ ਦੂਜੇ ਪਾਸੇ ਉਹ ਹਨ ਜਿਨ੍ਹਾਂ ਆਪਣੀ ਜਾਨ ਦੇ ਕੇ ਬੱਚੀ ਨੂੰ ਬਚਾਇਆ। ਇਕ ਪਾਸੇ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਸਿਫਤ ਸਲਾਹ ਭਾਰਤ ਦਾ ਰਾਸ਼ਟਰਪਤੀ ਸੁਲਤਾਨਪੁਰ ਲੋਧੀ ਖੁਦ ਆ ਕੇ ਕਰਦਾ ਹੈ, ਦੂਜੇ ਪਾਸੇ ਉਨ੍ਹਾਂ ਹੀ ਸੰਤਾਂ ਦੇ ਪੈਰੋਕਾਰਾਂ ਨੂੰ ਅੰਦਰ ਕਰਾਉਣ ਵਾਲੇ ਲੋਕ ਵੀ ਹਨ। ਇਹ ਸਵਾਰਥ ਦੀ ਖੇਡ ਹੈ।

ਇਕ ਪਾਸੇ ਨਿਥਾਰੀ ਵਿਚ ਬੱਚਿਆਂ ਨੂੰ ਮਾਰਨ ਵਰਗੇ ਕਾਂਡ ਹਨ। ਇਕ ਪਾਸੇ ਭਰੂਣ ਹੱਤਿਆ ਜਾਂ ਕੰਨਿਆ ਹੱਤਿਆਂ ਦੀਆਂ ਖਬਰਾਂ ਨਿਤ ਆਉਂਦੀਆਂ ਹਨ ਦੂਜੇ ਪਾਸੇ ਗਰੀਬ ਲੜਕੀਆਂ ਦੇ ਵਿਆਹ ਕਰਾਉਣ ਵਾਲੀਆਂ ਜਥੇਬੰਦੀਆਂ ਵੀ ਸਰਗਰਮ ਹਨ। ਮਾੜੀਆਂ ਖਬਰਾਂ ਵਿਚ ਇਕ ਚੰਗੀ ਖਬਰ ਇਹ ਆਈ ਹੈ ਕਿ ਭਾਰਤ ਦੀ ਕੇਂਦਰੀ ਮੰਤਰੀ ਰੇਣੂਕਾ ਚੌਧਰੀ ਨੇ ਅਪੀਲ ਕੀਤੀ ਹੈ ਕਿ ਆਪਣੀਆਂ ਧੀਆਂ ਨੂੰ ਨਾ ਮਾਰੋ। ਉਨ੍ਹਾਂ ਨੂੰ ਸਰਕਾਰ ਪਾਲੇਗੀ।

ਸਾਡੇ ਬਹੁਤ ਸਾਰੇ ਤਿਓਹਾਰ, ਦੁਸਹਿਰਾ, ਹੋਲੀ ਆਦਿ ਅਤੇ ਸਤਿਗੁਰਾਂ ਦੇ ਕਥਨ ਵੀ ਇਹ ਕਹਿੰਦੇ ਹਨ ਕਿ ਆਸੁਰੀ ਸ਼ਕਤੀਆਂ ਅਤੇ ਦੈਵੀ ਤਾਕਤਾਂ ਦਾ ਯੁੱਧ ਚਲਦਾ ਹੈ। ਭਾਵੇਂ ਅੰਤ ਤੇ ਜਿੱਤ ਦੈਵੀ ਸ਼ਕਤੀਆਂ ਦੀ ਦੱਸੀ ਗਈ ਹੈ ਅਤੇ ਸਾਡੇ ਭਾਰਤ ਦਾ ਨਿਸ਼ਾਨੀ ਨਾਅਰਾ ਵੀ ਹੈ 'ਸਤਯਮੇਏ ਜਯਤੇ' ਸੱਚ ਦੀ ਜਿੱਤ ਹੁੰਦੀ ਹੈ ਪਰ ਇਸ ਦੀ ਪ੍ਰਾਪਤੀ ਵਾਸਤੇ ਸੰਘਰਸ਼ ਦੀ ਲੋੜ ਤਾਂ ਰਹਿੰਦੀ ਹੈ। ਅੰਗਰੇਜ਼ੀ ਦੀ ਮਸ਼ਹੂਰ ਕਹਾਵਤ ਹੈ ਜੇ ਤੁਸੀਂ ਅਮਨ ਚਾਹੁੰਦੇ ਹੋ ਤਾਂ ਜੰਗ ਲਈ ਤਿਆਰ ਰਹੋ। ਭਾਰਤ-ਪਾਕਿ ਦੇ ਲੋਕ ਅਤੇ ਸਰਕਾਰਾਂ ਨੂੰ ਅਮਨ ਦੀ ਕਾਇਮੀ ਅਤੇ ਬਹਾਲੀ ਵਾਸਤੇ ਲੜਾਈ ਤਾਂ ਕਰਨੀ ਹੀ ਪਵੇਗੀ। ਸੰਘਰਸ਼ ਤਾਂ ਕਰਨਾ ਹੀ ਪਵੇਗਾ। ਵਿਨਾਸ਼ ਦੀਆਂ ਸ਼ਕਤੀਆਂ ਦੇ ਖਿਲਾਫ। ਹੱਕ ਸੱਚ ਅਤੇ ਅਮਨ ਵਾਸਤੇ

—ਜਗਦੀਸ਼ ਸਿੰਘ ਵਰਿਆਮ



Namdhari Elibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



**12-BORE GUNS**

**Free India Gun Manufacturers**

Prop. S. KARTAR SINGH (Jammu-Wale)

6, Industrial Estate, Ashok Nagar,
Jammu Cantt-3
Ph. : 433810

**Sister Concern :**

**M/s Kartar Singh**

**ARMS & AMMUNITION DEALERS**



Namdhari Elibrary NamdhariElibrary@gmail.com

# ਸ਼ਹੀਦੇ-ਆਜ਼ਮ ਭਗਤ ਸਿੰਘ-ਕਮਿਊਨਿਸਟ ਅਤੇ ਕੂਕੇ

*—ਸੁਵਰਨ ਸਿੰਘ ਵਿਰਕ*

"ਭੂਕ ਨੇ ਪਿਆਸ ਨੇ ਅਫਲਾਸ** ਨੇ ਪਾਲਾ ਹੈ ਹਮੇਂ,
ਕਭੀ ਥਹਕੇ ਹੈਂ ਤੋ ਫਾਕੋਂ ਨੇ ਸੰਮਹਾਲਾ ਹੈ ਹਮੇਂ,
ਜਬਰ ਨੇ ਆਹਨੀ ਤਨਜ਼ੀਮ* ਮੇਂ ਢਾਲਾ ਹੈ ਹਮੇਂ,
ਝੋਂਪੜੇ ਫੂਕ ਕੇ ਮੈਦਾਨ ਮੇਂ ਨਿਕਾਲਾ ਹੈ ਹਮੇਂ,
ਰਾਹ ਅਗਿਆਰ ਕੀਂ* ਦੇਖੇਂ ਯੇਹ ਭਲੇ ਤੌਰ ਨਹੀਂ।
ਹਮ ਭਗਤ ਸਿੰਘ ਕੇ ਸਾਥੀ ਹੈਂ ਕੋਈ ਔਰ ਨਹੀਂ।"

**ਜਨਾਬ ਕੈਫੀ ਆਜ਼ਮੀ**

ਹਿੰਦ-ਪਾਕ ਦੇ ਅਜ਼ੀਮ ਸ਼ਾਇਰ ਦੀ ਇਹ ਟਿੱਪਣੀ ਇਸ ਖਿੱਤੇ ਵਿਚ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਸਥਾਨ ਸੁਨਿਸਚਿਤ ਕਰਨ ਦੇ ਸਮਰੱਥ ਹੈ। ਭਗਤ ਸਿੰਘ ਜਿਹੜਾ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਅਤੇ ਨਾ ਸਿਰਫ ਕਲਕੱਤੇ ਤੋਂ ਅੰਮ੍ਰਿਤਸਰ ਤੱਕ ਸਗੋਂ ਢਾਕੇ ਤੋਂ ਪਿਸ਼ਾਵਰ ਤੱਕ ਹਰ ਜਗ੍ਹਾ ਇਕੋ ਜਿਹੇ ਆਦਰ ਨਾਲ ਲਿਆ ਜਾਣ ਵਾਲਾ ਨਾਂ ਹੈ ਉਹ ਜਿਹੜਾ ਮੁੱਢ ਵਿਚ ਆਪਣੀ ਦੇਸ਼ ਭਗਤੀ ਕਾਰਨ ਪ੍ਰਸਿੱਧ ਹੋਇਆ ਬਾਅਦ ਵਿਚ ਜੂਝਦੀ ਲੋਕਾਈ ਦਾ ਪ੍ਰਤੀਕ ਬਣ ਗਿਆ ਅਤੇ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਜਿਥੇ ਵੀ ਲੋਕ ਸਾਮਰਾਜਸ਼ਾਹੀ, ਸਰਮਾਏਦਾਰੀ ਜਾਂ ਜਗੀਰੂ ਲੁੱਟ-ਚੋਂਘ ਦੇ ਸ਼ਿਕਾਰ ਬਣਦੇ ਹਨ, ਜ਼ੁਲਮੀ-ਪ੍ਰਬੰਧ ਨੂੰ ਬਦਲਣ ਲਈ ਜੱਦੋ ਜਹਿਦ ਵਿਚ ਹਰ ਥਾਂ ਭਗਤ ਸਿੰਘ ਉਨ੍ਹਾਂ ਦਾ ਪ੍ਰੇਰਨਾ-ਸਰੋਤ ਬਣਦਾ ਹੈ। ਉਹ ਜਿਸ ਨੂੰ ਤੇਈ ਸਾਲ ਅਤੇ ਛੇ ਮਹੀਨਿਆਂ ਵਿਚੋਂ ਵੀ ਪੰਜ ਦਿਨ ਘੱਟ ਉਮਰ ਭੋਗਣ ਲਈ ਮਿਲਦੀ ਹੈ, ਏਨੇ ਥੋੜ੍ਹੇ ਸਮੇਂ ਵਿਚ ਵੀ ਜੁੱਗਾਂ ਜੇਡਾ ਫਾਸਲਾ ਤਹਿ ਕਰ ਗਿਆ। ਜੇ ਅੱਜ ਉਸ ਨੂੰ ਸਿਰਮੌਰ ਸ਼ਹੀਦ ਕਹਿ ਕੇ ਯਾਦ ਕੀਤਾ ਜਾਂਦਾ ਹੈ ਤਾਂ ਇਸ ਦੀ ਵਜ੍ਹਾ ਉਸ ਦੇ ਵਿਚਾਰਾਂ ਦੀ ਪੁਖਤਗੀ ਵਿਚੋਂ ਟੋਲੀ ਜਾ ਸਕਦੀ ਹੈ। ਮੌਤ ਦਾ ਭੈ ਤਾਂ ਜਿਵੇਂ ਉਸ ਦੇ ਨੇੜੇ ਢੁੱਕਣ ਦੀ ਕਦੇ ਜੁਅਰਤ ਹੀ ਨਹੀਂ ਸੀ ਕਰ ਸਕਿਆ ਕਿਉਂਕਿ ਜਦੋਂ ਉਸ ਦੀ ਉਮਰ ਦੇ ਬਾਲ ਮਿੱਟੀ ਵਿਚ ਸਿਰਫ ਖੂਹ ਕਿਆਰੀਆਂ ਬਣਾਉਣ ਦੀਆਂ ਖੇਡਾਂ ਹੀ ਖੇਡਦੇ ਸਨ ਤਾਂ ਉਹ ਆਪਣੇ ਪੁੱਛਣ ਵਾਲਿਆਂ ਨੂੰ ਦੱਸਦਾ ਸੀ ਕਿ ਅੱਜ ਕੱਲ੍ਹ ਉਹ ਆਪਣੇ ਖੇਤਾਂ ਵਿਚ 'ਦੰਬੂਖਾਂ' ਬੀਜਦੇ ਹਨ ਤਾਂ ਕਿ ਇਹਨਾਂ ਨਾਲ ਦੁਸ਼ਮਣ ਅੰਗਰੇਜ਼ ਸਰਕਾਰ ਨਾਲ ਲੜਿਆ ਜਾ ਸਕੇ। ਆਪਣੇ ਜਨਮ ਦਿਨ ੨੮ ਸਤੰਬਰ ੧੯੦੭ ਈ. ਨੂੰ ਜਦੋਂ ਵਿਦੇਸ਼ੀ ਸਰਕਾਰ ਵਿਰੁੱਧ ਜੂਝਣ ਵਾਲੇ ਉਸਦੇ ਪਿਤਾ ਸ੍ਰ. ਕਿਸ਼ਨ ਸਿੰਘ ਅਤੇ ਇਕ ਚਾਚਾ ਰਿਹਾ ਹੋ ਕੇ ਜਿਹਲ ਵਿਚੋਂ ਘਰ ਆਏ ਸਨ ਤਾਂ ਵਡੇਰਿਆਂ ਨੇ ਉਸ ਦਾ ਸਵਾਗਤ "ਭਾਗਾਂ ਵਾਲਾ" ਆਖ ਕੇ ਕੀਤਾ ਪਰ ਇਹ ਘਰ ਪਰਿਵਾਰ ਵਾਲਿਆਂ ਜਾਂ ਆਪਣੀ ਜ਼ਾਤੀ ਜ਼ਿੰਦਗੀ ਅਤੇ ਸਾਕਾਂ ਸਬੰਧੀਆਂ ਦੇ ਭਾਗ ਖੋਲ੍ਹਣ ਵਾਲਾ ਨਾ ਬਣ ਕੇ ਸਮੁੱਚੀ ਕਿਰਤੀ ਸ਼੍ਰੇਣੀ ਦੀ ਬੰਦ ਖਲਾਸੀ ਦੀ ਲੋਚਾ ਕਰਨ ਵਾਲਾ ਲੋਕ ਨਾਇਕ ਬਣ ਕੇ ਉੱਭਰਿਆ। ਪੰਜਾਬ ਦੀ ਧਰਤੀ ਜਿਨ੍ਹਾਂ ਸੂਰਬੀਰਾਂ ਨੂੰ ਪੈਦਾ ਕਰਨ ਸਦਕਾ ਫੁੱਲੀ ਨਹੀਂ ਸਮਾਉਂਦੀ, ਭਗਤ ਸਿੰਘ ਉਨ੍ਹਾਂ ਵਿਰਲਿਆਂ ਵਿਚੋਂ ਇਕ ਹੈ। ਉਸ ਦੀ ਪਹਿਲੀ ਜਨਮ ਸ਼ਤਾਬਦੀ ਦੇ ਮੌਕੇ ਰਿਣੀ-ਰਾਸ਼ਟਰ ਅਤੇ ਜਨ ਸਮੂੰਹ ਉਸ ਨੂੰ ਆਪੋ ਆਪਣੇ ਅੰਦਾਜ਼ ਵਿਚ ਮੁੜ ਚੇਤੇ ਕਰਨ ਦਾ ਪੁੰਨ ਲਾਭ ਲੈ ਰਹੇ ਹਨ।



ਭਗਤ ਸਿੰਘ ਦੇ ਭਗਤ ਸਿੰਘ ਬਣਨ ਦੀ ਗਾਥਾ ਬੜੀ ਵਿਲੱਖਣ ਅਤੇ ਦਿਲਚਸਪ ਹੈ। ਹੁਣ ਤੱਕ ਜਿਹੜਾ ਭਗਤ ਸਿੰਘ ਸਾਨੂੰ ਅਕਸਰ ਮਿਲਦਾ ਹੈ, ਉਹ ਫਾਂਸੀ ਦੀ ਸਜ਼ਾ ਸੁਣਨ ਤੇ ਇਹ ਸ਼ੇਅਰ ਪੜ੍ਹਨ ਵਾਲਾ ਭਗਤ ਸਿੰਘ ਹੈ :

"ਤੇਗੋਂ ਕੇ ਸਾਏ ਮੇਂ ਪਲ ਪਲ ਕਰ ਜਵਾਂ ਹੂਏ ਹੈਂ
ਏਕ ਖੇਲ ਜਾਨਤੇ ਹੈਂ ਫਾਂਸੀ ਪੇ ਝੂਲ ਜਾਨਾ।"

ਜਾਂ ਫਿਰ ਉਹ ਭਗਤ ਸਿੰਘ, ਜਿਸ ਦੇ ਮੌਤ ਵੱਲ ਵਧਣ ਦੇ ਅੰਦਾਜ਼ ਨੂੰ ਅਕਸਰ ਇਸ ਸ਼ੇਅਰ ਨਾਲ ਦੁਹਰਾਇਆ ਜਾਂਦਾ ਹੈ:

"ਇਸ ਜਾਨ ਕੀ ਕੁਛ ਪ੍ਰਵਾਹ ਨਹੀਂ।
ਯੇਹ ਜਾਨ ਤੋਂ ਆਨੀ ਜਾਨੀ ਹੈ,
ਜਿਸ ਧਜ ਸੇ ਕੋਈ ਮਕਤਲ* ਮੇਂ ਗਿਆ
ਵੋਹ ਸ਼ਾਨ ਸਲਾਮਤ ਰਹਿਤੀ ਹੈ।"

ਪ੍ਰੰਤੂ ਸਾਨੂੰ ਉਹ ਭਗਤ ਸਿੰਘ, ਅੱਜ ਦੀਆਂ ਠੋਸ ਹਾਲਤਾਂ ਦੇ ਪਰਸੰਗ ਵਿਚ ਵਧੇਰੇ ਆਕਰਸ਼ਿਤ ਕਰਦਾ ਹੈ ਜਿਹੜਾ ਫਾਹੇ ਲੱਗਣ ਤੋਂ ਕੁਝ ਸਮਾਂ ਪਹਿਲਾਂ ਲਿਖੇ ਜਾਣ ਵਾਲੇ ਖਤਾਂ ਵਿਚ ਲਿਖ ਰਿਹਾ ਸੀ—

"ਹਵਾ ਮੇਂ ਰਹੇਗੀ ਮੇਰੇ ਖ਼ਿਆਲ ਕੀ ਬਿਜਲੀ,

---

**ਗਰੀਬੀ, * ਲੋਹ ਸੰਗਠਨ, *ਗੈਰਾਂ ਦੀ, *ਕਤਲਗਾਹ, 'ਮਿੱਟੀ ਦੀ ਮੁੱਠ



Namdhari Elibrary NamdhariElibrary@gmail.com

ਯੇਹ ਮੁਸ਼ਤੇ-ਖ਼ਾਕ* ਫ਼ਾਨੀ ਹੈ ਰਹੇ ਰਹੇ, ਨਾ ਰਹੇ।"

ਤਾਂ ਤੇ ਭਗਤ ਸਿੰਘ ਦੀ ਵਿਲੱਖਣਤਾ, ਉਸ ਦੇ ਖਿਆਲਾਂ ਵਿਚ ਸੀ, ਉਸ ਦੇ ਵਿਚਾਰਾਂ ਵਿਚ ਸੀ। ਵਿਚਾਰ ਇਕ ਦਿਨ ਵਿਚ ਨਾ ਬਣਦੇ ਹਨ ਅਤੇ ਨਾ ਹੀ ਇਕ ਦਿਨ ਵਿਚ ਬਦਲਦੇ ਹਨ। ਆਪਣੇ ਆਲੇ ਦੁਆਲੇ ਨਾਲ, ਆਪਣੇ ਸ੍ਵੈ ਨਾਲ ਮੁੱਠ ਭੇੜ ਕਰਦਿਆਂ, ਇਨ੍ਹਾਂ ਦੀ ਸਿਰਜਣਾ ਹੁੰਦੀ ਹੈ। ਇਨ੍ਹਾਂ ਵਿਚ ਜਿਉਂਦਾ ਅਤੀਤ ਵੀ ਹੁੰਦਾ ਹੈ। ਵਰਤਮਾਨ ਦੀਆਂ ਸਮੱਸਿਆਵਾਂ ਦੇ ਰੂ-ਬ-ਰੂ ਹੋ ਕੇ ਇਹ ਭਵਿੱਖ ਲਈ ਪੈੜਾਂ ਸੁਨਿਸ਼ਚਿਤ ਕਰਦੇ ਹਨ। ਸਾਡਾ ਆਲਾ ਦੁਆਲਾ ਆਪਣਾ ਆਪ ਇਕ ਨਿਰੰਤਰ ਗਤੀਮਾਨ ਪ੍ਰਵਾਹ ਵਿਚ ਬੱਝਾ ਹੋਇਆ ਹੈ। ਛਿਣ ਛਿਣ ਬਦਲਦੇ ਇਸ ਸੰਸਾਰ ਵਿਚ, ਵਹਿਮਾਂ ਭਰਮਾਂ, ਜੀਵਨ ਮੌਤ, ਆਵਾਗਮਨ ਦੀਆਂ ਭੁੱਲ ਭੁਲੱਈਆਂ ਵਿਚ ਇਕ ਚੇਤੰਨ ਬੁੱਧੀ ਅਤੇ ਸੰਵੇਦਨਸ਼ੀਲ ਹਿਰਦੇ ਵਾਲਾ ਹੀ ਮੁਕਤੀ ਮਾਰਗ ਦੀ ਭਾਲ ਕਰ ਸਕਦਾ ਹੈ। ਭਗਤ ਸਿੰਘ ਦੇ ਪ੍ਰੇਰਣਾ ਸਰੋਤ, ਪਹਿਲਾਂ ਤਾਂ ਉਸ ਦੇ ਘਰ ਪਰਿਵਾਰ ਦੇ ਜੂਝਣ ਵਾਲੇ ਲੋਕ, ਪੰਜਾਬ ਦੀ ਧਰਤੀ ਦੇ ਲੋਕ-ਨਾਇਕ, ਉਸ ਵਾਂਗ ਖਿੜੇ ਮੱਥੇ ਹੱਸ ਹੱਸ ਜਾਨਾਂ ਵਾਰਨ ਵਾਲੇ ਸੂਰਬੀਰ ਸਨ, ਭਾਵੇਂ ਉਹ ਗ਼ਦਰ ਪਾਰਟੀ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਹੋਰ ਸੰਗਰਾਮੀਏ ਸਨ ਅਤੇ ਭਾਵੇਂ ਬ੍ਰਿਟਿਸ਼ ਸੱਤਾ ਦੀ ਸਥਾਪਤੀ ਤੋਂ ਬਾਅਦ ਆਜ਼ਾਦੀ ਲਈ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਕੂਕਾਂ ਮਾਰਨ ਵਾਲੇ ਕੂਕੇ ਮਸਤਾਨੇ ਸਨ। ਇਸ ਤੋਂ ਬਾਅਦ ਕੌਮਾਂਤਰੀ ਪੱਧਰ ਤੇ ਵਾਪਰਨ ਵਾਲੀਆਂ ਘਟਨਾਵਾਂ ਦਾ ਵੀ ਉਸ ਦੇ ਮਨ ਮਸਤਕ 'ਤੇ ਗਹਿਰਾ ਪ੍ਰਭਾਵ ਪੈਂਦਾ ਹੈ ਜਿਨ੍ਹਾਂ ਵਿਚੋਂ ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ, ਜੋ ਸੋਵੀਅਤਾਂ ਦੀ ਧਰਤੀ ਤੇ ਵਾਪਰਿਆ ਪ੍ਰਮੁੱਖ ਹੈ। ਇਸੇ ਸੰਦਰਭ ਵਿਚ ਮਾਰਕਸਵਾਦ ਅਤੇ ਲੈਨਿਨਵਾਦ ਨਾਲ ਉਸ ਦੀ ਜਾਣ ਪਹਿਚਾਣ ਹੁੰਦੀ ਹੈ ਕਿਉਂਕਿ ਗਦਰ ਪਾਰਟੀ ਦੇ ਦੂਸਰੇ ਦੌਰ ਵਿਚ ਭਾਰਤ ਆ ਕੇ "ਕਿਰਤੀ" ਅਖਬਾਰ ਦੀ ਨੀਂਹ ਰੱਖਣ ਵਾਲੇ ਲੀਡਰ ਰੂਸੀ ਇਨਕਲਾਬ ਦੀਆਂ ਪ੍ਰਾਪਤੀਆਂ ਨੂੰ ਅੱਖੀਂ ਵੇਖ ਕੇ ਬਹੁਤ ਪ੍ਰਭਾਵਿਤ ਹੋਏ। ਭਾਈ ਸੰਤੋਖ ਸਿੰਘ ਅਤੇ ਰਤਨ ਸਿੰਘ ਦੀ ੧੯੨੨-੨੩ ਦੀ ਰੂਸ ਫੇਰੀ ਦੌਰਾਨ ਉਥੇ ਹੋ ਰਹੀ ਸਮਾਜੀ ਤਬਦੀਲੀ ਨੇ ਉਨ੍ਹਾਂ ਦੀ ਮਾਨਸਿਕਤਾ ਉਤੇ ਡੂੰਘੀ ਛਾਪ ਲਾਈ।[1] ਅਤੇ ਸਮਾਜਵਾਦੀ ਵਿਚਾਰਾਂ ਵੱਲ ਵਧਣ ਵਾਲੇ ਲੋਕ, ਇਸ ਸਾਮਰਾਜ ਵਿਰੋਧੀ ਲਹਿਰ ਵਿਚ ਭਾਗ ਲੈਣ ਵਾਲੇ ਲੋਕਾਂ ਵਿਚੋਂ ਹੀ ਨਿਕਲੇ ਸਨ।

ਉਪਰੋਕਤ ਪੁਸਤਕ (ਪੰਜਾਬ ਵਿਚ ਕਮਿਊਨਿਸਟ ਲਹਿਰ) ਦੇ ਮੁਤਾਬਿਕ "ਭਗਤ ਸਿੰਘ ਦੇ ਵਿਚਾਰਧਾਰਕ ਵਿਕਾਸ ਨੂੰ ਤਿੰਨ ਹਿੱਸਿਆਂ ਵਿਚ ਵੰਡ ਸਕਦੇ ਹਾਂ। ਜੇਕਰ ਅਸੀਂ ਭਗਤ ਸਿੰਘ ਦੀ ਜੀਵਨ ਘਟਨਾਵਲੀ ਉਤੇ ਨਜ਼ਰ ਮਾਰੀਏ ਤਾਂ ਪਤਾ ਲੱਗੇਗਾ ਕਿ ੧੯੨੬ ਵਿਚ (ਜਦੋਂ ਉਹ ੧੯ ਸਾਲ ਦਾ ਸੀ) ਉਹ ਮਿਲੀਟੈਂਟ ਕੌਮਵਾਦੀ ਸੀ। ੧੯੨੬ ਤੋਂ ਲੈ ਕੇ ੧੯੨੮ ਤੱਕ ਉਹ ਆਇਰਿਸ਼ ਇਨਕਲਾਬੀਆਂ ਅਤੇ ਰੂਸੀ ਅਰਾਜਕਤਾਵਾਦੀਆਂ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ ਪਰ ਇਸ ਦਾ ਭਾਵ ਇਹ ਨਹੀਂ ਕਿ ਇਸ ਸਮੇਂ ਉਸ ਨੂੰ ਕਮਿਊਨਿਜ਼ਮ ਬਾਰੇ ਬਿਲਕੁਲ ਹੀ ਪਤਾ ਨਹੀਂ ਸੀ। ੧੯੨੮ ਵਿਚ ਕਿਰਤੀ ਵਿਚ ਲਿਖੇ ਆਪਣੇ ਇਕ ਲੇਖ ਅਰਾਜਕਤਾਵਾਦ ਦਾ ਇਤਿਹਾਸ ਦੇ ਅੰਤ ਵਿਚ ਉਹ ਪਾਠਕਾਂ ਨਾਲ ਵਾਅਦਾ ਕਰਦਾ ਹੈ ਕਿ ਅਗਲਾ ਲੇਖ ਉਹ ਕਮਿਊਨਿਜ਼ਮ ਬਾਰੇ ਲਿਖੇਗਾ। ਹਾਲਾਂਕਿ ਉਹ ਉਸ ਵੇਲੇ ਅਜੇ ਕਮਿਊਨਿਜ਼ਮ (ਸਮਾਜਵਾਦ) ਦੇ ਵਿਚਾਰ ਪ੍ਰਬੰਧ ਤੋਂ ਕਾਇਲ ਨਹੀਂ ਸੀ ਹੋਇਆ।... ਅਪ੍ਰੈਲ ੧੯੨੯ ਤੋਂ ਬਾਅਦ ਉਸ ਦੇ ਬੌਧਿਕ ਵਿਕਾਸ ਦਾ ਤੀਸਰਾ ਦੌਰ ਸ਼ੁਰੂ ਹੁੰਦਾ ਹੈ—"ਮਾਰਕਸਵਾਦ ਲੈਨਿਨਵਾਦ" ਦੇ ਡੂੰਘੇ ਅਧਿਅਨ ਦਾ ਦੌਰ।[2]

ਇਸੇ ਪੁਸਤਕ ਦੇ ਲੇਖਕ ਨੇ ਲੈਨਿਨ ਨਾਲ ਭਗਤ ਸਿੰਘ ਨੂੰ ਤੁਲਨਾਉਂਦਿਆਂ ਹੋਇਆਂ ਦੱਸਿਆ ਹੈ ਕਿ ਲੈਨਿਨ ਦਾ ਇਕ ਭਾਈ ਰੂਸੀ ਜਾਰਸ਼ਾਹੀ ਹੱਥੋਂ ਸ਼ਹੀਦ ਹੋਇਆ ਸੀ ਤਾਂ ਭਗਤ ਸਿੰਘ ਦੇ ਚਾਚਾ ਜੀ ਸ. ਅਜੀਤ ਸਿੰਘ ਦਾ ਸਾਰਾ ਜੀਵਨ ਜਲਾਵਤਨੀ ਵਿਚ ਦੇਸ਼ ਲਈ ਲੜਦਿਆਂ ਬਤੀਤ ਹੋਇਆ। ਰੂਸੀ ਕਿਸਾਨੀ ਦੀ ਲਹਿਰ ਦੇ ਨਰੋਧਨਿਕ ਆਗੂ ਸਾਇਬੇਰੀਆ ਵਿਚ ਨਿਰਵਾਸਤ ਸਨ ਅਤੇ ਭਾਰਤ (ਵਿਸ਼ੇਸ਼ ਕਰ ਪੰਜਾਬ) ਦੀ ਗਦਰ ਪਾਰਟੀ ਦੇ ਲੋਕ ਅੰਡੇਮਾਨ (ਕਾਲੇ ਪਾਣੀਆਂ) ਵਿਚ ਉਮਰ ਭਰ ਲਈ ਕੈਦ ਸਨ। ਭਗਤ ਸਿੰਘ ਨੂੰ ਕੂਕਾ ਅੰਦੋਲਨ ਅਤੇ ਗਦਰ ਪਾਰਟੀ ਤੋਂ ਬਾਅਦ ਲਾਲਾ ਲਾਜਪਤ ਰਾਏ ਅਤੇ ਸੱਤਿਆਪਾਲ ਦੇ ਮਿਲੀਟੈਂਟ ਕੌਮਵਾਦ ਨੇ ਪ੍ਰਭਾਵਿਤ ਕੀਤਾ ਪਰ ਲੈਨਿਨ ਦੇ ਰੂਸ ਵਿਚ ਜਿਹੜੀ ਮਜ਼ਦੂਰ ਜਮਾਤ ਉਸ ਦੇ ਵੇਲੇ ਉਭਰ ਰਹੀ ਸੀ ਭਗਤ ਸਿੰਘ ਦੇ ਪੰਜਾਬ ਵਿਚ ਉਸ ਸਮੇਂ ਮਜ਼ਦੂਰਾਂ ਜਾਂ ਕਿਸਾਨੀ ਦੀ ਕਿਸੇ ਲਹਿਰ ਦੀ ਅਣਹੋਂਦ ਕਾਰਨ ਹੀ ਭਗਤ ਸਿੰਘ ਤੇ ਰੂਸੀ ਅਰਾਜਕਤਾਵਾਦੀ ਵਿਚਾਰ ਹਾਵੀ ਰਹੇ। ਜਿਹਲ ਜੀਵਨ ਵਿਚ ਕੀਤੇ ਗੰਭੀਰ ਮੁਤਾਲਿਆਂ ਨੇ ਉਸ ਨੂੰ ਪੱਕੀ ਤਰ੍ਹਾਂ ਮਾਰਕਸਵਾਦ ਨਾਲ ਜੋੜ ਦਿੱਤਾ ਸੀ ਜੋ ਉਸ ਦੀਆਂ ਜਿਹਲ ਡਾਇਰੀਆਂ ਅਤੇ ਹੋਰ ਕਾਰਵਾਈਆਂ ਤੋਂ ਪ੍ਰਦਰਸ਼ਿਤ ਹੁੰਦਾ ਹੈ। ਅਜੈ ਘੋਸ਼ ਸ਼ਿਵ ਵਰਮਾ ਪੰਡਿਤ ਕਿਸ਼ੋਰੀ ਲਾਲ ਜਾਂ ਟੀਕਾ ਰਾਮ ਸੁਖਨ ਜਿਹੇ ਭਗਤ ਸਿੰਘ ਜਾਂ ਉਸ ਤੋਂ ਮਗਰਲੇ ਕ੍ਰਾਂਤੀਕਾਰੀਆਂ ਨੇ ਕਮਿਊਨਿਸਟ ਪਾਰਟੀ ਵਿਚ ਹੀ ਆਪਣੇ ਆਪ ਨੂੰ ਸਹੀ ਅਨੁਭਵ ਕੀਤਾ।

ਭਗਤ ਸਿੰਘ ਲਈ ਮਾਰਕਸ ਕੋਈ ਮਿਥਹਾਸਕ ਜੀਅ ਨਹੀਂ ਹੈ ਤੇ ਨਾ ਹੀ ਉਸ ਨੇ ਕੋਈ ਧਾਰਮਿਕ ਅੱਟਲ ਸੱਚਾਈ



Namdhari Elibrary NamdhariElibrary@gmail.com

ਲੱਭੀ ਹੈ। ਫਾਂਸੀ ਦੀ ਕੋਠੜੀ ਤੋਂ ਉਸ ਨੇ ਸੁਖਦੇਵ ਨੂੰ ਇਕ ਖਤ ਵਿਚ ਲਿਖਿਆ।

"ਜੇ ਅਸੀਂ ਮੈਦਾਨ ਵਿਚ ਨਾ ਆਏ ਹੁੰਦੇ, ਤਾਂ ਕੀ ਇਹਦਾ ਭਾਵ ਇਹ ਹੁੰਦਾ ਕਿ ਕੋਈ ਇਨਕਲਾਬੀ ਅਮਲ ਵਾਪਰਦਾ ਹੀ ਨਾ। ਜੇ ਤੁਸੀਂ ਅਜਿਹਾ ਸਮਝਦੇ ਹੋ, ਤੁਸੀਂ ਗ਼ਲਤ ਹੋ। ਇਹ ਠੀਕ ਹੈ ਕਿ ਅਸੀਂ (ਰਾਜਨੀਤਕ) ਮਾਹੌਲ ਬਦਲਣ ਵਿਚ ਵੱਡੀ ਹੱਦ ਤੱਕ ਮੱਦਦ ਦਿੱਤੀ। ਇਹਦੇ ਨਾਲ ਹੀ ਅਸੀਂ ਤਾਂ ਸਾਡੇ ਸਮਿਆਂ ਦੀ ਲੋੜ ਦੀਆਂ ਪੈਦਾਵਾਰਾਂ ਹੀ ਹਾਂ। ਮੈਂ ਤਾਂ ਇਹ ਵੀ ਕਹਾਂਗਾ ਕਿ ਕਮਿਊਨਿਜ਼ਮ ਦਾ ਸਿਰਜਕ ਮਾਰਕਸ ਅਸਲ ਵਿਚ ਇਸ ਵਿਚਾਰਧਾਰਾ ਦਾ ਸਿਰਜਕ ਨਹੀਂ ਸੀ। ਇਹ ਯੂਰਪ ਦਾ ਸਨਅਤੀ ਇਨਕਲਾਬ ਸੀ, ਜਿਹਨੇ ਇਕ ਖਾਸ ਸੋਚਣ-ਢੰਗ ਵਾਲੇ ਬਹੁਤੇ ਸਾਰੇ ਵਿਅਕਤੀ ਪੈਦਾ ਕੀਤੇ। ਮਾਰਕਸ ਇਨ੍ਹਾਂ ਵਿਅਕਤੀਆਂ ਵਿਚੋਂ ਕੇਵਲ ਇਕ ਹੀ ਸੀ। ਆਪਣੀ ਹਾਲਤ ਵਿਚ ਮਾਰਕਸ ਨੇ ਬਿਨਾਂ-ਸ਼ੱਕ ਆਪਣੇ ਸਮੇਂ ਦੀ ਲਹਿਰ ਨੂੰ ਇਕ ਵਿਸ਼ੇਸ਼ ਗਤੀ ਦੇਣ ਵਿਚ ਮਦਦ ਦਿੱਤੀ। ਇਸ ਦੇਸ਼ ਵਿਚ ਸਮਾਜਵਾਦੀ ਜਾਂ ਕਮਿਊਨਿਸਟ ਵਿਚਾਰ ਤੁਸੀਂ ਅਤੇ ਮੈਂ ਪੈਦਾ ਨਹੀਂ ਕੀਤੇ। ਇਹਦੇ ਉਲਟ, ਉਹ ਸਾਡੇ ਉਤੇ, ਸਾਡੇ ਸਮੇਂ ਅਤੇ ਸਾਡੀਆਂ ਹਾਲਤਾਂ ਦੇ ਪ੍ਰਭਾਵ ਦਾ ਸਿੱਟਾ ਹਨ। ਬਿਨਾ ਸ਼ੱਕ ਅਸੀਂ ਇਨ੍ਹਾਂ ਵਿਚਾਰਾਂ ਦੇ ਪ੍ਰਚਾਰ ਵੱਲ, ਸਰਲ ਜਿਹੇ ਅਤੇ ਸਨਿਮਰ ਜਿਹੇ ਢੰਗ ਨਾਲ ਆਪਣੀ ਦੇਣ ਦਿੱਤੀ ਹੈ।[3]

ਆਪਣੇ ਗਹਿਨ ਅਧਿਅਨ ਦੇ ਸਿਰ 'ਤੇ ਹੀ ਭਗਤ ਸਿੰਘ ਦੇ ਇਨਕਲਾਬੀ ਵਿਚਾਰਾਂ ਦੀ ਧਾਰ ਤਿੱਖੀ ਹੁੰਦੀ ਹੈ। "ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਆਰਮੀ" ਦੇ ਐਲਾਨ ਨਾਮੇ ਵਿਚ ਭਗਤ ਸਿੰਘ ਲਿਖਦੇ ਹਨ। ਇਨਕਲਾਬ ਇਕ ਅਜਿਹਾ ਕਰਿਸ਼ਮਾ ਹੈ ਜਿਸ ਨਾਲ ਕੁਦਰਤ ਪ੍ਰੇਮ ਕਰਦੀ ਹੈ ਅਤੇ ਜਿਹਦੇ ਬਿਨਾ ਕੋਈ ਪ੍ਰਗਤੀ ਨਹੀਂ ਹੋ ਸਕਦੀ- ਨਾ ਪ੍ਰਕ੍ਰਿਤੀ ਵਿਚ ਅਤੇ ਨਾ ਹੀ ਇਨਸਾਨੀ ਕਾਰੋਬਾਰ ਵਿਚ। ਇਨਕਲਾਬ ਯਕੀਨਨ ਹੀ ਬਿਨਾਂ ਸੋਚੇ ਸਮਝੇ ਕਤਲਾਂ ਅਤੇ ਅਗਜ਼ਨੀ ਦੀ ਖ਼ੂੰ-ਖਾਰ ਮੁਹਿੰਮ ਨਹੀਂ ਅਤੇ ਨਾਂ ਹੀ ਇਥੇ ਉਹ ਕੁਝ ਬੰਬ ਮਾਰਨੇ ਅਤੇ ਗੋਲੀਆਂ ਚਲਾਉਣਾ ਹੈ ਅਤੇ ਨਾ ਹੀ ਇਹ ਸੱਭਿਅਤਾ ਦੇ ਸਾਰੇ ਨਿਸ਼ਾਨਾਂ ਨੂੰ ਮਿਟਾਉਣਾ ਹੈ, ਅਤੇ ਸਮੇਂ ਅਨੁਸਾਰ ਨਿਆਂ ਅਤੇ ਬਰਾਬਰੀ ਦੇ ਸਿਧਾਤਾਂ ਨੂੰ ਖ਼ਤਮ ਕਰਨਾ ਹੈ। ਇਨਕਲਾਬ ਕੋਈ ਮਾਯੂਸੀ ਤੋਂ ਪੈਦਾ ਹੋਇਆ ਫਲਸਫਾ ਨਹੀਂ ਅਤੇ ਨਾ ਹੀ ਇਹ ਸਿਰਲੱਥਾਂ ਦਾ ਕੋਈ ਸਿਧਾਂਤ ਹੈ। ਇਨਕਲਾਬ ਈਸ਼ਵਰ-ਵਿਰੋਧੀ ਹੋ ਸਕਦਾ ਹੈ ਪਰ ਮਨੁੱਖ ਵਿਰੋਧੀ ਨਹੀਂ। ਇਹ ਇਕ ਪੱਕੀ ਅਤੇ ਜਿਊਂਦੀ ਸ਼ੈਅ ਹੈ। ਨਵੇਂ ਅਤੇ ਪੁਰਾਣੇ ਦੇ, ਜ਼ਿੰਦਗੀ ਅਤੇ ਜਿੰਦਾ ਮੌਤ ਦੇ, ਰੋਸ਼ਨੀ ਅਤੇ ਹਨੇਰੇ ਦੇ ਅੰਦਰੂਨੀ ਦਵੰਦ ਦਾ ਪ੍ਰਗਟਾਵਾ ਹੈ, ਕੋਈ ਸੰਜੋਗ ਨਹੀਂ। ਨਾ ਕੋਈ ਸੰਗੀਤਮਈ ਇਕਸਾਰਤਾ ਹੈ ਅਤੇ ਨਾ ਹੀ ਕੋਈ ਤਾਲ ਹੈ, ਜੋ ਕ੍ਰਾਂਤੀ ਤੋਂ ਬਿਨਾ ਆਈ ਹੋਵੇ। 'ਗੋਲੀਆਂ ਦਾ ਰਾਗ', ਜਿਹਦੇ ਬਾਰੇ ਕਵੀ ਗਾਉਂਦੇ ਆਏ ਹਨ, ਸੱਚਾਈ ਰਹਿਤ ਹੋ ਜਾਵੇਗਾ ਜੇ ਕ੍ਰਾਂਤੀ ਨੂੰ ਸਮੁੱਚੀ ਦ੍ਰਿਸ਼ਟੀ ਵਿਚੋਂ ਹੀ ਖ਼ਤਮ ਕਰ ਦਿੱਤਾ ਜਾਵੇ। ਕ੍ਰਾਂਤੀ ਇਕ ਨੇਮ ਹੈ, ਕ੍ਰਾਂਤੀ ਇਕ ਆਦਰਸ਼ ਹੈ, ਕ੍ਰਾਂਤੀ ਇਕ ਸੱਚ ਹੈ।'[4]

ਆਪਣੀ ਇਕ ਹੋਰ ਪ੍ਰਸਿੱਧ ਲਿਖਤ "ਬੰਬ ਦਾ ਫ਼ਲਸਫਾ" ਵਿਚ ਕ੍ਰਾਂਤੀ ਜਾਂ ਇਨਕਲਾਬ ਤੋਂ ਉਨ੍ਹਾਂ ਦਾ ਕੀ ਮਕਸਦ ਸੀ, ਇਸ ਨੂੰ ਹੋਰ ਸਪੱਸ਼ਟ ਕਰਦੇ ਹਨ। ਕ੍ਰਾਂਤੀਕਾਰੀਆਂ ਦਾ ਵਿਸ਼ਵਾਸ ਹੈ ਕਿ ਦੇਸ਼ ਨੂੰ ਕ੍ਰਾਂਤੀ ਦੁਆਰਾ ਹੀ ਆਜ਼ਾਦੀ ਮਿਲੇਗੀ। ਉਹ ਜਿਸ ਕ੍ਰਾਂਤੀ ਲਈ ਕੋਸ਼ਿਸ਼ ਵਿਚ ਲੱਗੇ ਹਨ, ਜਿਸ ਕ੍ਰਾਂਤੀ ਦਾ ਸਵਰੂਪ ਉਨ੍ਹਾਂ ਦੇ ਸਾਹਮਣੇ ਸਪੱਸ਼ਟ ਹੈ ਉਸ ਦਾ ਅਰਥ ਕੇਵਲ ਇਹ ਨਹੀਂ ਕਿ ਵਿਦੇਸ਼ੀ ਹਾਕਮਾਂ ਅਤੇ ਉਨ੍ਹਾਂ ਦੇ ਪਿੱਠੂਆਂ ਨਾਲ ਇਨਕਲਾਬੀਆਂ ਦਾ ਸਿਰਫ ਹਥਿਆਰਬੰਦ ਟਾਕਰਾ ਹੋਵੇ, ਸਗੋਂ ਇਸ ਹਥਿਆਰਬੰਦ ਟਾਕਰੇ ਦੇ ਨਾਲ ਨਾਲ ਨਵੀਂ ਸਮਾਜਿਕ ਵਿਵਸਥਾ ਦੇ ਦਰ ਦੇਸ਼ ਲਈ ਖੁੱਲ੍ਹ ਜਾਣ। ਇਨਕਲਾਬ, ਸਰਮਾਏਦਾਰੀ, ਵਰਗਵਾਦ ਅਤੇ ਕੁਝ ਕੁ ਲੋਕਾਂ ਨੂੰ ਹੀ ਵਿਸ਼ੇਸ਼ ਅਧਿਕਾਰ ਦਿਵਾਉਣ ਵਾਲੀ ਪ੍ਰਣਾਲੀ ਦਾ ਅੰਤ ਕਰ ਦੇਵੇਗਾ। ਉਹ ਰਾਸ਼ਟਰ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰੇਗਾ ਜਿਸ ਤੋਂ ਨਵੀਨ ਰਾਸ਼ਟਰ ਅਤੇ ਨਵੇਂ ਸਮਾਜ ਦਾ ਜਨਮ ਹੋਵੇਗਾ। ਇਨਕਲਾਬ ਦੀ ਸਭ ਤੋਂ ਵੱਡੀ ਗੱਲ ਇਹੋ ਹੋਵੇਗੀ ਕਿ ਉਹ ਮਜ਼ਦੂਰਾਂ ਕਿਸਾਨਾਂ ਦਾ ਰਾਜ ਕਾਇਮ ਕਰਕੇ ਉਨ੍ਹਾਂ ਸਾਰੇ ਸਮਾਜਿਕ ਤੌਰ 'ਤੇ ਬੇਲੋੜੇ ਤੱਤਾਂ ਨੂੰ ਸਮਾਪਤ ਕਰ ਦੇਵੇਗਾ ਜੋ ਦੇਸ਼ ਦੀ ਸਿਆਸੀ ਤਾਕਤ ਖੋਹੀ ਬੈਠੇ ਹਨ।'[5]

ਮਹਾਤਮਾ ਗਾਂਧੀ ਦੁਆਰਾ ੧੯੨੨ ਈਸਵੀ ਵਿਚ ਚੋਰੀ ਚੋਰਾ ਜ਼ਿਲ੍ਹਾ ਗੋਰਖਪੁਰ ਵਿਚ ਲੋਕਾਂ ਦੀ ਇਕ ਉਗਰ ਭੀੜ ਦੁਆਰਾ ਪੁਲਿਸ ਥਾਣੇ ਨੂੰ ਅੱਗ ਲਾਉਣ ਤੋਂ ਬਾਅਦ, ਅਸਹਿਯੋਗ ਅੰਦੋਲਨ ਜੋ ਸਿਖਰ 'ਤੇ ਸੀ, ਵਾਪਸ ਲਏ ਜਾਣ ਕਾਰਨ ਦੇਸ਼ ਦੇ ਨਵਯੁਵਕਾਂ ਦਾ ਉਨ੍ਹਾਂ ਤੋਂ ਮੋਹ ਭੰਗ ਹੋਣਾ ਸ਼ੁਰੂ ਹੋ ਗਿਆ ਸੀ। ਭਗਤ ਸਿੰਘ, ਭਗਵਤੀ ਚਰਨ ਵੋਹਰਾ ਅਤੇ ਸੁਖਦੇਵ ਜਿਹੇ ਅਨੇਕਾਂ ਵਿਦਿਆਰਥੀਆਂ ਨੇ ਜਿਨ੍ਹਾਂ ਗਾਂਧੀ ਜੀ ਦੇ ਸੱਦੇ 'ਤੇ ਆਪਣੇ ਸਕੂਲ-ਕਾਲਜ ਛੱਡ ਦਿੱਤੇ ਸਨ, ਹੱਕੇ ਬੱਕੇ ਰਹਿ ਗਏ। ਨੌਕਰੀਆਂ ਛੱਡਣ ਵਾਲੇ ਭਾਰਤੀ ਵੀ ਮਾਯੂਸ ਹੋਏ। ਗਾਂਧੀ ਜੀ ਦੇ ਇਸ ਫੈਸਲੇ ਦੀ ਜਦੋਂ ਜਿਹਲਾਂ ਵਿਚ ਡੱਕੇ ਆਗੂਆਂ ਨੇ ਨਿੰਦਾ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਇਕ ਕੈਦੀ "ਨਾਗਰਿਕਤਾ ਦੀ ਨਜ਼ਰ ਤੋਂ ਮਰ ਚੁੱਕਿਆ ਹੁੰਦਾ ਹੈ ਅਤੇ ਉਸ ਨੂੰ ਨੀਤੀ ਦੇ ਮਾਮਲੇ ਵਿਚ ਕੁਝ ਕਹਿਣ ਸੁਣਨ ਦਾ ਅਧਿਕਾਰ ਨਹੀਂ।" ਪ੍ਰੰਤੂ ਗਾਂਧੀ ਜੀ ਤੋਂ ਉਲਟ ਭਗਤ ਸਿੰਘ ਨੇ ਅੰਗਰੇਜ਼ੀ ਅਦਾਲਤਾਂ ਨੂੰ



Namdhari Elibrary NamdhariElibrary@gmail.com

ਆਪਣੇ ਵਿਚਾਰਾਂ ਦੇ ਪ੍ਰਗਟਾਵੇ ਦਾ ਮੰਚ ਬਣਾਇਆ ਅਤੇ ਜਿਹਲ ਵਿਚੋਂ ਦੇਸ਼ ਵਾਸੀਆਂ ਨੂੰ ਉਨ੍ਹਾਂ ਦੀ ਸੱਚੀ ਸੁਆਧੀਨਤਾ ਅਤੇ ਲੁੱਟ ਖਸੁੱਟ ਅਤੇ ਅੱਤਿਆਚਾਰਾਂ ਤੋਂ ਮੁਕਤੀ ਦਾ ਮਾਰਗ ਵਿਖਾਇਆ। ਗਾਂਧੀ ਜੀ ਨੇ ਗਾਂਧੀ ਇਰਵਨ ਪੈਕਟ ਵਿਚ, ੧੯੩੧ ਈ. ਵਿਚ ਭਗਤ ਸਿੰਘ ਤੇ ਸਾਥੀਆਂ ਦੀ ਰਿਹਾਈ ਜਾਂ ਘੱਟੋ ਘੱਟ ਮੌਤ ਦੀ ਸਜ਼ਾ ਨਾ ਦਿੱਤੇ ਜਾਣ ਦੀ ਮੰਗ ਤੋਂ, ਮੂੰਹ ਇਸ ਲਈ ਫੇਰਿਆ ਕਿ ਉਨ੍ਹਾਂ ਨੇ ਹਿੰਸਾ ਕੀਤੀ ਸੀ। ਪਰ ਜਦੋਂ ਪੇਸ਼ਾਵਰ ਦੇ ਕਿੱਸਾ ਖਾਨੀ ਬਾਜ਼ਾਰ ਵਿਚ ਪਠਾਣ ਦੇਸ਼ ਭਗਤਾਂ ਤੇ ੧੯੩੦ ਈ. ਵਿਚ ਚੰਦਨ ਸਿੰਘ ਗੜ੍ਹਵਾਲੀ ਦੀ ਪਲਟਨ ਨੇ ਨਿਹੱਥੇ ਲੋਕਾਂ ਤੇ ਗੋਲੀ ਚਲਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਦਾ ਕੋਰਟ ਮਾਰਸ਼ਲ ਹੋ ਕੇ ਕਾਲੇਪਾਣੀ ਉਮਰ ਕੈਦ ਤੱਕ ਦੀਆਂ ਵਹਿਸ਼ੀ ਸਜ਼ਾਵਾਂ ਦਿੱਤੀਆਂ ਗਈਆਂ। ਹੁਣ ਜਦੋਂ ਗਾਂਧੀ ਜੀ ਨੂੰ ਲੰਦਨ ਵਿਚ ਗੋਲ ਮੇਜ਼ ਕਾਨਫਰੰਸ ਸਮੇਂ ਇਕ ਫਰਾਂਸੀਸੀ ਪੱਤਰਕਾਰ ਨੇ ਪੁੱਛਿਆ ਕਿ ਉਨ੍ਹਾਂ ਨੇ ਗੜ੍ਹਵਾਲੀ ਸਿਪਾਹੀਆਂ ਦੇ ਇਸ ਕੰਮ ਨੂੰ ਪਸੰਦ ਕਿਉਂ ਨਹੀਂ ਕੀਤਾ ਤਾਂ ਗਾਂਧੀ ਜੀ ਦਾ ਜੁਆਬ ਸੀ "ਜੋ ਸਿਪਾਹੀ ਗੋਲੀ ਚਲਾਉਣ ਤੋਂ ਇਨਕਾਰ ਕਰਦਾ ਹੈ, ਉਹ ਆਪਣੀ ਪਰਤੱਗਿਆ ਭੰਗ ਕਰਦਾ ਹੈ ਅਤੇ ਮੁਜਰਿਮਾਨਾ ਹੁਕਮ ਅਦੂਲੀ ਦਾ ਜੁਰਮ ਕਰਦਾ ਹੈ। ਮੈਂ ਅਫਸਰਾਂ ਅਤੇ ਸਿਪਾਹੀਆਂ ਨੂੰ ਹੁਕਮ ਅਦੂਲੀ ਕਰਨ ਲਈ ਨਹੀਂ ਕਹਿ ਸਕਦਾ ਕਿਉਂਕਿ ਜਦੋਂ ਮੇਰੇ ਹੱਥ ਵਿਚ ਤਾਕਤ ਹੋਵੇਗੀ ਤਾਂ ਮੈਨੂੰ ਵੀ ਇਨ੍ਹਾਂ ਅਫਸਰਾਂ ਅਤੇ ਸਿਪਾਹੀਆਂ ਤੋਂ ਕੰਮ ਲੈਣਾ ਪਵੇਗਾ।" ਸ਼ਾਇਦ ਗਾਂਧੀ ਜੀ ਨੂੰ ਇਹ ਪੂਰਵ ਅਭਾਸ ਹੋ ਗਿਆ ਸੀ ਕਿ ਸ਼ੋਸ਼ਣ ਆਧਾਰਿਤ ਢਾਂਚੇ ਨੂੰ ਕਾਇਮ ਰੱਖਣ ਲਈ, ਬਣਨ ਵਾਲੀ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਨੂੰ ਵੀ, ਆਜ਼ਾਦ ਮੁਲਕ ਵਿਚ ਰੋਜ਼ ਹੀ ਦੇਸ਼ ਦੀ ਕਿਸੇ ਨਾ ਕਿਸੇ ਨੁੱਕਰ ਵਿਚ, ਲਾਠੀ ਗੋਲੀ ਦਾ ਸਹਾਰਾ ਲੈਣਾ ਹੀ ਪਵੇਗਾ। ਇਸ ਲਈ ਗਾਂਧੀ ਜੀ ਦਾ ਹਿੰਸਾ-ਅਹਿੰਸਾ ਦਾ ਸਿਧਾਂਤ, ਉਨ੍ਹਾਂ ਦੀ ਲੋੜ ਮੁਤਾਬਿਕ ਕਿਤੇ ਵੀ ਕਿਸੇ ਵੀ ਹਾਲਤ ਵਿਚ ਬੜੇ ਹੀ ਲਚਕੀਲੇ ਢੰਗ ਨਾਲ ਵਰਤਿਆ ਜਾ ਸਕਦਾ ਸੀ।

ਇਹ ਭਗਤ ਸਿੰਘ ਹੀ ਸੀ ਜਿਹਨੇ ਆਪਣੇ ਗਹਿਨ ਚਿੰਤਨ ਅਤੇ ਵਸਤੂ ਜਗਤ ਦੇ ਠੋਸ ਨਿਰੀਖਣ ਦੁਆਰਾ ਇਹ ਮਹਿਸੂਸ ਕਰ ਲਿਆ ਸੀ ਕਿ ਸਾਡੇ ਦੇਸ਼ ਦੇ ਪੂੰਜੀਪਤੀ ਆਗੂਆਂ ਦੁਆਰਾ, ਲੜਿਆ ਜਾ ਰਿਹਾ ਆਜ਼ਾਦੀ ਦਾ ਅੰਦੋਲਨ ਕਿਸੇ ਨਾ ਕਿਸੇ ਸਮਝੌਤੇ ਦੇ ਰੂਪ ਵਿਚ ਖਤਮ ਹੋ ਜਾਵੇਗਾ ਪਰ ਉਹ ਤਾਂ ਇਕ ਇਨਕਲਾਬੀ ਸੀ ਅਤੇ ਆਪਣਾ ਮਨੋਰਥ ਇਉਂ ਪ੍ਰਗਟ ਕਰ ਰਹੇ ਸਨ, ਉਸ ਲੇਖ ਵਿਚ ਜੋ ੨ ਫਰਵਰੀ ੧੯੩੧ ਨੂੰ 'ਇਨਕਲਾਬੀ ਪ੍ਰੋਗਰਾਮ ਦਾ ਮਸੌਦਾ' ਸ਼ੀਰਸ਼ਕ ਹੇਠ ਛਪਿਆ ਸੀ— "ਕ੍ਰਾਂਤੀ ਤੋਂ ਸਾਡੀ ਕੀ ਆਸ਼ਾ ਹੈ, ਇਹ ਸਪੱਸ਼ਟ ਹੈ। ਇਸ ਸਦੀ ਵਿਚ ਇਹਦਾ ਸਿਰਫ ਇਕ ਹੀ ਅਰਥ ਹੋ ਸਕਦਾ ਹੈ— ਜਨਤਾ ਦੇ ਲਈ, ਜਨਤਾ ਦਾ ਸਿਆਸੀ ਤਾਕਤ ਹਾਸਲ ਕਰਨਾ। ਹਕੀਕਤ ਵਿਚ ਇਹੀ ਹੈ — 'ਕ੍ਰਾਂਤੀ', ਬਾਕੀ ਸਾਰੇ ਵਿਦਰੋਹ ਤਾਂ ਸਿਰਫ ਮਾਲਕਾਂ ਦੀ ਤਬਦੀਲੀ ਦੁਆਰਾ ਸਰਮਾਏਦਾਰੀ ਸੜ੍ਹਿਆਂਦ ਨੂੰ ਹੀ ਅੱਗੇ ਵਧਾਉਂਦੇ ਹਨ। ਕਿਸੇ ਵੀ ਹੱਦ ਤੱਕ ਲੋਕਾਂ ਜਾਂ ਉਨ੍ਹਾਂ ਦੇ ਨਿਸ਼ਾਨਿਆਂ ਪ੍ਰਤੀ ਜਤਾਈ ਹਮਦਰਦੀ ਰਾਹੀਂ, ਜਨਤਾ ਤੋਂ ਹਕੀਕਤ ਨਹੀਂ ਛਿਪਾਈ ਜਾ ਸਕਦੀ, ਲੋਕ ਛਲ ਨੂੰ ਪਛਾਣਦੇ ਹਨ। ਭਾਰਤ ਵਿਚ ਅਸੀਂ ਭਾਰਤੀ ਕਾਮੇ ਦੀ ਹਕੂਮਤ ਤੋਂ ਘੱਟ ਕੁਝ ਨਹੀਂ ਚਾਹੁੰਦੇ ਹਾਂ। ਭਾਰਤੀ ਕਾਮਿਆਂ ਨੇ—ਭਾਰਤ ਵਿਚ ਸਾਮਰਾਜਵਾਦੀਆਂ ਅਤੇ ਉਸੇ ਸ਼ੋਸ਼ਣ ਆਧਾਰਿਤ ਆਰਥਿਕ ਵਿਵਸਥਾ ਦੇ ਪੈਰੋਕਾਰ, ਉਨ੍ਹਾਂ ਦੇ ਇਮਦਾਦੀਆਂ ਨੂੰ ਹਟਾ ਕੇ ਅੱਗੇ ਆਉਣਾ ਹੈ। ਅਸੀਂ ਗੋਰੀ ਬੁਰਿਆਈ ਦੀ ਜਗ੍ਹਾ ਤੇ ਕਾਲੀ ਬੁਰਿਆਈ ਨੂੰ ਲਿਆ ਕੇ ਫਿਰ ਬਿਪਤਾ ਨਹੀਂ ਭਾਗਣੀ ਚਾਹੁੰਦੇ। ਬੁਰਿਆਈਆਂ ਇਕ ਸੁਆਰਥੀ ਸਮੂਹ ਦੀ ਤਰ੍ਹਾਂ ਕਿ ਦੂਜੀ ਦਾ ਸਥਾਨ ਲੈਣ ਲਈ ਤਿਆਰ ਹਨ।"[6]

ਭਗਤ ਸਿੰਘ ਅੱਗੇ ਚੱਲ ਕੇ ਉਸੇ ਲੇਖ ਵਿਚ ਲਿਖਦੇ ਹਨ—"ਭਾਰਤ ਸਰਕਾਰ ਦਾ ਪ੍ਰਮੁੱਖ, ਲਾਰਡ ਰੀਡਿੰਗ ਦੀ ਜਗਹ ਜੇ ਸਰ ਪੁਰਸ਼ੋਤਮ ਦਾਸ ਠਾਕੁਰ ਦਾਸ ਹੋਵੇ ਤਾਂ ਉਨ੍ਹਾਂ (ਜਨਤਾ) ਨੂੰ ਇਸ ਨਾਲ ਕੀ ਫ਼ਰਕ ਪੈਂਦਾ ਹੈ ? ਇਕ ਕਿਸਾਨ ਨੂੰ ਇਸ ਨਾਲ ਕੀ ਫਰਕ ਪੈਂਦਾ ਹੈ ਜੇ ਲਾਰਡ ਇਰਵਿਨ ਦੀ ਜਗ੍ਹਾ ਤੇਜ ਬਹਾਦੁਰ ਸਪਰੂ ਆ ਜਾਵੇ ? .... ਇਨਕਲਾਬ ਦਾ ਅਰਥ ਮੌਜੂਦਾ ਸਮਾਜਿਕ ਢਾਂਚੇ ਵਿਚ ਮੁਕੰਮਲ ਤਬਦੀਲੀ ਹਾਸਿਲ ਕਰਨਾ............। ਸਾਡਾ ਮਤਲਬ ਜਨਤਾ ਦੀ ਆਰਥਿਕ ਆਜ਼ਾਦੀ ਤੋਂ ਹੈ ਤੇ ਇਸੇ ਲਈ ਅਸੀਂ ਸਿਆਸੀ ਤਾਕਤ ਹਾਸਲ ਕਰਨਾ ਚਾਹੁੰਦੇ ਹਾਂ।

ਭਗਤ ਸਿੰਘ ਦਾ ਸ਼ੋਸ਼ਣ ਮੁਕਤ ਸਮਾਜਿਕ ਆਰਥਿਕ ਵਿਵਸਥਾ ਦੀ ਸਥਾਪਨਾ ਦੁਆਰਾ ਹੀ, ਮਿਹਨਤਕਸ਼ ਅਵਾਮ ਦੇ ਤਮਾਮ ਮਾਮਲੇ ਹੱਲ ਹੋਣ ਵਿਚ ਅਡਿੱਗ ਭਰੋਸਾ ਸੀ। ਉਹ ਬੁਰਜੁਆ ਜਮਹੂਰੀਅਤ ਦੀ ਥਾਂ ਸਮਾਜਵਾਦੀ ਜਮਹੂਰੀਅਤ ਦਾ ਕੱਟੜ ਅਲੰਬਰਦਾਰ ਸੀ। ਇਸੇ ਲਈ ਆਪਣੀ ਫਾਂਸੀ ਤੋਂ ਸਿਰਫ ਤਿੰਨ ਦਿਨ ਪਹਿਲਾਂ ਹੀ ੨੦ ਮਾਰਚ ੧੯੩੧ ਨੂੰ ਪੰਜਾਬ ਦੇ ਗਵਰਨਰ ਦੇ ਨਾਂ ਕਿ ਪੱਤਰ ਵਿਚ ਭਗਤ ਸਿੰਘ ਨੇ ਲਿਖਿਆ———–" ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਜੰਗ ਜਾਰੀ ਹੈ ਅਤੇ ਇਹ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਭਾਰਤੀ ਕਿਸਾਨ ਅਤੇ ਇਥੋਂ ਦੇ ਕੁਦਰਤੀ ਸੰਸਾਧਨਾਂ ਦੀ ਲੁੱਟ ਖਸੁੱਟ ਮੁੱਠੀ ਭਰ ਜੋਕਾਂ ਦੁਆਰਾ ਕੀਤੀ ਜਾਂਦੀ ਰਹੇਗੀ। ਇਸ



Namdhari Elibrary NamdhariElibrary@gmail.com

ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਲੁੱਟ ਖਸੁੱਟ ਅੰਗਰੇਜ਼ ਅਤੇ ਭਾਰਤੀ ਨੌਕਰਸ਼ਾਹੀ ਜਾਂ ਸਿਰਫ ਭਾਰਤੀ ਨੌਕਰਸ਼ਾਹੀ ਕਰਦੀ ਹੈ। ਜੇ ਤੁਹਾਡੀ ਸਰਕਾਰ ਕੁਝ ਮਾਮੂਲੀ ਰਿਆਇਤਾਂ ਅਤੇ ਸਮਝੌਤਿਆਂ ਦੇ ਜ਼ਰੀਏ ਭਾਰਤੀ ਆਗੂਆਂ ਨੂੰ ਲਭਾਉਣ ਦਾ ਯਤਨ ਕਰਦੀ ਹੈ ਅਤੇ ਸਫਲ ਵੀ ਹੋ ਜਾਂਦੀ ਹੈ ਜਿਸ ਕਾਰਨ ਸੰਘਰਸ਼ ਕਰ ਰਹੀਆਂ ਮੁੱਖ ਤਾਕਤਾਂ ਨੂੰ ਥੋਹੜਾ ਸਮਾਂ ਨਿਰਾਸ਼ ਹੋਣਾ ਪਵੇਗਾ ਤਾਂ ਵੀ ਕੋਈ ਗੱਲ ਨਹੀਂ। ਇਹਦੇ ਨਾਲ ਕੋਈ ਫਰਕ ਨਹੀਂ ਪੈਂਦਾ ਜੇ ਫਿਰ ਇਕ ਵਾਰ ਭਾਰਤੀ ਅੰਦੋਲਨ, ਕ੍ਰਾਂਤੀਕਾਰੀ ਪਾਰਟੀ ਸੰਘਰਸ਼ ਦੀ ਘੜੀ ਵਿਚ ਪਿੱਛੇ ਹਟ ਜਾਏ.... ਜੰਗ ਜਾਰੀ ਰਹੇਗੀ। ਇਹ ਲੜਾਈ ਨਵੇਂ ਜੋਸ਼, ਨਵੀਂ ਤਾਕਤ ਅਤੇ ਨਵੀਂ ਮਜ਼ਬੂਤੀ ਨਾਲ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਕਿ ਸਮਾਜਵਾਦੀ ਜਮਹੂਰੀਅਤ ਦੀ ਸਥਾਪਨਾ ਨਹੀਂ ਹੋ ਜਾਂਦੀ ਅਤੇ ਮੌਜੂਦਾ ਸਮਾਜ ਵਿਵਸਥਾ ਨੂੰ ਪੂਰੀ ਤਰ੍ਹਾਂ ਬਦਲ ਕੇ 'ਸਰਵੇ ਭਵੰਤੁ ਸੁਖਿਨ' 'ਤੇ ਅਧਾਰਿਤ ਨਵੀਂ ਸਮਾਜ ਵਿਵਸਥਾ ਦਾ ਆਗਮਨ ਨਹੀਂ ਹੋ ਜਾਂਦਾ, ਜਿਹਦੇ ਵਿਚ ਹਰ ਤਰ੍ਹਾਂ ਦੇ ਸ਼ੋਸ਼ਣ ਦਾ ਖ਼ਾਤਮਾ ਹੋ ਜਾਵੇਗਾ ਅਤੇ ਮਾਨਵਤਾ ਸਹੀ ਮਾਅਨਿਆਂ ਵਿਚ ਸਦੀਵੀ ਅਮਨ ਦੇ ਯੁਗ ਵਿਚ ਦਾਖਲ ਹੋਵੇਗੀ। ਪੂੰਜੀਵਾਦ ਅਤੇ ਸਾਮਰਾਜਵਾਦ ਹੁਣ ਚੰਦ ਦਿਨਾਂ ਦੇ ਹੀ ਮਹਿਮਾਨ ਹਨ। ਇਹ ਲੜਾਈ ਨਾਂ ਤੇ ਅਸੀਂ ਸ਼ੁਰੂ ਕੀਤੀ ਸੀ ਅਤੇ ਨਾ ਹੀ ਇਹ ਸਾਡੀ ਜ਼ਿੰਦਗੀ ਦੇ ਨਾਲ ਖਤਮ ਹੋ ਜਾਵੇਗੀ। ਇਹ ਤਾਂ ਇਤਿਹਾਸ ਦੀਆਂ ਘਟਨਾਵਾਂ ਅਤੇ ਵਰਤਮਾਨ ਹਾਲਤਾਂ ਦਾ ਲਾਜ਼ਮੀ ਨਤੀਜਾ ਹੈ। ਸਾਡਾ ਨਿਮਾਣਾ ਬਲੀਦਾਨ ਉਸ ਲੜੀ ਦੀ ਇਕ ਕੜੀ ਹੀ ਹੋਵੇਗਾ, ਜਿਸ ਨੂੰ ਜਤਿਨ ਦਾਸ ਦੇ ਅਪੂਰਵ ਬਲੀਦਾਨ, ਕਾਮਰੇਡ ਭਗਵਤੀ ਚਰਨ ਵਰਮਾ ਦੀ ਦੁਖਦਾਈ ਪਰ ਮਹਾਨ ਸ਼ਹਾਦਤ ਅਤੇ ਸਾਡੇ ਵੀਰ ਯੋਧਾ ਆਜ਼ਾਦ ਦੀ ਗੌਰਵਪੂਰਣ ਮੌਤ ਨੇ ਖ਼ੂਬਸੂਰਤ ਬਣਾਇਆ ਹੈ।

ਵਿਗਿਆਨਕ ਸਮਾਜਵਾਦ ਦੇ ਮਹਾਨ ਸਿਧਾਂਤਾਂ ਨੂੰ, ਡੂੰਘੇ ਅਧਿਅਨ ਬਾਦ ਆਪਣੇ ਜੀਵਨ ਵਿਚ ਉਤਾਰਨ ਸਦਕਾ ਭਗਤ ਸਿੰਘ ਦਾ ਜੀਵਨ ਦੇ ਹਰ ਪਹਿਲੂ ਬਾਰੇ ਸੋਚ ਵਿਚਾਰ ਕਿਸ ਤਰ੍ਹਾਂ ਬਦਲ ਗਿਆ ਸੀ ਲਿਖਦੀ ਹੈ, ਭਗਤ ਸਿੰਘ ਦੀ ਭਤੀਜੀ, ਸ੍ਰੀਮਤੀ ਵੀਰੇਂਦਰ ਸਿੱਧੂ—ਆਪਣੀ ਪੁਸਤਕ 'ਯੁਗ ਦਰਿਸ਼ਟਾ ਭਗਤ ਸਿੰਘ' ਵਿਚ —'ਭਾਰਤੀ ਗਦਰ ਅੰਦੋਲਨ ਦੇ ਨੇਤਾ ਅਤੇ ਅਮਰੀਕਾ ਵਿਚ ਬਣੀ ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਨੇ ਇਕ ਦਿਨ ਭਗਤ ਸਿੰਘ ਨੂੰ ਪੁੱਛਿਆ, "ਭਗਤ ਸਿੰਘ! ਤੁਹਾਡੇ ਕੋਈ ਰਿਸ਼ਤੇਦਾਰ ਮਿਲਣ ਨਹੀਂ ਆਏ ?" ਭਗਤ ਸਿੰਘ ਨੇ ਕਿਹਾ, "ਬਾਬਾ ਜੀ, ਮੇਰਾ ਖੂਨ ਦਾ ਰਿਸ਼ਤਾ ਤਾਂ ਸ਼ਹੀਦਾਂ ਦੇ ਨਾਲ ਹੈ ਜਿਵੇਂ ਖੁਦੀ ਰਾਮ ਬੋਸ ਅਤੇ ਕਰਤਾਰ ਸਿੰਘ ਸਰਾਭਾ ਦੇ ਨਾਲ। ਅਸੀਂ ਇਕੋ ਲਹੂ ਦੇ ਬਣੇ ਹਾਂ। ਸਾਡਾ ਖ਼ੂਨ ਇਕੋ ਜਗ੍ਹਾ ਤੋਂ ਆਇਆ ਹੈ ਤੇ ਇਕੋ ਜਗ੍ਹਾ ਤੇ ਹੀ ਜਾ ਰਿਹਾ ਹੈ। ਦੂਜਾ ਰਿਸ਼ਤਾ ਆਪ ਲੋਕਾਂ ਨਾਲ ਹੈ, ਜਿਨ੍ਹਾਂ ਸਾਨੂੰ ਪ੍ਰੇਰਣਾ ਦਿੱਤੀ ਅਤੇ ਜਿਨ੍ਹਾਂ ਨਾਲ ਕਾਲ ਕੋਠੜੀਆਂ ਵਿਚ ਅਸਾਂ ਪਸੀਨਾ ਬਹਾਇਆ ਹੈ ਤੀਜੇ ਰਿਸ਼ਤੇਦਾਰ ਉਹ ਹੋਣਗੇ, ਜੋ ਇਸ ਖੂਨ ਪਸੀਨੇ ਨਾਲ ਤਿਆਰ ਹੋਈ ਜ਼ਮੀਨ ਵਿਚ ਨਵੀਂ ਪੀੜ੍ਹੀ ਦੇ ਰੂਪ ਵਿਚ ਪੈਦਾ ਹੋਣਗੇ ਅਤੇ ਇਸ ਮਿਸ਼ਨ ਨੂੰ ਅੱਗੇ ਵਧਾਉਣਗੇ। ਇਨ੍ਹਾਂ ਤੋਂ ਇਲਾਵਾ ਕਿਹੜਾ ਰਿਸ਼ਤੇਦਾਰ ਹੈ ਆਪਣਾ ਬਾਬਾ ਜੀ! ਹੁਣ ਭਗਤ ਸਿੰਘ ਦੀਆਂ ਆਸ਼ਾਵਾਂ ਅਤੇ ਉਮੀਦਾਂ ਦੇ ਉਹਨਾਂ ਦੇ ਵਾਰਿਸ ਕੌਣ ਬਣਨਗੇ ? ਇਸ ਪ੍ਰਸ਼ਨ ਬਾਰੇ ਪਾਠਕ ਖੁਦ ਹੀ ਸੋਚਣ।[7]

ਬਾਬਾ ਸੋਹਣ ਸਿੰਘ ਭਕਨਾ, ਜੋ ਭਗਤ ਸਿੰਘ ਦੇ ਪ੍ਰੇਰਣਾ ਸਰੋਤ ਬਣੇ, ਉਨ੍ਹਾਂ ਦੇ ਪ੍ਰੇਰਣਾ ਸਰੋਤ ਸਨ, ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ, ਬਾਬਾ ਕੇਸਰ ਸਿੰਘ ਜੀ ਮੁਹਾਵੇ ਵਾਲੇ ਜਿਨ੍ਹਾਂ ਨੂੰ ਠਾਕੁਰ ਜੀ ਭੀ ਕਿਹਾ ਜਾਂਦਾ ਸੀ।[8] ਸੋਹਣ ਸਿੰਘ ਭਕਨਾ ੧੮੯੬ ਤੋਂ ੧੯੦੯ ਈ. ਤੱਕ ਬਾਬਾ ਜੀ ਦੀ ਸੰਗਤ ਵਿਚ ਆ ਕੇ ਮੁਕੰਮਲ ਤੌਰ 'ਤੇ ਬਦਲ ਵੀ ਚੁੱਕਾ ਸੀ ਅਤੇ ਜਾਗ੍ਰਿਤ ਅਵਸਥਾ ਵਿਚ ਵੀ ਆ ਗਿਆ ਸੀ। ਜਦੋਂ ਦੇਸ਼ ਵਾਪਸੀ ਸਮੇਂ ਉਹ ਜਹਾਜ਼ੋਂ ਉਤਰਦਾ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤਾਂ ਉਸ ਦੇ ਪੁਰਾਣੇ ਨਾਮਧਾਰੀ ਸਬੰਧਾਂ ਕਾਰਨ ਸੀ ਆਈ. ਡੀ. ਵਾਲੇ ਉਹਨੂੰ ਧਮਕਾਉਂਦੇ ਰਹਿੰਦੇ ਸਨ ਕਿ ਜੇ ਤੂੰ ਮੂੰਹ ਨਾ ਖੋਲ੍ਹਿਆ ਤਾਂ ਕੂਕਿਆਂ ਜਿਉਂ ਤੋਪ ਨਾਲ ਉਡਾਏ ਜਾਣ ਲਈ ਤਿਆਰ ਹੋ ਜਾ। ਸ਼ਹੀਦ ਭਗਤ ਸਿੰਘ ਆਪਣੇ ਪਿਤਾ ਕਿਸ਼ਨ ਸਿੰਘ ਨਾਲ ਦੁਆਬਾ ਦੇ ਮਸ਼ਹੂਰ ਪਿੰਡ ਮੁਠੱਡਾ ਕਲਾਂ ਵਿਚ, ਮਲੇਰ ਕੋਟਲੇ ਦੇ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਹੋਏ ਪਹਿਲੇ ਦੀਵਾਨ, ੧੭-੧੮-੧੯ ਜਨਵਰੀ ੧੯੨੧ ਈ. ਵਿਚ ਤਦੋਂਕੇ ਪੰਜਾਬ ਦੇ ਚੋਟੀ ਦੇ ਆਗੂਆਂ ਸਮੇਤ ਸ਼ਾਮਿਲ ਹੋਏ ਸਨ। ਇਹ ਮੇਲਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ ਸੀ।[9] ਸ਼ਹੀਦ ਭਗਤ ਸਿੰਘ ਦਾ ਬਚਪਨ ਅਤੇ ਜੁਆਨੀ ਲਹੌਰ ਸ਼ਹਿਰ ਵਿਖੇ ਬਤੀਤ ਹੋਏ। ਲਹੌਰ ਨਾਮਧਾਰੀ ਪ੍ਰਚਾਰ ਅਤੇ ਸਰਗਰਮੀਆਂ ਦਾ ਗੜ੍ਹ ਸੀ ਜਿਥੇ ਮਹਾਰਾਜ ਗੁਰਦਿਆਲ ਸਿੰਘ, ਮਹਾਰਾਜ ਨਿਹਾਲ ਸਿੰਘ (ਦੋਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਭਾਈ), ਸੰਤ ਨਿਧਾਨ ਸਿੰਘ ਆਲਮ, ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ ਆਦਿ ਨਾਮਧਾਰੀ ਵਿਦਵਾਨਾਂ ਅਤੇ ਪਰਚਾਰਕਾਂ ਦਾ ਤੋਰਾ ਫੇਰਾ ਰਹਿੰਦਾ ਸੀ। ਸ਼ਹੀਦ ਭਗਤ ਸਿੰਘ ਦੀ ਮਾਤਾ ਵਿਦਿਆਵਤੀ ਰੋਜ਼ ਚੰਡੀ ਦੀ ਵਾਰ ਦਾ ਪਾਠ ਕਰਿਆ ਕਰਦੀ ਸੀ। ਉਸ ਸਮੇਂ ਚੰਡੀ ਦੀ ਵਾਰ ਦਾ ਪਾਠ ਜ਼ਿਆਦਾਤਰ ਸਤਿਗੁਰੂ



Namdhari Elibrary NamdhariElibrary@gmail.com

ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸਿੰਘ ਹੀ ਕਰਿਆ ਕਰਦੇ ਸਨ। ਭਗਤ ਸਿੰਘ ਦਾ ਪਰਿਵਾਰ ਦੁਆਬੇ ਤੋਂ ਲਾਇਲਪੁਰ ਦੀ ਬਾਰ ਅਤੇ ਫਿਰ ਲਹੌਰ ਸ਼ਹਿਰ ਵਿਚ ਆ ਰਹੇ ਸਨ। ਦੁਆਬਾ ਵੀ ਦੇਸ਼ਭਗਤ ਨਾਮਧਾਰੀਆਂ ਦੀਆਂ ਸਰਗਰਮੀਆਂ ਵਾਲਾ ਉੱਘਾ ਖਿੱਤਾ ਸੀ ਜਿਸ ਨੇ ਫਿਰ ਗਦਰ ਪਾਰਟੀ ਅਤੇ ਬੱਬਰ ਅਕਾਲੀ ਤਹਿਰੀਕ ਵਿਚ ਭਰਵਾਂ ਹਿੱਸਾ ਲਿਆ। ਸ਼ਹੀਦ ਭਗਤ ਸਿੰਘ ਹੋਰਾਂ ਦੀ ਸ਼ਹਾਦਤ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਦੇਸ਼ ਅਨੁਸਾਰ ਨਾਮਧਾਰੀ ਪ੍ਰਚਾਰਕ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਪੂਰੇ ਛੇ ਮਹੀਨੇ ਸਰਦਾਰ ਕਿਸ਼ਨ ਸਿੰਘ ਹੋਰਾਂ ਦੇ ਨਾਲ ਰਹੇ। ਸ. ਕਿਸ਼ਨ ਸਿੰਘ ਅਕਸਰ ਸ੍ਰੀ ਭੈਣੀ ਸਾਹਿਬ ਆਇਆ ਜਾਇਆ ਕਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਅੰਦੋਲਨ ਤੋਂ ਗ੍ਰਹਿਣ ਕਰਨ ਵਾਲੇ ਪ੍ਰਭਾਵ ਦਾ ਅੰਦਾਜ਼ਾ ਇਲਾਹਾਬਾਦ ਤੋਂ ਛਪਣ ਵਾਲੇ ਹਿੰਦੀ ਮਾਸਿਕ 'ਪੱਤਰ ਮਹਾਂਰਥੀ' ਦੇ ਫਰਵਰੀ ਅਤੇ ਮਾਰਚ ੧੯੨੮ ਦੇ ਦੋ ਕਿਸ਼ਤਾਂ ਵਿਚ ਛੱਪਣ ਵਾਲੇ ਭਗਤ ਸਿੰਘ ਦੇ ਲੇਖ "ਪੰਜਾਬ ਮੇਂ ਵਿਰਾਟ ਵਿਪਲਵ ਕਾ ਪ੍ਰਥਮ ਆਯੋਜਨ' ਵਿਚੋਂ ਲਾਇਆ ਜਾ ਸਕਦਾ ਹੈ, ਜੋ ਉਸ ਨੇ ਬੀ. ਐਸ. ਸਿੱਧੂ ਦੇ ਨਾਂਅ ਹੇਠ ਲਿਖਿਆ। ਇਸੇ ਸਮੇਂ ਅੰਮ੍ਰਿਤਸਰ ਤੋਂ ਛਪਣ ਵਾਲੇ ਕਿਰਤੀ ਰਸਾਲੇ ਵਿਚ ਵੀ ਪੰਜਾਬੀ ਵਿਚ ਭਗਤ ਸਿੰਘ ਨੇ ਨਾਮਧਾਰੀ ਜਾਂ ਕੂਕਾ ਅੰਦੋਲਨ ਬਾਰੇ ਲਿਖਿਆ।

ਇਸ ਲੇਖ ਦਾ ਸਿਰਲੇਖ "ਪੰਜਾਬ ਮੇਂ ਵਿਰਾਟ ਵਿਪਲਵ ਦਾ ਪ੍ਰਥਮ ਆਯੋਜਨ ਕੂਕਾ-ਵਿਦਰੋਹ ਦਾ ਇਤਿਹਾਸ" ਹੀ ਇਸ ਗੱਲ ਨੂੰ ਸਪੱਸ਼ਟ ਕਰਦਾ ਹੈ ਕਿ ਭਗਤ ਸਿੰਘ ਉਸ ਸਮੇਂ ਦੇ ਆਮ ਪੜ੍ਹਿਆਂ-ਲਿਖਿਆਂ ਜਾਂ ਕੂਕਿਆਂ ਬਾਰੇ ਥੋੜ੍ਹਾ ਬਹੁਤ ਜਾਨਣ ਵਾਲਿਆਂ ਦੇ ਉਲਟ, ਇਸ ਤਹਿਰੀਕ ਦੇ ਮੰਤਕੀ ਨਤੀਜੇ ਬ੍ਰਿਟਿਸ਼ ਬਸਤੀਵਾਦੀ ਸਰਕਾਰ ਦੀਆਂ ਸਫਾ ਵਲੇਟਣ ਲਈ-ਕੂਕਿਆਂ ਦੀਆਂ ਸੁਚੇਤ ਕਾਰਵਾਈਆਂ ਪ੍ਰਤੀ ਬੜਾ ਸਪੱਸ਼ਟ ਸੀ। "ਵਿਰਾਟ ਵਿਪਲਵ" ਬਹੁਤ ਵੱਡੀ ਪੱਧਰ ਤੇ ਬਗਾਵਤ, ਸ਼ਬਦ ਹੀ ਐਨ ਨਿਸ਼ਾਨੇ 'ਤੇ ਪੁੱਜ ਜਾਂਦਾ ਹੈ। ਪਹਿਲੇ ਪਹਿਰੇ ਵਿਚ ਹੀ ਭਗਤ ਸਿੰਘ ਇਹ ਲੇਖ ਲਿਖਣ ਪ੍ਰਤੀ ਆਪਣਾ ਮਨੋਰਥ ਵੀ ਸਪੱਸ਼ਟ ਕਰ ਦਿੰਦਾ ਹੈ ਅਤੇ ਸਾਰੇ ਅੰਦੋਲਨ ਦਾ ਜਿਨ੍ਹਾਂ ਘਟਨਾਵਾਂ ਕਰਕੇ, ਵਾਂਛਿਤ ਪਰਿਣਾਮ ਸਾਹਮਣੇ ਨਹੀਂ ਆ ਸਕਿਆ, ਉਸ 'ਤੇ ਵੀ ਆਪਣੀ ਟਿੱਪਣੀ ਕਰ ਦਿੰਦਾ ਹੈ—

"ਸਿੱਖਾਂ ਵਿਚ ਇਕ ਉਪ ਫਿਰਕਾ ਹੈ, ਜੋ ਨਾਮਧਾਰੀ ਜਾਂ ਕੂਕਾ ਅਖਵਾਉਂਦਾ ਹੈ। ਇਹ ਦਾ ਇਤਿਹਾਸ ਕੋਈ ਬਹੁਤਾ ਪੁਰਾਣਾ ਨਹੀਂ। ਪਿਛਲੇ ਸਦੀ ਦੇ ਅੱਧ ਤੋਂ ਬਾਅਦ ਇਹਦਾ ਆਰੰਭ ਹੋਇਆ ਸੀ। ਇਹਦੇ ਬਾਨੀ ਸ੍ਰੀ ਗੁਰੂ ਰਾਮ ਸਿੰਘ ਜੀ ਇਕ ਕੱਟੜ ਇਨਕਲਾਬੀ ਸਨ। ਇਕ ਮਸ਼ਹੂਰ ਭਗਤ, ਸਮਾਜ ਦੇ ਦੋਸ਼ ਤੱਕ ਕੇ ਇਕ ਵਿਦਰੋਹੀ ਸਮਾਜ ਸੁਧਾਰਕ ਬਣ ਗਏ ਅਤੇ ਇਕ ਸੱਚੇ ਸਮਾਜ ਸੁਧਾਰਕ ਵਾਂਗ ਜਦੋਂ ਉਹ ਕਰਮ ਖੇਤਰ ਵਿਚ ਅਗਾਂਹ ਨਿੱਤਰੇ ਤਾਂ ਉਨ੍ਹਾਂ ਵੇਖਿਆ ਕਿ ਦੇਸ਼ ਦੀ ਉਨਤੀ ਲਈ, ਗੁਲਾਮੀ ਦੀਆਂ ਬੇੜੀਆਂ ਨੂੰ ਕੱਟਣਾ ਸਭ ਤੋਂ ਜ਼ਰੂਰੀ ਹੈ। ਵਿਦੇਸ਼ੀ ਰਾਜ ਵਿਰੁੱਧ ਇਨਕਲਾਬ ਦੀ ਤਿਆਰੀ ਵਸੀਹ ਪੈਮਾਨੇ ਉਤੇ ਕੀਤੀ। ਉਸ ਦੀ ਤਿਆਰੀ ਦੇ ਦੌਰਾਨ ਹੀ ਜੋ ਕੁਝ ਝਗੜਾ ਫਸਾਦ ਹੋ ਗਿਆ, ਉਸ ਤੋਂ ਹਾਕਮਾਂ ਨੂੰ ਲਹਿਰ ਨੂੰ ਕੁਚਲਣ ਦਾ ਚੰਗਾ ਮੌਕਾ ਮਿਲ ਗਿਆ ਅਤੇ ਨਿਸਫਲਤਾ ਤੋਂ ਬਿਨਾ ਹੋਰ ਕੋਈ ਸਿੱਟਾ ਨਾ ਨਿਕਲ ਸਕਿਆ।[10]

ਸ੍ਰੀ ਸਤਿਗੁਰੂ ਰਾਮ ਸਿੰਘ ਦੁਆਰਾ ਚੇਤ (ਮਾਰਚ-ਅਪ੍ਰੈਲ) ੧੯੭੨ ਈ. ਵਿਚ ਵੱਡੇ ਪੱਧਰ 'ਤੇ ਇਨਕਲਾਬ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਸਨ, ਜਿਨ੍ਹਾਂ ਦਾ ਸਬੂਤ ਇਸ ਗੱਲ ਤੋਂ ਮਿਲਦਾ ਸੀ ਕਿ ਸਮੂਹ ਨਾਮਧਾਰੀ ਸਿੰਘਾਂ ਨੂੰ ਨਵੀਆਂ ਉਸਾਰੀਆਂ ਨਾ ਕਰਨ ਲਈ ਕਿਹਾ ਗਿਆ ਸੀ। ਜ਼ਮੀਨ ਜਾਇਦਾਦ ਦਾ ਨਕਦ ਪੈਸਾ ਆਪਣੇ ਹੱਥਾਂ ਹੇਠ ਰੱਖਣ ਲਈ ਕਿਹਾ ਗਿਆ ਸੀ। ਮਲੇਰਕੋਟਲੇ ਕਾਂਡ ਦਾ ਮੁੱਖ ਕਾਰਨ ਲੰਬੜਦਾਰ ਗੁਰਮੁਖ ਸਿੰਘ ਪਿੰਡ ਫਰਵਾਹੀ ਵਾਲਾ ਅਤੇ ਹੋਰ ਬਹੁਤ ਸਾਰੇ ਕੂਕੇ ਇਸੇ ਹਦਾਇਤ ਮੁਤਾਬਿਕ ਜ਼ਮੀਨਾਂ ਵੇਚ ਕੇ ਪੈਸੇ ਵੱਟ ਚੁੱਕੇ ਸਨ। ਪ੍ਰੰਤੂ ਮਲੇਰਕੋਟਲੇ ਦੇ ਬੁੱਚੜਾਂ ਤੇ ਜਨਵਰੀ ੧੯੭੨ ਈ. ਵਿਚ ਕੂਕੇ ਮਸਤਾਨਿਆਂ ਦੇ ਦਲ ਦੁਆਰਾ, ਸਤਿਗੁਰੂ ਜੀ ਦੇ ਹੁਕਮਾਂ ਦੀ ਅਵਹੇਲਣਾ ਕਰਕੇ ਕੀਤੇ ਗਏ ਹਮਲੇ ਦੁਆਰਾ, ਕਵੀ ਹਰਨਾਮ ਸਿੰਘ ਦੇ ਸ਼ਬਦਾਂ ਵਿਚ "ਖੇਡ ਬਿਚਲ ਗਈ"।

ਅਗਲੇ ਹੀ ਪਹਿਰੇ ਵਿਚ ਇਤਿਹਾਸਕਾਰਾਂ ਅਤੇ ਆਮ ਲੋਕਾਂ ਦੁਆਰਾ ਵੀ ਕੂਕਾ ਅੰਦੋਲਨ ਪ੍ਰਤੀ ਵਿਖਾਈ ਬੇਰੁਖੀ ਤੋਂ ਵੀ ਭਗਤ ਸਿੰਘ ਪੀੜਤ ਹੈ ਅਤੇ ਇਸ ਲਹਿਰ ਦੇ ਆਪਾਵਾਰੂ ਜਾਂਬਾਜ਼ਾਂ ਦੀਆਂ ਵੱਡੀਆਂ ਕਰਨੀਆਂ ਦਾ ਉੱਚ-ਮੁਲੰਕਣ ਵੀ ਕਰਦਾ ਹੈ—

"ਕੂਕਾ ਲਹਿਰ ਦਾ ਇਤਿਹਾਸ ਹਾਲੇ ਤੱਕ ਲੋਕਾਂ ਸਾਹਵੇਂ ਨਹੀਂ ਆਇਆ। ਕਿਸੇ ਨੇ ਇਸ ਨੂੰ ਅਹਿਮੀਅਤ ਵਾਲਾ ਨਹੀਂ ਸਮਝਿਆ। ਅਸੀਂ ਕੂਕਿਆਂ ਨੂੰ ਭੁੱਲੜ ਤੇ ਮੂਰਖ ਕਹਿ ਕੇ ਆਪਣੇ ਫਰਜ਼ ਤੋਂ ਲਾਂਭੇ ਹੋ ਜਾਂਦੇ ਹਾਂ। ਸਵਾਰਥ ਜਾਂ ਲੋਭ ਲਈ ਉਨ੍ਹਾਂ ਆਪਣੀਆਂ ਜਾਨਾਂ ਦਿੱਤੀਆਂ ਹੁੰਦੀਆਂ, ਤਾਂ ਅਸੀਂ ਅਣਗਹਿਲੀ ਵਿਖਾ ਸਕਦੇ ਸਾਂ ਪਰ ਉਨ੍ਹਾਂ ਦੀ ਮੂਰਖਤਾ ਵਿਚ ਵੀ ਦੇਸ਼ ਪ੍ਰੇਮ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਉਹ ਤਾਂ ਤੋਪਾਂ ਸਾਹਵੇਂ ਵੀ ਹੱਸ ਛੱਡਦੇ ਸਨ...ਉਹ ਅਨੰਦ ਨਾਲ "ਸਤਿ ਸ੍ਰੀ ਅਕਾਲ" ਦੇ



Namdhari Elibrary NamdhariElibrary@gmail.com

ਆਕਾਸ਼ ਗੁੰਜਾਊ ਜੈਕਾਰਿਆਂ ਨਾਲ ਅਕਾਸ਼ ਪਤਾਲ ਇਕ ਕਰ ਦਿੰਦੇ ਸਨ। ਉਨ੍ਹਾਂ ਦੇ ਮੱਥਿਆਂ ਉਤੇ, ਦੁੱਖ, ਫਿਕਰ ਜਾਂ ਪਛਤਾਵੇ ਦੀ ਰੇਖਾ ਵੀ ਨਹੀਂ ਦਿਸਦੀ ਸੀ। ਕੀ ਉਹ ਭੁੱਲ ਜਾਣ ਵਾਲੇ ਹਨ ? ਉਨ੍ਹਾਂ ਦਾ ਅਪਰਾਧ ਸ਼ਾਇਦ ਅਸਫਲਤਾ ਤੋਂ ਬਿਨਾ ਕੁਝ ਵੀ ਨਹੀਂ ਸੀ। ਪਰ ਸਕਾਟਲੈਂਡ ਦਾ ਬਹਾਦਰ ਵਿਲੀਅਮ ਵਾਲਿਸ ਵੀ ਤਾਂ ਅਸਫਲ ਹੋ ਕੇ ਮੌਤ ਦੀ ਸਜ਼ਾ ਦਾ ਭਾਗੀ ਬਣ ਗਿਆ ਸੀ। ਉਹਦੀ ਤਾਂ ਅੱਜ ਸਾਰਾ ਇੰਗਲੈਂਡ ਪੂਜਾ ਕਰਦਾ ਹੈ। ਫਿਰ ਸਾਡੇ ਦੇਸ਼ ਭਗਤ ਹੀ ਕਿਉਂ ਭੁਲਾ ਕੇ ਘੁੱਪ ਹਨੇਰੇ ਵਿਚ ਸੁੱਟ ਦਿੱਤੇ ਜਾਣ ?"[11]

ਭਗਤ ਸਿੰਘ "ਨਿਸ਼ਕਾਮ ਭਾਵ ਨਾਲ ਮਰ ਮਿਟਣ ਵਾਲੇ ਲੋਕਾਂ" ਨੂੰ ਭੁਲਾ ਦੇਣਾ ਬਹੁਤ ਵੱਡੀ ਅਹਿਸਾਨ ਫਰਾਮੋਸ਼ੀ ਸਮਝਦਾ ਹੈ। ਉਹ ਇਹ ਵੀ ਕਹਿੰਦਾ ਹੈ ਕਿ ਅਸੀਂ ਉਨ੍ਹਾਂ ਦੀ ਯਾਦ ਵਿਚ ਕੋਈ ਵੱਡਾ ਸਤੂਪ (ਸਤੰਭ) ਨਹੀਂ ਖੜ੍ਹਾ ਕਰ ਸਕਦੇ ਤਾਂ ਕੀ ਅਸੀਂ ਆਪਣੇ ਹਿਰਦੇ ਵਿਚ ਵੀ ਉਨ੍ਹਾਂ ਨੂੰ ਥੋੜ੍ਹਾ ਜਿਹਾ ਥਾਂ ਨਹੀਂ ਦੇ ਸਕਦੇ। ਮੈਂ ਸਮਝਦਾਂ ਕਿ ਭਗਤ ਸਿੰਘ ਹੋਰਾਂ ਦੀ ਇਹ ਲੋਚਾ ਵੀ ੧੯੯੩ ਈ. ਵਿਚ ਸਤਿਗੁਰੂ ਜਗਜੀਤ ਸਿੰਘ ਦੀ ਹਜ਼ੂਰੀ ਵਿਚ ਮਲੇਰਕੋਟਲਾ ਦੇ ਸ਼ਹੀਦੀ ਸਮਾਰਕ ਦਾ ਨੀਂਹ ਪੱਥਰ ਰੱਖਣ ਵੇਲੇ ਪੂਰੀ ਹੋ ਗਈ ਹੈ, ਜਿਥੇ ਸਤੂਪ ਦੇ ਰੂਪ ਵਿਚ ੬੬ ਮੋਰੀਆਂ ਵਾਲਾ (੬੬ ਸ਼ਹੀਦਾਂ ਦੀਆਂ ਉਮਰਾਂ ਨੂੰ ਇੰਗਤ ਕਰਦਾ ਖੰਡਾ, ਆਪਣੇ ਪੂਰੇ ਸ਼ਾਨੋ-ਸ਼ੌਕਤ ਨਾਲ ਖਲੋਤਾ ਹੈ।

ਮਹਾਤਮਾ ਗਾਂਧੀ ਦੇ ਅਸਹਿਯੋਗ ਅੰਦੋਲਨ ਦਾ ਤਾਂ ਭਗਤ ਸਿੰਘ ਭੁਗਤ ਭੋਗੀ ਸੀ। ਕੂਕਿਆਂ ਬਾਰੇ ਉਸ ਨੇ ਜਾਂ ਆਪਣੇ ਪੁਰਖਿਆਂ ਤੋਂ ਸੁਣਿਆ ਅਤੇ ਜਾਂ ਭਾਈ ਪਰਮਾਨੰਦ ਜਿਹੇ ਦੇਸ਼ ਭਗਤਾਂ ਦੀਆਂ ਲਿਖਤਾਂ ਵਿਚੋਂ ਪੜ੍ਹਿਆ ਸੀ ਜਾਂ ਫਿਰ ਕੁਝ ਸਰਕਾਰੀ ਰਿਪੋਰਟਾਂ ਵਾਚੀਆਂ ਹੋਣਗੀਆਂ ਜੋ ਉਸ ਸਮੇਂ ਤੱਕ ਉਪਲਬਧ ਹੋ ਸਕਦੀਆਂ ਸਨ। ਉਹ ਦੋਵਾਂ ਅੰਦੋਲਨਾਂ ਦਾ ਪਰਸਪਰ ਤੁਲਨਾਤਮਕ ਅਧਿਐਨ ਕਰਕੇ ਕੂਕਿਆਂ ਨੂੰ ਗਾਂਧੀ ਜੀ ਦੇ ਅੰਦੋਲਨ ਤੋਂ ਕੁਝ ਉੱਪਰ ਹੀ ਰੱਖਦਾ ਸੀ। ਇਹੋ ਇਕ ਇਤਿਹਾਸਕਾਰ ਦੀ ਪੈਨੀ ਦ੍ਰਿਸ਼ਟੀ ਦਾ ਕਮਾਲ ਹੁੰਦਾ ਹੈ; "ਉਨ੍ਹਾਂ ਉਸ ਵੇਲੇ ਨਾ ਮਿਲਵਰਤਣ ਦਾ ਪ੍ਰਚਾਰ ਸ਼ੁਰੂ ਕੀਤਾ ਜੋ ੧੯੨੦ ਵਿਚ ਮਹਾਤਮਾ ਗਾਂਧੀ ਨੇ ਕੀਤਾ ਸੀ। ਉਨ੍ਹਾਂ ਦੀ ਨਾ ਮਿਲਵਰਤਨ ਮਹਾਤਮਾ ਗਾਂਧੀ ਦੀ ਨਾ ਮਿਲਵਰਤਨ ਨਾਲੋਂ ਕਈ ਗੱਲਾਂ ਵਿਚ ਵਧ ਕੇ ਸੀ। ਅਦਾਲਤਾਂ ਦਾ ਬਾਈਕਾਟ, ਆਪਣੀਆਂ ਪੰਚਾਇਤਾਂ ਦੀ ਕਾਇਮੀ, ਸਰਕਾਰੀ ਤਾਲੀਮ ਦਾ ਬਾਈਕਾਟ, ਵਿਦੇਸ਼ੀ ਸਰਕਾਰ ਦੇ ਪੂਰੇ ਬਾਈਕਾਟ ਨਾਲ ਰੇਲ, ਤਾਰ ਤੇ ਡਾਕ ਦੇ ਬਾਈਕਾਟ ਦਾ ਵੀ ਪ੍ਰਚਾਰ ਕੀਤਾ। ਉਸ ਵੇਲੇ ਦੇਸ਼ ਏਨਾ ਸਾਹ ਸਤਹੀਣ ਹੋ ਗਿਆ ਸੀ ਕਿ ਉਨ੍ਹਾਂ ਦੇ ਬਾਈਕਾਟ ਦੀ ਗੱਲ ਸੋਚੀ ਵੀ ਨਹੀਂ ਜਾ ਸਕਦੀ ਸੀ। ਇਸ ਤਰ੍ਹਾਂ ਉਨ੍ਹਾਂ ਡਾਕ ਦਾ ਪ੍ਰਬੰਧ ਆਪਣਾ ਏਨਾ ਚੰਗਾ ਕਰ ਲਿਆ ਕਿ ਭਾਈ ਪਰਮਾਨੰਦ ਦੇ ਲੇਖ ਅਨੁਸਾਰ, ਉਨ੍ਹਾਂ ਦੀ ਡਾਕ, ਸਰਕਾਰੀ ਡਾਕ ਨਾਲੋਂ ਵੀ ਛੇਤੀ ਪੁੱਜਦੀ ਸੀ। ਪਹਿਰਾਵੇ ਅਤੇ ਸਵਦੇਸ਼ੀ ਪੁਸ਼ਾਕ ਪਹਿਨਣ ਦਾ ਜ਼ੋਰ ਨਾਲ ਉਪਦੇਸ਼ ਹੁੰਦਾ ਸੀ। ਪ੍ਰਚਾਰ ਦਾ ਕੰਮ ਏਨਾ ਨਾ ਹੋ ਸਕਿਆ ਅਤੇ (ਅੰਗ੍ਰੇਜ਼ੀ ਸਰਕਾਰ) ਇਸ ਉਤੇ ਕਰੜੀ ਨਜ਼ਰ ਰੱਖਣ ਲੱਗੀ। ਉਸ ਨੂੰ ਇਸ ਪ੍ਰਚੰਡ ਅੰਦੋਲਨ ਨੂੰ ਠੱਪ ਦੇਣ ਦੀ ਚਿੰਤਾ ਹੋ ਗਈ।[12]

ਭਗਤ ਸਿੰਘ ਅਨੁਸਾਰ "ਗੁਰੂ ਰਾਮ ਸਿੰਘ ਬੜੇ ਪਰਤਾਪੀ ਤੇ ਪ੍ਰਭਾਵਸ਼ਾਲੀ ਵਿਅਕਤੀ ਸਨ। ਉਨ੍ਹਾਂ ਦੇ ਅਸਧਾਰਨ ਆਤਮ ਬਲ ਬਾਰੇ ਬਹੁਤ ਸਾਰੀਆਂ ਗੱਲਾਂ ਪ੍ਰਸਿੱਧ ਹਨ। ਉਹ ਜਿਸ ਦੇ ਕੰਨ ਵਿਚ ਮੰਤਰ ਦਿੰਦੇ ਸਨ ਉਹੀ ਉਨ੍ਹਾਂ ਦਾ ਪਰਮ ਭਗਤ ਅਤੇ ਚੇਲਾ ਹੋ ਜਾਂਦਾ ਸੀ। ਸਾਂਝੇ ਪੰਜਾਬ ਦੀ ਸਰਕਾਰ ਵਿਚ ੧੯੪੭ ਤੋਂ ਪਹਿਲਾਂ ਮੰਤਰੀ ਰਹੇ, ਪ੍ਰਸਿੱਧ ਇਤਿਹਾਸਕਾਰ ਡਾ: ਸਰਗੋਕੁਲ ਚੰਦ ਨਾਰੰਗ ਦੇ ਹਵਾਲੇ ਨਾਲ ਭਗਤ ਸਿੰਘ ਲਿਖਦੇ ਹਨ ਕਿ ਨਾਰੰਗ ਸਾਹਿਬ ਦੀ ਦਾਦੀ ਦਾ ਭਰਾ ਮਾੜੇ ਚਾਲ ਚੱਲਣ ਵਾਲਾ ਅਤੇ ਹੁੱਕਾ ਪੀਣ ਦੀ ਆਦਤ ਵਾਲਾ ਬੰਦਾ ਸੀ ਪਰ ਗੁਰੂ ਜੀ ਦੇ ਦਰਸ਼ਨਾਂ ਨਾਲ ਉਸ ਦਾ ਜੀਵਨ ਇਕ ਦਮ ਬਦਲ ਗਿਆ। ਇਤਿਹਾਸ ਅਤੇ ਵਿਅਕਤੀ ਦੇ ਪ੍ਰਸੰਗ ਵਿਚ ਇਤਿਹਾਸ ਦੀਆਂ ਧਾਰਾਵਾਂ ਨੂੰ ਬਦਲਣ ਵਾਲੀਆਂ ਸ਼ਖਸੀਅਤਾਂ ਦੀ ਕਤਾਰ ਵਿਚ ਹੀ ਸਤਿਗੁਰੂ ਰਾਮ ਸਿੰਘ ਖਲੋਤੇ ਨਜ਼ਰ ਆਉਂਦੇ। ਭਗਤ ਸਿੰਘ ਨੇ ਸਿਰਫ ੨੧ ਵਰ੍ਹਿਆਂ ਦੀ ਅਲਪ ਆਯੂ ਵਿਚ ਹੀ ਕੂਕਾ ਲਹਿਰ ਅਤੇ ਸਤਿਗੁਰੂ ਜੀ ਬਾਰੇ ਏਨਾ ਗਹਿਰ ਗੰਭੀਰ ਮੁਤਾਲਿਆ ਕਰ ਲਿਆ ਇਹ ਉਸ ਦੇ ਤੀਖਣ ਬੁੱਧੀ ਨਵਯੁਵਕ ਹੋਣ ਦਾ ਹੀ ਇਕ ਸਬੂਤ ਹੈ। ਭਾਰਤੀ ਦੇਸ਼ ਭਗਤਾਂ ਦੇ ਜੀਵਨ ਪਰਸੰਗਾਂ ਤੋਂ ਬਾਅਦ ਜਦੋਂ ਉਸ ਨੂੰ ਵਿਸ਼ਵ ਕ੍ਰਾਂਤੀ ਦੀਆਂ ਹਤਾਤਮਾਵਾਂ ਨਾਲ ਰੂ-ਬਰੂ ਹੋਣ ਦਾ ਸੁਭਾਗ ਹਾਸਲ ਹੋਇਆ ਤਾਂ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਸੀ। ਉਸ ਨੇ ਮਾਰਕਸਵਾਦ ਲੈਨਿਨਵਾਦ ਦੇ ਗਹਿਨ ਅਧਿਅਨ ਵਿਚੋਂ, ਇਤਿਹਾਸ ਦੀ ਧਾਰਾ ਨੂੰ ਸਮਝਣ ਲਈ "ਇਤਿਹਾਸਕ ਭੌਤਿਕਵਾਦ" ਅਤੇ ਜੀਵਨ, ਵਿਅਕਤੀ ਅਤੇ ਸਮਾਜ ਦੀ ਗਤੀ ਨੂੰ ਸਮਝਣ ਲਈ 'ਦਵੰਦਾਤਮਕ ਭੌਤਿਕਵਾਦ' ਜਿਹੀਆਂ ਦਰਸ਼ਨ ਖੇਤਰ ਦੀਆਂ ਮਹਾਨ ਲੱਭਤਾਂ ਦੇ ਨਾਲ ਖੁਦ ਨੂੰ ਅਮੀਰ ਬਣਾਇਆ। ਕਾਣੀ ਵੰਡ ਤੇ ਆਧਾਰਿਤ ਵਰਗ ਸਮਾਜ ਵਿਚ, ਵਰਗਾਂ ਦੇ ਟਕਰਾਓ ਦੇ ਗੁਰ ਸਿੱਖੇ। ਵਿਸ਼ਵ ਇਨਕਲਾਬਾਂ ਦੀਆਂ ਭਰਨਾਟਾਂ ਨੇ ਉਸ ਨੂੰ ਸਰਸ਼ਾਰ ਕੀਤਾ। ਮਰਨ ਕੰਢੇ ਪਏ ਪੂੰਜੀਵਾਦ ਦੀਆਂ ਮੌਤ ਘੰਟੀਆਂ ਉਸ ਵੀ ਸੁਣੀਆਂ।



Namdhari Elibrary NamdhariElibrary@gmail.com

ਸਾਮਰਾਜਵਾਦ ਨੂੰ ਸਰਮਾਏਦਾਰੀ ਦੀ ਅੰਤਿਮ ਅਵਸਥਾ ਗਰਦਾਨਦਿਆਂ ਆਪਣੇ ਫਾਂਸੀ ਦੇ ਤਖਤੇ ਤੋਂ "ਇਨਕਲਾਬ ਜ਼ਿੰਦਾਬਾਦ" ਅਤੇ "ਸਾਮਰਾਜਵਾਦ-ਮੁਰਦਾਬਾਦ" ਦੇ ਨਾਹਰਿਆਂ ਦਾ ਉਦਘੋਸ਼ ਕੀਤਾ। ਜਿਵੇਂ ਆਪਣੀ ਨਜ਼ਰਬੰਦੀ ਤੋਂ ਬਾਅਦ ੧੮੬੩ ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਸਰਕਾਰ ਨੂੰ ਕਿਹਾ ਸੀ "ਬਿੱਲਿਆ ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ।" ਭਾਵ ਤੁਸੀਂ ਇਕ ਰਾਮ ਸਿੰਘ ਤੇ ਰੋਕਾਂ ਲਾਉਂਦੇ ਹੋ ਇਹ ਆਵਾਜ਼ ਦੇਸ਼ ਆਜ਼ਾਦੀ ਦੀ ਤਾਂ ਹੁਣ ਘਰ ਘਰ ਵਿਚੋਂ ਗੂੰਜੇਗੀ। ਇਸੇ ਤਰ੍ਹਾਂ ਸ਼ਹੀਦ ਭਗਤ ਸਿੰਘ ਦੀ ਫਾਂਸੀ ਤੋਂ ਬਾਅਦ ਉਸ ਦੀ ਆਵਾਜ਼ ਦਬਾਈ ਨਹੀਂ ਗਈ ਸਗੋਂ ਇਹ ਗੁਲਾਮ ਦੇਸ਼ ਦੇ ਕੋਨੇ-ਕੋਨੇ ਵਿਚੋਂ ਗੂੰਜਣ ਲੱਗ ਪਈ। ਮਰਜੀਵੜਿਆਂ ਦੇ ਪੂਰਾਂ ਦੇ ਪੂਰ, ਸਿਰਾਂ 'ਤੇ ਖੱਫਣ ਬੰਨ੍ਹ ਕੇ ਮੇਰਾ ਰੰਗ ਦੇ ਬਸੰਤੀ ਚੋਲਾ ਗਾਉਂਦੇ ਹੋਏ ਸਿਰ ਤਲੀ 'ਤੇ ਧਰ ਕੇ ਨੱਚਣ ਲੱਗ ਪਏ।

ਕੌਮੀ ਤਹਿਰੀਕ ਦੇ ਉਸ ਸਮੇਂ ਦੇ ਚੋਟੀ ਦੇ ਆਗੂਆਂ, ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ, ਸਰਦਾਰ ਵੱਲਭ ਭਾਈ ਪਟੇਲ ਅਤੇ ਸੁਭਾਸ਼ ਚੰਦਰ ਬੋਸ ਆਦਿ ਨਾਲੋਂ ਸ਼ਹੀਦੇ-ਆਜ਼ਮ ਦਾ ਵਿਅਕਤੀਤਵ ਰਾਤੋ ਰਾਤ ਸਿਰ ਕੱਢਵਾਂ ਹੋ ਗਿਆ। ਕਾਂਗਰਸ ਦੇ ਸਰਕਾਰੀ ਇਤਿਹਾਸਕਾਰ ਡਾ. ਪੱਟਾਭੀ ਸੀਤਾ ਰਮਈਆ ਦੇ ਅਨੁਸਾਰ 'ਇਹ ਕਹਿਣਾ ਕੋਈ ਵਧਾ ਚੜ੍ਹਾ ਕੇ ਕਹੀ ਗੱਲ ਨਹੀਂ ਹੋਵਗੀ ਕਿ ਇਹ ਉਹ ਸਮਾਂ ਸੀ ਕਿ ਜਦੋਂ ਭਗਤ ਸਿੰਘ ਦਾ ਨਾਂ ਭਾਰਤ ਵਿਚ ਉਤਨਾ ਹੀ ਜਾਣਿਆ ਜਾਂਦਾ ਸੀ ਅਤੇ ਉਤਨਾ ਹੀ ਹਰਮਨਪਿਆਰਾ ਸੀ ਜਿਤਨਾ ਕਿ ਗਾਂਧੀ ਜੀ ਦਾ ਨਾਂ।" "ਸਵਰਗੀ ਸ੍ਰੀ ਮੰਮਨ ਨਾਥ ਗੁਪਤ ਨੇ ਵੀ ਸ਼ਹੀਦ ਭਗਤ ਸਿੰਘ ਦਾ ਜੋ ਮੁੱਲਕਣ ਕੀਤਾ ਹੈ ਸ੍ਰੀ ਕੇ. ਕੇ. ਖੁੱਲਰ ਨੇ ਆਪਣੀ ਕਿਤਾਬ ਵਿਚ ਉਸਨੂੰ ਇਉਂ ਲਿਖਿਆ ਹੈ "ਕਿਸੇ ਨੂੰ ਇਹ ਗੱਲ ਚੰਗੀ ਲੱਗੇ ਜਾਂ ਬੁਰੀ, ਭਗਤ ਸਿੰਘ ਕਿਸੇ ਵੀ ਹੋਰ ਵਿਅਕਤੀ ਜਾਂ ਪਾਰਟੀ ਤੋਂ ਵਧ ਕੇ ਸਮਾਜਵਾਦ ਦੇ ਲਈ ਸੰਘਰਸ਼ ਦੇ ਪਰਤੀਕ ਬਣ ਚੁੱਕੇ ਹਨ।" ਸ੍ਰੀ ਜਗਮੋਹਨ ਤੇ ਸ੍ਰੀ ਚਮਨ ਲਾਲ ਆਪਣੀ ਕਿਤਾਬ ਦੀ ਭੂਮਿਕਾ ਵਿਚ ਇਸੇ ਗੱਲ ਨੂੰ ਇਉਂ ਲਿਖਦੇ ਹਨ, "ਭਗਤ ਸਿੰਘ ਸਿਰਫ ਇਕ ਵਿਅਕਤੀ ਨਹੀਂ ਸਨ। ਉਹ ਇਕ, ਅੰਦੋਲਨ ਵਿਚੋਂ ਪੈਦਾ ਹੋਏ ਤੇ ਫਿਰ ਉਸ ਅੰਦੋਲਨ ਦੇ ਸਭ ਤੋਂ ਵੱਡੇ ਤੇ ਸਭ ਤੋਂ ਵਧੀਆ ਪ੍ਰਤੀਕ ਬਣ ਗਏ। ਭਗਤ ਸਿੰਘ ਦੀ ਵਿਚਾਰਧਾਰਾ ਸਿਰਫ ਇਕ ਵਿਅਕਤੀ ਦੀ ਹੀ ਨਹੀਂ, ਇਹ ਅੰਦੋਲਨ ਦੀ, ਬਹੁਤ ਸਾਰੇ ਸਾਥੀਆਂ ਦੀ ਸਾਂਝੀ ਸੋਚ ਦੀ ਵਿਚਾਰਧਾਰਾ ਬਣੀ।" ਉਹ ਆਪਣੀ ਪੁਸਤਕ ਵਿਚ ਇਹ ਵੀ ਕਹਿੰਦੇ ਹਨ, "ਭਾਰਤ ਵਿਚ ਸਮਾਜਵਾਦੀ ਚਿੰਤਨ ਮੌਲਿਕ ਰੂਪ ਵਿਚ ਭਗਤ ਸਿੰਘ ਤੋਂ ਹੀ ਸ਼ੁਰੂ ਹੋਇਆ ਅਤੇ ਉਮੀਦ ਹੈ ਇਸੇ ਤੋਂ ਇਸਦੀ ਅਗਲੀ ਮੰਜ਼ਿਲ ਤਹਿ ਹੋਵੇਗੀ।"[13]

ਕੂਕਾ ਅੰਦੋਲਨ ਵਾਲੇ ਆਪਣੇ ਉਪਰੋਕਤ ਲੇਖ ਵਿਚ ਭਗਤ ਸਿੰਘ ੧੯ ਜਨਵਰੀ ੧੮੭੨ ਦੀ ਸਵੇਰ ਨੂੰ ਭੈਣੀ ਸਾਹਿਬ ਵਿਚੋਂ ਮਿਲੇ ਉਹਨਾਂ ੫੦ ਕੂਕਿਆਂ ਦਾ ਜ਼ਿਕਰ ਕਰਦਾ ਹੈ, ਜਿਹਨਾਂ ਦਾ ਇਸ ਵੇਲੇ ਆਪਣਾ ਕੋਈ ਘਰ ਘਾਟ ਨਹੀਂ, ਜੋ ਕੁਝ ਉਹਨਾਂ ਪਾਸ ਸੀ ਉਹ ਸਭ ਵੇਚ ਵੱਟ ਬੈਠੇ ਸਨ, ਇਸ ਫਿਰਕੇ ਦਾ ਸਭ ਤੋਂ ਖਤਰਨਾਕ ਤਬਕਾ, ਜੋ ਆਪਣੇ ਆਗੂਆਂ ਦੇ ਕਿਸੇ ਵੀ ਹੁਕਮ ਦੀ ਪਾਲਣਾ ਕਰਨ ਲਈ ਤਿਆਰ ਬੈਠੇ ਸਨ, ਇਸ ਲਈ ਸਰਕਾਰ ਨੇ ਉਹਨਾਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ।

ਗੁਰੂ ਰਾਮ ਸਿੰਘ ਦੇ ਦੇਸ਼ ਨਿਕਾਲੇ ਤੋਂ ਬਾਅਦ ਗੁਰੂ ਹਰੀ ਸਿੰਘ ਜੀ ਦੇ ਸਮੇਂ, ਜੋ ਤੰਗੀਆਂ ਨਾਮਧਾਰੀਆਂ ਨੇ ਹੰਡਾਈਆਂ, ਇਕ ਫਿਰਕੇ ਦੇ ਤੌਰ ਤੇ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਇਹਨਾਂ ਪੰਜਾਬੀ ਯੋਧਿਆਂ ਦੀ ਜੋ ਭੂਮਿਕਾ ਰਹੀ, ਕੂਕਾ ਇਤਿਹਾਸ ਦੇ ਜਿਸ ਸੁਨਹਿਰੀ ਕਾਂਡ ਨੂੰ ਅਕਸਰ ਅੱਖੋਂ ਪਰੋਖਾ ਕੀਤਾ ਜਾਂਦਾ ਰਿਹਾ ਹੈ, ਭਗਤ ਸਿੰਘ ਇਸ ਸਬੰਧ ਵਿਚ ਇਕ ਸੰਵੇਦਨਸ਼ੀਲ ਲੇਖਕ ਦੇ ਰੂਪ ਵਿਚ ਨਜ਼ਰ ਆਉਂਦੇ ਹਨ– "ਇਧਰ ਬਾਕੀ ਕੂਕਾ ਸਮਾਜ ਤੇ ਬਹੁਤ ਅੱਤਿਆਚਾਰ ਹੋਣ ਲੱਗੇ। ਗੁਰੂ ਰਾਮ ਸਿੰਘ ਤੋਂ ਬਾਅਦ ਸ੍ਰੀ ਗੁਰੂ ਹਰੀ ਸਿੰਘ ਗੁਰੂ ਬਣੇ।" ਉਹਨਾਂ ਨੂੰ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਗੁਰਦੁਆਰੇ ਦੇ ਬਾਹਰ ਪੁਲਿਸ ਦੀ ਚੌਂਕੀ ਬਿਠਾ ਦਿੱਤੀ ਗਈ। ਸਾਲਾਂ ਤੱਕ ਤਾਂ ਭੈਣੀ ਸਾਹਿਬ ਦੀ ਅਜਿਹੀ ਹਾਲਤ ਰਹੀ ਮਾਨੋਂ ਉਥੇ ਦੁਸ਼ਮਣ ਘੇਰਾ ਘੱਤ ਕੇ ਬੈਠਾ ਹੋਵੇ। ਨਾ ਕੋਈ ਬਾਹਰੋਂ ਅੰਦਰ ਨਾ ਕੋਈ ਅੰਦਰੋਂ ਬਾਹਰ ਜਾ ਸਕਦਾ। ਫਿਰ ਹੌਲੀ-ਹੌਲੀ ਕੁਝ ਲੋਕਾਂ ਨੂੰ ਆਉਣ ਜਾਣ ਦੀ ਖੁੱਲ੍ਹ ਹੋਣ ਲੱਗੀ। ਉਸ ਸਮੇਂ ਵੀ ਗੁਰੂ ਹਰੀ ਸਿੰਘ ਬਾਹਰ ਨਹੀਂ ਜਾ ਸਕਦੇ ਸਨ। ਇਸਦੇ ਬਾਵਜੂਦ ਕਿ ਆਉਣ ਜਾਣ ਦੀ ਆਗਿਆ ਮਿਲ ਗਈ ਸੀ। ਆਉਣ ਵਾਲੇ ਯਾਤਰੀਆਂ ਨੂੰ ਤੰਗ ਕੀਤਾ ਜਾਂਦਾ। ਬੁਰੀ ਤਰ੍ਹਾਂ ਬੇਇੱਜ਼ਤੀ ਕੀਤੀ ਜਾਂਦੀ। ਮੁਸ਼ਕਾਂ ਬੰਨ੍ਹ ਕੇ ਧੁੱਪੇ ਸਿੱਟ ਦਿੰਦੇ, ਜਿੱਥੇ ਉਹ ਵਿਚਾਰੇ ਘੰਟਿਆ ਬੱਧੀ ਝੁਲਸਦੇ ਰਹਿੰਦੇ। ਮੰਜੀ ਦੇ ਪਾਵਿਆਂ ਥੱਲੇ ਉਹਨਾਂ ਦੇ ਹੱਥ ਦੇ ਕੇ, ਕਈ ਜਣੇ ਮੰਜੀ ਤੇ ਬੈਠੇ ਰਹਿੰਦੇ। ਉਹਨਾਂ ਤੇ ਹੁੱਕੇ ਦਾ ਗੰਦਾ ਬਦਬੂਦਾਰ ਪਾਣੀ ਸੁੱਟਿਆ ਜਾਂਦਾ। ਇਹ ਸਭ ਜ਼ੁਲਮ ਕਰਨ ਵਾਲੇ ਵੀ ਇਸੇ ਦੇਸ਼ ਦੇ ਵਾਸੀ ਸਨ। ਅਤੇ ਇਹਨਾਂ ਤਸੀਹਿਆਂ ਨੂੰ ਚੁੱਪ ਚਾਪ ਜਰਨ ਵਾਲੇ ਵੀ ਇਸ ਦੇਸ਼ ਦੇ ਬਦਕਿਸਮਤ ਲੋਕ ਸਨ। ਪ੍ਰੰਤੂ ਪੰਜਾਬ ਸੂਬੇ ਦਾ ਇਤਿਹਾਸ ਬੜਾ ਰੋਮਾਂਚਕਾਰੀ ਹੈ। ਸਮਾਜ ਦਾ ਸਮਾਜ ਕਾਨੂੰਨ



Namdhari Elibrary NamdhariElibrary@gmail.com

ਵਿਰੋਧੀ, ਘੋਸ਼ਿਤ ਹੋਇਆ ਤਾਂ ਪੰਜਾਬ ਵਿਚ, ਕਿਸੇ ਫਿਰਕੇ ਦੇ ਸਾਰੇ ਲੋਕ ਭਿਆਨਕ ਜ਼ੁਲਮਾਂ ਦੇ ਸ਼ਿਕਾਰ ਹੋਏ ਤਾਂ ਪੰਜਾਬ ਵਿਚ, ਤੇ ਫਿਰ ਹਜ਼ਾਰਾਂ ਲੋਕਾਂ ਦਾ ਸਾਰੇ ਦਾ ਸਾਰਾ ਅੰਦੋਲਨ ਜੋ ਗ਼ੈਰ ਕਾਨੂੰਨੀ ਕਰਾਰ ਦਿੱਤਾ ਤਾਂ ਪੰਜਾਬ ਵਿਚ। ਇਸ ਵੇਰ ਅਜਿਹਾ ਹੀ ਹੋਇਆ। ਹਰ ਕੂਕਾ ਆਪਣੇ ਘਰ ਵਿਚ ਨਜ਼ਰਬੰਦੀ ਸੀ। ਬਿਨਾਂ ਪੁਲਿਸ ਦੀ ਆਗਿਆ ਕਿਤੇ ਬਾਹਰ ਨਹੀਂ ਜਾ ਸਕਦੇ ਸੀ। ਆਗਿਆ ਲੈਣ ਜਾਣ ਦਾ ਅਰਥ ਹੁੰਦਾ, ਪੁਲਿਸ ਦੇ ਨਾ ਕਹੇ ਜਾਣ ਵਾਲੇ ਅੱਤਿਆਚਾਰ ਅਤੇ ਬੇਇੱਜ਼ਤੀ ਸਹਾਰਨੀ, ਕਈ ਦਿਨ ਭੁੱਖੇ ਪਿਆਸ ਤੜਫਣਾਂ ਅਤੇ ਬਿਨਾਂ ਬਾਹਰ ਜਾਣ ਦੇ ਹੁਕਮ ਮਿਲਣ ਦੇ ਚੁੱਪ ਚਾਪ ਘਰ ਵਿਚ ਬਹਿ ਜਾਣਾ। ਇਹ ਦਸ਼ਾ ਬਹੁਤ ਦਿਨਾਂ ਤੱਕ ਚੱਲੀ ਅਤੇ ਬੰਦਿਸ਼ਾਂ ਤਾਂ ਹੁਣ ੧੯੨੩ ਵਿਚ, ਸਹਿਯੋਗ ਦੇ ਦਿਨਾਂ ਵਿਚ ਹਟਾਈਆਂ ਗਈਆਂ।"[14]

ਆਪਣੇ ਦੇਸ਼ ਵਾਸੀਆਂ ਨਾਲ ਹੋਈਆਂ ਇਹਨਾਂ ਵਧੀਕੀਆਂ ਨੇ ਭਗਤ ਸਿੰਘ ਦੇ ਮਨ ਮਸਤਕ ਤੇ ਗਹਿਰਾ ਪ੍ਰਭਾਵ ਪਾ ਕੇ ਉਸਨੂੰ ਮੈਦਾਨੇ ਜੰਗ ਦਾ ਅਡਿੱਗ ਸੂਰਮਾ ਬਣਾ ਦਿੱਤਾ ਸੀ। ਪੰਜਾਬੀ ਘਿਉ ਖਾ ਕੇ ਘੁਲ ਸਕਦੇ ਹਨ, ਦਾਰੂ ਪੀਕੇ ਖਰੂਦ ਕਰ ਸਕਦੇ ਹਨ, ਪਰ ਕਿਤਾਬਾਂ ਪੜ੍ਹਕੇ ਸਿਆਣੇ ਵੀ ਹੋ ਸਕਦੇ ਹਨ। ਇਹ ਗੁਣ ਉਹਨਾਂ ਨੂੰ ਭਗਤ ਸਿੰਘ ਤੋਂ ਸਿੱਖਣ ਦੀ ਡਾਢੀ ਲੋੜ ਹੈ। ਭਗਤ ਸਿੰਘ ਦਾ ਜਨਮ 'ਮਹਾਨ ਗ਼ਦਰ' ਦੀ ਪੰਜਾਹਵੀਂ ਵਰ੍ਹੇ ਗੰਢ ਵਾਲੇ ਵਰ੍ਹੇ ਵਿਚ ਹੋਇਆ ਸੀ। 'ਗ਼ਦਰ' ਦੀ ਇਸ ਵਰ੍ਹੇ-ਗੰਢ ਦੇ ਸਾਲ ਵਿਚ ਪੰਜਾਬ ਦੇ ਕਿਸਾਨਾਂ ਵਿਚ ਅਜੀਤ ਸਿੰਘ (ਸ਼ਹੀਦੇ ਆਜ਼ਮ ਦੇ ਚਾਚਾ) ਅਤੇ ਲਾਜਪਤ ਰਾਇ ਦੀ ਅਗਵਾਈ ਹੇਠ ਕਿਸਾਨ ਉਭਾਰ ਉਠਿਆ ਪਗੜੀ ਸੰਭਾਲ ਜੱਟਾ ਲਹਿਰ ਚੱਲੀ। ਇਸੇ ਲਹਿਰ ਦਾ ਅਸਰ ਬਿਦੇਸ਼ਾਂ ਵਿਚ ਬਣਨ ਵਾਲੀ ਗਦਰ ਪਾਰਟੀ ਤੇ ਪਿਆ। ਗਦਰ ਦੇ ਨਾਇਕਾਂ ਨੇ ੧੯੧੪-੧੫ ਵਾਲੇ ਗ਼ਦਰੀ ਆਗੂਆਂ ਨੂੰ ਸਿਰੇ ਦੀ ਕੁਰਬਾਨੀ ਲਈ ਪਰੇਰਿਆ। ਗਦਰ ਪਾਰਟੀ ਵਾਲਿਆਂ ਦਾ ਅਸਰ ਭਗਤ ਸਿੰਘ ਅਤੇ ਹੋਰ ਜ਼ਹੀਨ ਨੌਜਵਾਨਾਂ ਤੇ ਪਿਆ। ੧੮੫੭ ਦੇ ਗਦਰ ਜਾਂ ਪ੍ਰਿਥਮ ਸੁਤੰਤਰਤਾ ਸੰਗਰਾਮ ਸਮੇਂ ਪੰਜਾਬ ਦੀਆਂ ਸਿੱਖ ਰਿਆਸਤਾਂ ਤੇ ਰਜਵਾੜਿਆਂ ਵਲੋਂ ਕੰਪਨੀ ਸਰਕਾਰ ਦੀ ਮਦਦ ਕਰਕੇ ਉਸ ਦੇ ਪੈਰ ਪੁੱਟੇ ਜਾਣ ਤੋਂ ਰੋਕੇ। ੧੮੫੭ ਦੇ ਬਹੁਤ ਸਾਰੇ ਸਿੱਖ ਗ਼ਦਰੀ ਕੂਕਾ ਅੰਦੋਲਨ ਵਿਚ ਮਹੱਤਵਪੂਰਨ ਪਦਾਂ ਤੇ ਰਹੇ।

ਅੱਜ ਜਦੋਂ ਵਿਸ਼ਵ ਪੂੰਜੀਵਾਦ ਏਸ਼ੀਆ, ਅਫਰੀਕਾ ਅਤੇ ਲਤੀਨੀ ਅਮਰੀਕਾ ਦੇ ਦੇਸ਼ਾਂ ਦੇ ਸੰਸਾਧਨਾਂ ਤੇ ਆਪਣੀ ਗਿੱਧ ਦ੍ਰਿਸ਼ਟੀ ਜਮਾਈ ਬੈਠਾ ਹੈ। ਸੋਵੀਅਤ ਸੰਘ ਦੇ ਟੁੱਟਣ ਬਾਅਦ ਅਮਰੀਕਨ ਸਾਮਰਾਜਵਾਦ ਚਾਂਭਲਿਆ ਫਿਰਦਾ ਹੈ। ਇਹਨਾਂ ਦੇਸ਼ਾਂ ਦੇ ਲੋਕਨਾਇਕਾਂ ਦੀ ਰੱਤ ਦਾ ਤਿਹਾਇਆ ਹੈ, ਸ਼ਹੀਦੇ ਆਜ਼ਮ ਭਗਤ ਸਿੰਘ ਦੀਆਂ ਵਿਗਿਆਨਕ ਸਮਾਜਵਾਦ ਨੂੰ ਉਭਾਰਦੀਆਂ ਲਿਖਤਾਂ, ਗਦਰ, ਕੂਕਾ ਅੰਦੋਲਨ ਅਤੇ ਹੋਰ ਸਾਮਰਾਜ ਵਿਰੋਧੀ ਦੇਸ਼ ਭਗਤ ਲਹਿਰਾਂ ਸਾਂਝੇ ਦੁਸ਼ਮਣ ਦੇ ਖਿਲਾਫ, ਮਿਹਨਤਕਰਾਂ ਦੀ ਬੰਦ ਖਲਾਸੀ ਲਈ ਇਕਮੁੱਠ ਹੋਕੇ ਇਕਜੁੱਟ ਘੋਲ ਘੁਲਣ ਦਾ ਸੱਦਾ ਦਿੰਦੀਆਂ ਹਨ। "ਗ਼ਦਰ" ਅਤੇ "ਕੂਕਾ ਅੰਦੋਲਨ" ਦੀ ੧੫੦ਵੀਂ ਵਰ੍ਹੇ ਗੰਢ ਅਤੇ ਸ਼ਹੀਦੇ ਆਜ਼ਮ ਦੀ ਪਹਿਲੀ ਜਨਮ ਸ਼ਤਾਬਦੀ ਦਾ ਇਹੋ ਸੰਦੇਸ਼ ਹੈ। ਅਸੀਂ ਆਪਣੀ ਗੱਲ ਪੰਜਾਬੀ ਦੇ ਇਨਕਲਾਬੀ ਸ਼ਾਇਰ "ਪਾਸ਼' ਦੀ ਟਿੱਪਣੀ ਨਾਲ ਸਮਾਪਤ ਕਰਦੇ ਹਾਂ — ਪਰਸੰਗ ਇਹ ਹੈ ਕਿ ਅੰਤਿਮ ਪਲਾਂ ਵਿਚ ਭਗਤ ਸਿੰਘ ਲੈਨਿਨ ਦੀ ਇਕ ਕਿਤਾਬ ਪੜ੍ਹ ਰਹੇ ਸਨ ਅਤੇ ਜੇਲਰ ਦੀ ਆਵਾਜ਼ ਤੇ ਕਿਤਾਬ ਦਾ ਪੰਨਾ ਮਰੋੜਿਆ ਤੇ ਫਾਂਸੀ ਘਰ ਵਲ ਚੱਲ ਪਏ— ਪਾਸ਼ ਕਹਿੰਦਾ ਹੈ, "ਭਾਰਤ ਦੇ ਨੌਜੁਆਨਾਂ ਨੇ ਉਸ ਕਿਤਾਬ ਦੇ ਮੁੜੇ ਹੋਏ ਪੰਨੇ ਤੋਂ ਅੱਗੇ ਵਧਣਾ ਹੈ— ਜਿੱਥੇ ਭਗਤ ਸਿੰਘ ਨੇ ਉਸਨੂੰ ਛੱਡਿਆ ਸੀ।"

ਫੁੱਟ ਨੋਟ—

1. ਪੰਜਾਬ ਵਿਚ ਕਮਿਊਨਿਸਟ ਲਹਿਰ-ਭਗਵਾਨ ਸਿੰਘ ਜੋਸ਼-ਦਿੱਲੀ ੧੯੮੧ ਸਫਾ ੪੭
2. ਉਪਰੋਕਤ -ਸਫਾ ੬੨
3. ਉਪਰੋਕਤ - ਸਫਾ ੭੬
4. ਸ਼ਹੀਦ ਭਗਤ ਸਿੰਘ ਲਕਸ਼ ਔਰ ਵਿਚਾਰਧਾਰਾ —ਸ਼ਿਆਮ ਸੁੰਦਰ- ਕੁਰੂਕਸ਼ੇਤਰ-੨੦੦੬-ਸਫਾ ੫੨-੫੩
5. ਉਪਰੋਕਤ -ਸਫਾ ੪੬
6. ਉਪਰੋਕਤ - ਸਫਾ ੧੮-੧੯
7. ਉਪਰੋਕਤ - ਸਫਾ ੧੬੩
8. ਦੋ ਪੈੜਾਂ ਇਤਿਹਾਸ ਦੀਆਂ-ਪ੍ਰੇਮ ਸਿੰਘ ਬਜਾਜ- ਲੁਧਿਆਣਾ-੨੦੦੪ ਸਫਾ ੪੧-੪੭
9. ਮਾਲਵਿੰਦਰ - ਇੰਦਰ ਸਿੰਘ ਚੱਕਰਵਰਤੀ (ਭੂਮਿਕਾ ਸੰਤ ਨਿਧਾਨ ਸਿੰਘ ਆਲਿਮ) ਦਿੱਲੀ ੧੯੫੭ ਸਫਾ-ਚ
10. ਮਹਾਂਰਥੀ ਮਾਸਕ ਪੱਤਰ- ਇਲਾਹਾਬਾਦ -੧੯੨੮ ਸਫਾ ੪੫੪
11. ਉਪਰੋਕਤ- ਸਫਾ ੪੫੫
12. ਉਪਰੋਕਤ- ਸਫਾ ੪੫੫-੪੫੬
13. ਸ਼ਹੀਦ ਭਗਤ ਸਿੰਘ ਲਕਸ਼ ਔਰ ਵਿਚਾਰਧਾਰਾ - ਸਫਾ ੧੭੯
14. ਮਹਾਂਰਥੀ- ਸਫਾ ੫੬੨-੫੬੩

ਕਰੀਵਾਲਾ (ਸਿਰਸਾ)



Namdhari Elibrary NamdhariElibrary@gmail.com

# ਰੂਸ ਦਰਬਾਰ ਵਿਚ ਕੂਕਾ ਨੇਤਾ ਗੁਰਚਰਨ ਸਿੰਘ

*—ਪੀ.ਸੀ.ਰਾਏ*

### ਪੁਸਤਕ ਸੰਪਾਦਕ ਦੀ ਟਿਪਣੀ

*ਸ੍ਰੀ ਪ੍ਰਫੁਲ ਚੰਦਰ ਰਾਏ ਦਾ ਇਹ ਲੇਖ ੧੯੫੮ ਵਿਚ ਤ੍ਰਿਵੇਂਦ੍ਰਮ (ਕੇਰਲ) ਵਿਚ ਹੋਏ ਭਾਰਤੀ ਇਤਿਹਾਸ ਰਿਕਾਰਡ ਕਮੀਸ਼ਨ ਦੇ ਸਾਲਾਨਾ ਸੰਮੇਲਨ ਵਿਚ ਪੜ੍ਹਿਆ ਗਿਆ ਸੀ ਤੇ ਇਸ ਲੇਖ ਰਾਹੀਂ ਆਪ ਨੇ ਭਾਰਤ ਦੇ ਇਤਿਹਾਸਕਾਰਾਂ ਨੂੰ ਪਹਿਲੀ ਵਾਰੀ ਸੂਬਾ ਗੁਰਚਰਨ ਸਿੰਘ ਰਾਹੀਂ ਬਣੇ ਭਾਰਤ-ਰੂਸ ਦੇ ਸੰਬੰਧਾਂ ਬਾਰੇ ਇਤਿਹਾਸਕ ਜਾਣਕਾਰੀ ਦਿੱਤੀ ਸੀ। ਸ੍ਰੀ ਰਾਏ, ਭਾਰਤ ਦੇ ਕੇਂਦਰੀ ਸੂਚਨਾ ਵਿਭਾਗ ਵਿਚ ਰੀਸਰਚ ਆਫ਼ੀਸਰ ਹਨ ਤੇ ਆਪ ਨਾਮਧਾਰੀ ਇਤਿਹਾਸ ਸੰਬੰਧੀ ਕੰਮ ਕਰ ਰਹੇ ਹਨ।*

*ਸ੍ਰੀ ਰਾਏ ਦਾ ਇਹ ਲੇਖ ਅਸੀਂ ਬੰਗਾਲੀ ਲੇਖਕਾਂ ਦੇ ਪੱਤਰ 'ਪਰੀਸ਼ਦ ਵਾਰਸ਼ਿਦ' ਵਿਚੋਂ ਅਨੁਵਾਦ ਕਰਕੇ ਦੇ ਰਹੇ ਹਾਂ ਤੇ ਇਸ ਲੇਖ ਨੂੰ ਛਾਪਣ ਦੀ ਆਗਿਆ ਦੇਣ ਬਦਲੇ ਅਸੀਂ ਆਪ ਦੇ ਰਿਣੀ ਹਾਂ।*

*—ਅਮਰ ਭਾਰਤੀ*

ਉਨ੍ਹੀਵੀਂ ਸਦੀ ਦੇ ਅੱਧ ਵਿਚ ਬ੍ਰਿਟਿਸ਼ ਕਬਜ਼ੇ ਹੇਠਲੇ ਪੰਜਾਬ ਵਿਚ ਆਮ ਸਿੱਖਾਂ ਵਲੋਂ ਆਜ਼ਾਦੀ ਲਈ ਸੰਗਰਾਮ ਕੂਕਾ ਵਿਦਰੋਹ ਤੋਂ ਸ਼ੁਰੂ ਹੋਇਆ। ਨਾਮਧਾਰੀ ਸੰਪ੍ਰਦਾਏ ਹੀ ਕੂਕਾ ਨਾਮ ਨਾਲ ਪ੍ਰਸਿੱਧ ਹੈ। ਗੁਰੂ ਨਾਨਕ ਵਲੋਂ ਚਲਾਏ ਸਿੱਖ ਧਰਮ ਦੀ ਰਖਵਾਲੀ ਤੇ ਪ੍ਰਚਾਰ ਦੇ ਉੱਦੇਸ਼ ਨਾਲ ਹਜ਼ਰੋ ਦੇ ਵਾਸੀ ਗੁਰੂ ਬਾਲਕ ਸਿੰਘ ਨੇ ਇਸ ਸੰਪਰਦਾ ਦੀ ਰਚਨਾ ਕੀਤੀ।

ਨਿਰੋਲ ਧਰਮ-ਪ੍ਰੇਰਨਾ ਦੇ ਅਧੀਨ ਸੰਗਠਨ ਬਣਨ ਤੇ ਵੀ ਭਾਰਤ ਦੇ ਆਜ਼ਾਦੀ ਲਈ ਸੰਗਰਾਮ ਦੇ ਇਤਿਹਾਸ ਵਿਚ ਕੂਕਿਆਂ ਦੇ ਦਾਨ ਨੇ ਇਕ ਉਜਲੇ ਅਧਿਆਏ ਦੀ ਰਚਨਾ ਕੀਤੀ ਹੈ।

ਪੁਰਾਤਨ ਧਰਮ ਵਿਚ ਪਰਾਣਾ ਦਾ ਸੰਚਾਰ ਕਰਨ ਕਰ ਕੇ ਉਸ ਵੇਲੇ ਸਿੱਖ ਸੰਪਰਦਾ ਵਿਚੋਂ ਇਕ ਬੇ-ਮਿਸਾਲ ਰਾਜਨੀਤਕ ਚੇਤਨਾ ਦ੍ਰਿਸ਼ਟੀ ਗੋਚਰ ਹੋਈ। ਅਨੇਕਾਂ ਤਰ੍ਹਾਂ ਦੇ ਇਤਿਹਾਸਕ ਉਤਾਰਾਂ ਚੜ੍ਹਾਵਾਂ ਹਮਲਿਆਂ ਤੇ ਜਵਾਬੀ ਹਮਲਿਆਂ ਦੇ ਨਤੀਜੇ ਵਜੋਂ ਪੰਜਾਬ ਦੀ ਹਾਲਤ ਵਿਚ ਏਨੀ ਤੇਜ਼ੀ ਨਾਲ ਤਬਦੀਲੀ ਆਈ ਕਿ ਮਜਬੂਰੀ ਵਿਚ ਧਰਮ ਸੰਪਰਦਾ ਨੂੰ ਵੀ ਹਥਿਆਰਬੰਦ ਹੋਣਾ ਪਿਆ। ਬ੍ਰਿਟਿਸ਼ ਪੰਜੇ ਵਿਚੋਂ ਆਪਣੀ ਤੇ ਭਾਰਤ ਦੀ ਆਜ਼ਾਦੀ ਲਈ ਇਕ ਬਦੇਸ਼ੀ ਰਾਜ ਨਾਲ ਸੰਬੰਧ ਜੋੜ ਕੇ ਉਸ ਦੀ ਸਹਾਇਤਾ ਹਾਸਲ ਕਰਨ ਦਾ ਜਤਨ ਕਰਨਾ ਪਿਆ। ਸਿੱਖ ਰਾਜ ਦੇ ਖਾਤਮੇ ਕਰਕੇ ਖਾਲਸਾ ਫੌਜ ਦੇ ਬਹੁਤੇ ਸਿੱਖ ਬੇਕਾਰ ਹੋ ਗਏ। ਉਨ੍ਹਾਂ ਲਈ ਨਿਰਾ ਖੇਤੀ ਬਾੜੀ ਉਤੇ ਨਿਰਭਰ ਰਹਿਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਮੰਦੇ ਦਿਨਾਂ ਵਿਚ ਗੁਜ਼ਾਰਾ ਕਰਨ ਲਈ ਖੇਤੀ ਬਾੜੀ ਦਾ ਕੰਮ ਸ਼ੁਰੂ ਕਰਨ ਤੇ ਵੀ ਇਕ ਫੌਜੀ ਜਾਤੀ ਲਈ ਇਸ ਕੰਮ ਵਿਚ ਪੂਰੀ ਤਰ੍ਹਾਂ ਮਨ ਲਗਾਉਣਾ ਸੰਭਵ ਨਹੀਂ। ਖਾਸ ਕਰਕੇ ਬਹੁਤੇ ਲੋਕ ਬੇਜ਼ਮੀਨੇ ਹਲ ਵਾਹਕ ਸਨ-ਸੋ ਇਸ ਕੰਮ ਰਾਹੀਂ ਪਰਵਾਰ ਦਾ ਗੁਜ਼ਾਰਾ ਚਲਾਉਣਾ ਅਸੰਭਵ ਹੋ ਗਿਆ ਸੀ। ਸੋ ਇਸ ਜਾਤੀ ਵਿਚ ਬਹੁਤ ਹੀ ਜ਼ਿਆਦਾ ਬੇਚੈਨੀ ਦੀ ਹਾਲਤ ਪੈਦਾ ਹੋ ਗਈ। ਇਸ ਅਸੰਤੋਖ ਦੀ ਅੱਗ ਵਿਚ ਬਾਲਣ ਪਾਇਆ ਅੰਗਰੇਜ਼ਾਂ ਦੀ ਲੁਟ ਘਸੁਟ ਦੀ ਨੀਤੀ ਨੇ। ਬੇਜ਼ਮੀਨ ਕਿਸਾਨ ਸਮਾਜ ਨੇ ਨਾਮਧਾਰੀ ਸੰਪਰਦਾ ਦੇ ਇਸ ਮੁੜ ਜਾਗਰਨ ਦੀ ਯੋਜਨਾ ਵਿਚ ਪੂਰੀ ਤਰ੍ਹਾਂ ਮਨ ਲਗਾਇਆ ਤੇ ਇਸ ਅੰਦੋਲਣ ਵਿਚੋਂ ਆਪਣੀ ਆਜ਼ਾਦੀ ਦਾ ਰਾਹ ਲੱਭਿਆ। ਕੂਕਾ ਸੰਪਰਦਾ ਦੇ ਬਾਨੀ ਤੇ ਗੁਰੂ ਬਾਲਕ ਸਿੰਘ ਦੇ ਉਤਰਾਧਿਕਾਰੀ ਜ਼ਿਲਾ ਲੁਧਿਆਣਾ ਦੇ ਗੁਰੂ ਰਾਮ ਸਿੰਘ ਜੀ ਦੀ ਅਸਾਧਾਰਨ ਸੰਗਠਨ ਪ੍ਰਤਿਭਾ, ਭਾਸ਼ਣ ਕਲਾ ਤੇ ਅਡੋਲ ਸਿਦਕ ਨੇ ਇਸ ਅੰਦੋਲਣ ਦੀ ਨੀਂਹ ਪੱਕੀ ਕਰ ਦਿੱਤੀ ਤੇ ਹੌਲੀ-ਹੌਲੀ ਕੂਕਾ ਅੰਦੋਲਨ ਕਿਸਾਨ ਸਮਾਜ ਦਾ ਆਪਣਾ ਅੰਦੋਲਣ ਬਣ ਗਿਆ।

ਸਿੱਖਾਂ ਦੇ ਇਸ ਸੰਗਠਨ ਕਰਕੇ ਪੰਜਾਬ ਦੇ ਉਸ ਵੇਲੇ ਦੇ ਅੰਗਰੇਜ਼ ਹਾਕਮ ਬਹੁਤ ਹੀ ਘਬਰਾਏ। ਪੰਜਾਬ ਦੇ ਜਸੂਸੀ ਮਹਿਕਮੇ ਨੂੰ ਕੂਕਿਆਂ ਦੀਆਂ ਸਰਗਰਮੀਆਂ ਨੂੰ ਧਿਆਨ ਵਿਚ ਰੱਖਣ ਦਾ ਹੁਕਮ ਦਿੱਤਾ ਗਿਆ। ਗੁਰੂ ਰਾਮ ਸਿੰਘ ਜੀ ਦੇ ਬਾਹਰ ਅੰਦਰ ਜਾਣ ਆਉਣ ਉਤੇ ਪਾਬੰਦੀ ਲੱਗਾ ਦਿੱਤੀ ਗਈ। ਪੰਜਾਬ ਸਰਕਾਰ ਨੇ ਭਾਰਤ ਸਰਕਾਰ ਨੂੰ ਦੱਸਿਆ ਕਿ ਕੂਕੇ ਗੁਪਤ ਅੰਦੋਲਣ ਚਲਾ ਰਹੇ ਹਨ। ਇਹ ਫਸਾਦੀ ਹਨ ਤੇ ਪੰਜਾਬ ਦੇ ਅਮਨ ਲਈ ਖਤਰਾ ਹਨ। ਨਤੀਜੇ ਵਜੋਂ ਤੁਛ ਕਾਰਨ ਤੋਂ ਰਾਜ-ਸ਼ਕਤੀ ਨਾਲ ਕੂਕਿਆਂ ਦਾ ਸੰਘਰਸ਼ ਅਰੰਭ ਹੋ ਗਿਆ। ਅੰਗਰੇਜ਼ ਹਾਕਮਾਂ ਵਲੋਂ ਗਊ ਹੱਤਿਆ ਬੰਦ ਕਰਨ ਦਾ ਇਕਰਾਰ ਤੋੜਨ ਤੇ ਮਲੇਰਕੋਟਲੇ ਵਿਚ ਕੂਕਿਆਂ ਵਲੋਂ ਜਿਹੜਾ ਸੁਤੇ ਸਿੱਧ ਵਿਰੋਧ ਉਠਿਆ, ਹਾਕਮਾਂ ਵਲੋਂ ਉਸਨੂੰ ਦਬਾਉਣ ਲਈ ਪਰਚੰਡ ਦਮਨ ਨੀਤੀ ਅਪਣਾਏ ਜਾਣ ਕਰਕੇ ਉਹ ਝਗੜਾ ਵਿਆਪਕ ਵਿਦਰੋਹ ਦਾ ਰੂਪ ਧਾਰ ਗਿਆ।

ਅਨੇਕਾਂ ਵਿਦਰੋਹੀ ਕੂਕਿਆਂ ਨੇ ਜੰਗ ਵਿਚ ਸ਼ਹੀਦੀਆਂ ਪਾਈਆਂ। ਇਕ ਅਦਾਲਤੀ ਢੌਂਗ ਰਚ ਕੇ ਉਸਦੇ ਫੈਸਲੇ ਅਨੁਸਾਰ ਬਹੁਤ ਸਾਰੇ ਵਿਦਰੋਹੀਆਂ ਨੂੰ ਅੱਗ ਉਗਲਦੀਆਂ ਤੋਪਾਂ ਅੱਗੇ ਖਲਿਹਾਰ ਕੇ ਉੜਾ ਦਿੱਤਾ ਗਿਆ। ਕੁਝ ਦੇਸ਼ ਭਗਤਾਂ ਨੂੰ ਜੇਲ੍ਹਾਂ ਦੀਆਂ ਕੰਧਾਂ ਪਿਛੇ ਡੱਕ ਦਿੱਤਾ ਗਿਆ। ਅਤੇ ਅੰਤ ਵਿਚ ਕੂਕਾ ਨੇਤਾ ਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦੇ ਕੇ ਬਰ੍ਹਮਾ ਦੀ ਮਰਗੋਈ ਜੇਲ੍ਹ ਵਿਚ ਭੇਜ ਦਿੱਤਾ।

ਬਦੇਸ਼ੀ ਹਾਕਮਾਂ ਦੇ ਜ਼ੁਲਮਾਂ ਨਾਲ ਅੰਦੋਲਣ ਦੀ ਰਫ਼ਤਾਰ ਕੁਝ ਰੁਕ ਜਾਣ ਤੇ ਵੀ ਉਸ ਦੀ ਧਾਰਾ ਫਲਗੂ ਨਦੀ ਵਾਂਗ



Namdhari Elibrary NamdhariElibrary@gmail.com

ਲੋਕ-ਅੱਖਾਂ ਤੋਂ ਓਹਲੇ ਓਹਲੇ ਵਹਿੰਦੀ ਰਹੀ। ਇਸ ਗੁਪਤ ਅੰਦੋਲਣ ਦੀ ਅਗਵਾਈ ਗੁਰੂ ਰਾਮ ਸਿੰਘ ਜੀ ਦੇ ਭਰਾਤਾ ਬੁੱਧ ਸਿੰਘ ਜੀ ਨੇ ਸੰਭਾਲ ਲਈ। ਮਰਗੋਈ ਜੇਲ੍ਹ ਵਿਚ ਨਿਰਵਾਸਿਤ ਗੁਰੂ ਨਾਲ ਚਿੱਠੀ ਪੱਤਰ ਦੇ ਸੰਬੰਧ ਜੋੜਨੇ ਅਤੇ ਅੰਗਰੇਜ਼ ਵਿਰੋਧੀ ਸੰਗਰਾਮ ਵਿਚ ਰੂਸੀ ਸ਼ਕਤੀ ਦੀ ਸਹਾਇਤਾ ਪ੍ਰਾਪਤੀ ਦੇ ਜਤਨ ਕੂਕਾ ਅੰਦੋਲਣਕਾਰੀਆਂ ਵਲੋਂ ਬਾਅਦ ਵਿਚ ਅਪਣਾਏ ਜਾਣ ਵਾਲੇ ਗੁਪਤ ਦਾਅ-ਪੇਚਾਂ ਦੀ ਖ਼ਾਸ ਮਹਾਨਤਾ ਹੈ।

ਅਜੇਹੇ ਸਮੇਂ ਅੰਗਰੇਜ਼-ਅਫ਼ਗਾਨ ਜੰਗ ਨੇ ਇਸ ਨਵੇਂ ਤਰੀਕੇ ਨੂੰ ਅਮਲ ਵਿਚ ਲਿਆਉਣ ਵਿਚ ਕਾਫ਼ੀ ਮਦਦ ਕੀਤੀ। ਮੁਸਲਿਮ ਧਰਮ ਨੂੰ ਮੰਨਣ ਵਾਲੇ ਅਫ਼ਗਾਨ, ਸਿੱਖਾਂ ਲਈ ਭਾਵੇਂ ਕਿੰਨੇ ਵੀ ਓਪਰੇ ਹੋਣ ਪਰ ਅੰਗਰੇਜ਼ਾਂ ਨੂੰ ਕੱਢਣ ਦੇ ਮਾਮਲੇ ਵਿਚ ਉਹ ਸਿੱਖਾਂ ਦੇ ਭਾਈਵਾਲ ਬਣ ਗਏ। ਜੰਗ ਵਿਚ ਥੱਕੇ ਹਾਰੇ ਅੰਗਰੇਜ਼ਾਂ ਨੂੰ ਇਸ ਸੰਕਟ ਵੇਲੇ ਅੰਤਮ ਸੱਟ ਮਾਰਨ ਲਈ ਕੂਕਾ ਨੇਤਾਵਾਂ ਨੇ ਤਿਆਰੀ ਕੀਤੀ। ਮੱਧ ਏਸ਼ੀਆ ਵਿਚ ਰੂਸੀ ਸਾਮਰਾਜ ਦੇ ਲਗਾਤਾਰ ਪਸਾਰੇ ਦੀ ਗੱਲ ਕੂਕਿਆਂ ਤੋਂ ਲੁਕੀ ਨਹੀਂ ਸੀ ਹੋਈ। ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ— ਅੰਗਰੇਜ਼ੀ ਹਕੂਮਤ ਦਾ ਖਾਤਮਾ ਕਰਨ ਲਈ ਅਫ਼ਗਾਨਿਸਤਾਨ ਦੇ ਰਾਹੀਂ ਰੂਸ ਕਿਸੇ ਨਾ ਕਿਸੇ ਦਿਨ ਜ਼ਬਰਦਸਤ ਹਮਲਾ ਕਰੇਗਾ। ਨੇਤਾਵਾਂ ਨੇ ਫੈਸਲਾ ਕੀਤਾ-ਮੱਧ ਏਸ਼ੀਆ ਦੇ ਰੂਸੀ ਦਰਬਾਰ ਵਿਚ ਦੂਤ ਘੱਲ ਕੇ ਰੂਸ ਦੇ ਹਾਕਮਾਂ ਨੂੰ ਭਰੋਸਾ ਦਿਵਾਇਆ ਜਾਵੇ ਕਿ ਉਨ੍ਹਾਂ ਵਲੋਂ ਭਾਰਤ ਵਿਚ ਅੰਗਰੇਜ਼ੀ ਰਾਜ ਉਤੇ ਹਮਲਾ ਕਰਦਿਆਂ ਹੀ ਸਾਰੇ ਭਾਰਤ ਵਾਸੀ ਉਨ੍ਹਾਂ ਦੀ ਇਸ ਅੰਗਰੇਜ਼ ਵਿਰੋਧੀ ਲੜਾਈ ਵਿਚ ਪੂਰਾ-ਪੂਰਾ ਸਾਥ ਦੇਣਗੇ। ਕੂਕਾ-ਰੂਸ ਸਹਿਯੋਗ ਨਾਲ ਭਾਰਤ ਵਰਸ਼ ਵਿਚੋਂ ਅੰਗਰੇਜ਼ਾਂ ਦਾ ਰਾਜ ਖ਼ਤਮ ਹੋ ਜਾਏਗਾ। ਇੰਜ ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ ਦਲੀਪ ਸਿੰਘ ਮੁੜ ਪੰਜਾਬ ਦਾ ਰਾਜ ਸਿੰਘਾਸਨ ਹਾਸਿਲ ਕਰੇਗਾ। ਤੇ ਦੂਜੇ ਬੰਨੇ ਪੱਛਮ ਵਿਚ ਰੂਸੀ ਸ਼ਕਤੀ ਸ਼੍ਰੋਮਣੀ ਸ਼ਕਤੀ ਬਣ ਜਾਏਗੀ।

ਪਰ ਇਸ ਯੋਜਨਾ ਨੂੰ ਉਨ੍ਹਾਂ ਹਾਲਤਾਂ ਵਿਚ ਅਮਲੀ ਰੂਪ ਦੇਣਾ ਇਕ ਬਹੁਤ ਹੀ ਔਖਾ ਕੰਮ ਸੀ। ਇਕ ਤਾਂ ਏਸ਼ੀਆ ਦੇ ਬਿਖੜੇ ਅਲੰਘ ਰਾਹਾਂ ਨੂੰ ਪਾਰ ਕਰਕੇ ਜਾਣਾ ਔਖਾ ਸੀ, ਦੂਜਾ ਭਾਰਤ ਵਰਸ ਦੀ ਉਸ ਵੇਲੇ ਦੀ ਵਿਸ਼ੇਸ਼ ਰਾਜਨੀਤਕ ਪਰਸਥਿਤੀ ਦਾ ਵਿਸ਼ਲੇਸ਼ਨ ਕਰਕੇ ਰੂਸ ਦੇ ਹਾਕਮਾਂ ਨੂੰ ਅੰਗਰੇਜ਼ ਵਿਰੋਧੀ ਚੜ੍ਹਾਈ ਲਈ ਤਿਆਰ ਕਰਨਾ ਵੀ ਔਖਾ ਨਹੀਂ ਸੀ।

ਅੰਗਰੇਜ਼ ਤੇ ਅਫ਼ਗਾਨ ਹਾਕਮਾਂ ਦੀ ਸਾਵਧਾਨ ਨਜ਼ਰ ਤੋਂ ਬਚ ਕੇ ਜੰਗ ਨਾਲ ਤਬਾਹ ਹੋਏ ਦੇਸ਼ ਦੇ ਵਿਚੋਂ ਦੀ ਲੰਘ ਕੇ ਜਾਣ ਲਈ ਖਾਸ ਕਿਸਮ ਦੀ ਦਲੇਰੀ ਤੇ ਬੁੱਧੀਮੱਤਾ ਦੀ ਲੋੜ ਸੀ। ਕੂਕਾ ਅੰਦੋਲਣ ਦੇ ਅੰਤਿਮ ਅਧਿਆਇ ਦੇ ਨਾਇਕ ਬਾਬਾ ਗੁਰਚਰਨ ਸਿੰਘ ਨੇ ਆਪਣਾ ਸਿਰ ਤਲੀ ਕੇ ਧਰ ਕੇ ਇਹ ਵੱਡੀ ਜ਼ਿੰਮੇਵਾਰੀ ਸੰਭਾਲ ਲਈ। ਗੁਰੂ ਨਾਨਕ ਦੇ ਸਿੱਖ ਤੇ ਸਹਿਯੋਗੀ ਭਾਈ ਪਿਰਾਣਾ, ਗੁਰਚਰਨ ਸਿੰਘ ਦੇ ਪੁਰਖਿਆਂ ਵਿਚੋਂ ਸਨ। ਭਾਈ ਪਿਰਾਣਾ ਨੇ ਸਿੱਖੀ ਦੇ ਪ੍ਰਚਾਰ ਲਈ ਕਾਬੁਲ ਵਿਚ ਇਕ ਧਰਮਸ਼ਾਲਾ ਬਣਾਈ ਸੀ। ਓਥੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਚੇਲੇ ਬਣ ਗਏ ਸਨ। ਛੋਟੇ ਹੁੰਦਿਆਂ ਤੋਂ ਹੀ ਕਾਬੁਲ ਵਿਚ ਜਾਂਦੇ ਆਉਂਦੇ ਗੁਰਚਰਨ ਸਿੰਘ ਨੇ ਉਤਰਾਧਿਕਾਰੀ ਦੇ ਸਿਲਸਿਲੇ ਵਿਚ ਧਰਮਸ਼ਾਲਾ ਦੇ ਰਖ਼ਸ਼ਕ ਤੇ ਧਰਮ ਉਪਦੇਸ਼ਕ ਦੀ ਥਾਂ ਸੰਭਾਲੀ ਅਤੇ ਉਸਦਾ ਕਾਬੁਲ ਆਉਣਾ ਜਾਣਾ ਬਣਿਆਂ ਰਿਹਾ। ਜਵਾਨੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਰਹਿਣ ਤੋਂ ਬਾਅਦ ਵੀ ਉਸਦਾ ਕਾਬੁਲ ਵਿਚ ਆਉਣਾ ਜਾਣਾ ਬਰਾਬਰ ਜਾਰੀ ਰਿਹਾ। ਸੰਨ ੧੮੪੯ ਵਿਚ ਹੋਰ ਸਿੱਖ ਫੌਜੀਆਂ ਦੇ ਨਾਲ-ਨਾਲ ਉਸ ਕੋਲੋਂ ਵੀ ਹਥਿਆਰ ਲੈ ਲਏ ਗਏ ਸਨ ਤੇ ਉਹ ਜ਼ਿਲ੍ਹਾ ਸਿਆਲਕੋਟ ਦੇ ਪਿੰਡ ਚੱਕ ਰਾਮਦਾਸ ਵਿਚ ਆਪਣੇ ਜੱਦੀ ਘਰ ਵਿਚ ਜਾ ਕੇ ਵਾਹੀ ਦੇ ਕੰਮ ਵਿਚ ਲੱਗ ਗਿਆ ਸੀ। ਲਗਭਗ ਸੰਨ ੧੮੭੦ ਦੇ ਲਾਗੇ ਚਾਗੇ ਗੁਰੂ ਰਾਮ ਸਿੰਘ ਜੀ ਨੇ ਧਰਮ ਪ੍ਰਚਾਰ ਦੇ ਸਿਲਸਿਲੇ ਵਿਚ ਆਇਆਂ ਹੋਇਆਂ ਗੁਰਚਰਨ ਸਿੰਘ ਦੇ ਘਰ ਦਰਸ਼ਨ ਦਿੱਤੇ ਤੇ ਉਸਦੀ ਸੇਵਾ ਅਤੇ ਨਿਮਰਤਾ ਤੇ ਖੁਸ਼ ਹੋ ਕੇ ਉਸ ਨੂੰ ਕੂਕਾ ਮਹੰਤ ਦੀ ਪਦਵੀ ਦਿੱਤੀ।

ਕੂਕਾ ਵਿਦਰੋਹ ਵਿਚ ਗੁਰਚਰਨ ਸਿੰਘ ਦਾ ਕੋਈ ਹਿੱਸਾ ਨਹੀਂ ਸੀ। ਕਿਉਂਕਿ ਵਿਦਰੋਹ ਵੇਲੇ ਉਹ ਕਾਬੁਲ, ਗਜ਼ਨੀ ਆਦਿ ਥਾਵਾਂ ਤੇ ਘੁੰਮ ਰਿਹਾ ਸੀ ਤੇ ਪੰਜਾਬ ਤੋਂ ਬਾਹਰ ਸੀ। ਘਰ ਮੁੜ ਕੇ ਕੂਕਾ ਵਿਦਰੋਹ ਦੀ ਨਾਕਾਮੀ ਨੂੰ ਦਿਲੋਂ ਪਰਵਾਨ ਕਰਨਾ ਉਸ ਲਈ ਅਸੰਭਵ ਹੋ ਗਿਆ। ਆਪਣੇ ਦੇਸ਼ ਤੇ ਆਪਣੀ ਜਾਤੀ ਦੀ ਖੁੱਸ ਚੁਕੀ ਮਰਯਾਦਾ ਨੂੰ ਮੁੜ ਹਾਸਿਲ ਕਰਨ ਲਈ ਉਸਨੇ ਕਮਰ ਕੱਸੇ ਕਰ ਲਏ। ਮੌਕਾ ਮਿਲਦਿਆਂ ਹੀ ਗੁਰੂ ਰਾਮ ਸਿੰਘ ਜੀ ਵੱਲੋਂ ਲਿਖਵਾਏ ਸੁਨੇਹੇ ਨੂੰ ਲੈਕੇ ਬਿਨਾਂ ਝਿਜਕ ਉਸ ਨੇ ਮੱਧ ਏਸ਼ੀਆ ਦੇ ਬਿਖੜੇ ਰਾਹਾਂ ਨੂੰ ਪਾਰ ਕਰਨਾ ਸ਼ੁਰੂ ਕਰ ਦਿੱਤਾ। ਘਰ ਦਾ ਮੋਹ ਬਿਰਧ ਨੂੰ ਥੋੜ੍ਹਾ ਹੀ ਸੀ। ਬਦੇਸ਼ ਯਾਤਰਾ ਤੋਂ ਪਹਿਲਾਂ ਘਰ ਵਾਲਿਆਂ ਨੂੰ ਉਹ ਸਿਰਫ਼ ਏਨਾ ਹੀ ਆਖ ਗਿਆ ਕਿ ਇਸ ਵਾਰ ਵੀ ਉਹ ਪਹਿਲਾਂ ਵਾਂਗ ਕਾਬੁਲ ਹੀ ਜਾਏਗਾ।

ਅੰਗਰੇਜ਼ ਤੇ ਅਫ਼ਗਾਨ ਹਾਕਮਾਂ ਦੀ ਸਾਵਧਾਨ ਨਜ਼ਰ ਤੋਂ ਬਚਦਾ ਹੋਇਆ ਗੁਰਚਰਨ ਸਿੰਘ ੯ ਮਈ ੧੮੭੯ ਨੂੰ ਰੂਸੀ ਤੁਰਕਿਸਤਾਨ ਦੇ ਸਰਹੱਦੀ ਸ਼ਹਿਰ ਕੁਟਾਰਕੁਗਾਨ ਵਿਚ ਜਾ ਪਹੁੰਚਾ। ਇਸ ਬਿਰਧ ਸਿੱਖ ਦੀ ਆਮਦ ਅਤੇ ਖਾਸ ਕਰਕੇ ਉਸ ਦੇ ਹੱਥ ਵਿਚਲੀ ਚਿੱਠੀ ਨੇ ਸ਼ਹਿਰ ਵਾਸੀਆਂ ਵਿਚ ਕਾਫ਼ੀ ਹਲਚਲ ਮਚਾ ਦਿੱਤੀ। ਜਰਾ-ਵਾਸਗਸਕ ਦੇ ਹਾਕਮ ਮੇਜਰ ਜਨਰਲ ਐਨ. ਈ. ਈਵਾਨੋਵ ਕੋਲ ਖ਼ਬਰ ਪਹੁੰਚਣ ਤੇ ਉਸਨੇ ਗੁਰਚਰਨ ਸਿੰਘ ਨੂੰ ਸਮਰਕੰਦ ਆਉਣ ਲਈ ਸੱਦਾ ਘੱਲਿਆ, ਪਰ ਈਵਨੋਵ ਨੂੰ ਗੁਰਮੁਖੀ ਅੱਖਰਾਂ ਵਿਚ ਲਿਖੀ ਚਿੱਠੀ ਦਾ ਭਾਵ ਸਮਝੇਣਾ ਭਾਸ਼ਾ ਦੀ ਦੂਰੀ ਕਰਕੇ ਗੁਰਚਰਨ ਸਿੰਘ ਲਈ ਲਗ-ਭਗ ਅਸੰਭਵ ਹੋ ਗਿਆ। ਖੁਸ਼ਕਿਸਮਤੀ ਨੂੰ ਸਮਰਕੰਦ ਦਰਬਾਰ ਵਿਚ ਗਏ ਹੋਏ ਇਕ ਭਾਰਤੀ ਵਪਾਰੀ ਨੇ ਪਹਿਲਾਂ



Namdhari Elibrary NamdhariElibrary@gmail.com

ਉਸ ਚਿੱਠੀ ਦਾ ਫ਼ਾਰਸੀ ਭਾਸ਼ਾ ਵਿਚ ਤਰਜਮਾ ਕੀਤਾ। ਫ਼ਾਰਸੀ ਤੋਂ ਰੂਸੀ ਭਾਸ਼ਾ ਵਿਚ ਉਲਥਾਉਣਾ ਓਨਾਂ ਔਖਾ ਕੰਮ ਨਹੀਂ ਸੀ, ਕਿਉਂਕਿ ਮੱਧ ਏਸ਼ੀਆ ਵਿਚ ਫ਼ਾਰਸੀ ਤੇ ਰੂਸੀ ਭਾਸ਼ਾਵਾਂ ਜਾਣਨ ਵਾਲੇ ਬਹੁਤ ਸਨ। ਇਸ ਚਿੱਠੀ ਵਿਚ ਰੂਸੀ ਹਾਕਮ ਨੂੰ ਸੰਬੋਧਨ ਕਰਕੇ ਲਿਖਿਆ ਸੀ—

'ਸੰਤ ਖ਼ਾਲਸੇ ਵਲੋਂ ਸਤਿ ਸ੍ਰੀ ਅਕਾਲ ਪਹੁੰਚੇ। ਮੈਂ ਆਪਣੇ ਸਹਿਯੋਗੀ ਗੁਰਚਰਨ ਸਿੰਘ ਨੂੰ ਆਪ ਵੱਲ ਭੇਜ ਰਿਹਾ ਹਾਂ। ਇਹ ਆਪ ਨੂੰ ਸਾਰੀ ਗੱਲ ਖੋਹਲ ਕੇ ਦੱਸੇਗਾ।

ਗੁਰੂ ਗੋਬਿੰਦ ਸਿੰਘ ਜੀ ਬਹੁਤ ਚਿਰ ਪਹਿਲਾਂ ਆਖ ਗਏ ਸਨ— ਔਰੰਗਜ਼ੇਬ ਦੇ ਅਤਿਆਚਾਰ ਤੋਂ ਖ਼ਾਲਸੇ ਦੇ ਮੁਕਤ ਹੋ ਜਾਣ ਤੇ ਵੀ ਅੰਗਰੇਜ਼ ਉਸ ਨੂੰ ਹਰਾਕੇ ਰਾਜ ਕਰਨਾ ਸ਼ੁਰੂ ਕਰ ਦੇਣਗੇ। ਉਸ ਤੋਂ ਬਾਅਦ ਰੂਸ ਆਏਗਾ, ਉਹ ਜਿੱਤੇਗਾ ਤੇ ਅੰਗਰੇਜ਼ਾਂ ਨੂੰ ਭਾਜੜਾਂ ਪੈਣਗੀਆਂ। ਗੁਰੂ ਨਾਨਕ ਨੇ ਆਪ ਆਖਿਆ ਹੈ— ਪਵਿੱਤਰ ਧਰਮ ਰੱਖਿਆ ਲਈ ਮੈਂ ਫਿਰ ਦੇਹ ਰੂਪ ਵਿਚ ਆਵਾਂਗਾ। ਸ਼ੇਸ਼ ਨਾਗ ਪ੍ਰਿਥਵੀ ਦਾ ਆਸਰਾ ਹੈ, ਉਸ ਦਾ ਅੰਤ ਹੈ; ਪਰ ਬ੍ਰਮ੍ਹਾਂ ਤੇ ਵਿਸ਼ਨੂੰ ਜਿਨ੍ਹਾਂ ਦਾ ਆਧਾਰ ਸਤਿ ਤੇ ਦਇਆ ਹੈ ਉਨ੍ਹਾਂ ਦਾ ਅੰਤ ਨਹੀਂ। ਮੈਂ ਇਕ ਖ਼ੂਨੀ ਸੰਗਰਾਮ ਸ਼ੁਰੂ ਕਰਾਂਗਾ। ਪਰ ਸਾਧੂ ਸੱਜਣ ਇਸ ਲਹੂ ਦੇ ਹੜ੍ਹ ਨੂੰ ਵੇਖ ਨਹੀਂ ਡਰਨਗੇ, ਕਿਉਂਕਿ ਛੁਟਕਾਰਾ ਲਹੂ-ਵਹਿਣ ਰਾਹੀਂ ਆਵੇਗਾ। ਲਾਹੌਰ ਵਿਚ ਜਦੋਂ ਜੰਗ ਹੋਵੇਗੀ ਓਦੋਂ ਲਹੂ ਦੀ ਨਦੀ ਚੱਲੇਗੀ। ਦੁਸ਼ਮਣ ਨੂੰ ਹਥਿਆਰ ਤੇ ਘੋੜੇ ਨਹੀਂ ਲੱਭਣਗੇ। ਇਕ ਦਿਨ ਲਈ ਇਕ ਰੁਪਇਆ ਦੇਣਾ ਮੰਨਣ ਤੇ ਵੀ ਉਨ੍ਹਾਂ ਨੂੰ ਭਾੜੇ ਦੇ ਸਿਪਾਹੀ ਨਹੀਂ ਮਿਲਣਗੇ- ਅਕਾਲ ਪੁਰਖ ਸਾਡੀ ਸਹਾਇਤਾ ਤੇ ਆਏਗਾ-ਉਸ ਦੀ ਜੈ ਹੋਵੇਗੀ ਹੀ।

"ਸਾਡੇ ਹੱਥ ਵਿਚ ਤਿੰਨ ਲੱਖ ਪੰਦਰਾਂ ਹਜ਼ਾਰ ਫ਼ੌਜ ਹੈ। ਲੋੜ ਪੈਣ ਤੇ ਹੋਰ ਵੀ ਇਕੱਠੀ ਕਰਨੀ ਮੁਸ਼ਕਲ ਨਹੀਂ ਹੋਵੇਗੀ। ਅੰਗਰੇਜ਼ ਭਾਰਤ ਵਰਸ਼ ਉਤੇ ਚੌਤੀ ਸਾਲ ਰਾਜ ਕਰੇਗਾ। ੩੨ ਸਾਲ ਬੀਤ ਗਏ ਹਨ, ਬਾਕੀ ਹਨ ਸਿਰਫ਼ ਦੋ ਸਾਲ। ਅਕਾਲ ਪੁਰਖ ਆਪ ਅੰਗਰੇਜ਼ਾਂ ਦੀਆਂ ਬੈਰਕਾਂ ਖ਼ਾਲੀ ਕਰਾਵੇਗਾ, ਸਾਰੇ ਸਿੱਖ ਬਗ਼ਾਵਤ ਦਾ ਐਲਾਨ ਕਰਨਗੇ- ਅਸੀਂ ਜੰਗ ਕਰਾਂਗੇ।"

"ਜਿਸ ਥਾਂ ਤੇ ਜਿੰਨੇ ਨਾਮਧਾਰੀ ਸਿੱਖ ਹਨ ਉਹ ਸਾਰੇ ਇਸ ਮੁਕਤੀ ਸੰਗਰਾਮ ਵਿਚ ਨਿਤਰਨਗੇ। ਇਸ ਯੁੱਧ ਵਿਚ ਨਾਮਧਾਰੀ ਸਿੰਘਾਂ ਨਾਲ ਰਲਕੇ ਜਿਹੜੇ ਅੰਗਰੇਜ਼ ਦੀ ਗੋਲੀ ਨਾਲ ਸ਼ਹੀਦ ਹੋਣਗੇ, ਉਹ ਅਕਾਲ ਪੁਰਖ ਦੇ ਸੱਚੇ ਸੇਵਕ ਹੋਣਗੇ।"

"ਗੁਰੂ ਨਾਨਕ ਨੇ ਦ੍ਰਿੜ੍ਹਤਾ ਨਾਲ ਐਲਾਨ ਕੀਤਾ ਸੀ, ਤੁਸੀਂ ਜ਼ਰੂਰ ਹੀ ਸਾਡੀ ਸਹਾਇਤਾ ਕਰੋਗੇ। ਤਿੰਨ ਲੱਖ ੧੫ ਹਜ਼ਾਰ ਸਿੱਖ ਤੁਹਾਡੇ ਨਾਲ ਹੋਣਗੇ, ਹੋਰ ਵੀ ਬੇਅੰਤ ਰਲ ਜਾਣਗੇ। ਤੁਸੀਂ ਆਣਕੇ ਸਾਨੂੰ ਜਿਵੇਂ ਚਲਾਓਗੇ, ਅਸੀਂ ਓਸੇ ਤਰ੍ਹਾਂ ਹੀ ਚੱਲਾਂਗੇ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਪੁੱਛਿਆ ਗਿਆ ਸੀ ਕਿ ਯੁੱਧ ਕਿੱਥੇ ਹੋਵੇਗਾ ਤਾਂ ਉਨ੍ਹਾਂ ਨੇ ਜਵਾਬ ਵਿਚ ਕਿਹਾ ਸੀ, ਪਹਿਲਾਂ ਕਾਬੁਲ ਪਹਾੜ ਤੇ ਫਿਰ ਕਾਬੁਲ ਵਿਚ, ਉਸ ਤੋਂ ਬਾਅਦ ਜਮਰੌਦ, ਜੰਮੂ, ਲਾਹੌਰ ਤੇ ਫ਼ਿਰੋਜ਼ਪੁਰ ਵਿਚ। ਅੰਤਮ ਯੁੱਧ ਲੁਧਿਆਣੇ ਵਿਚ ਹੋਵੇਗਾ।"

"ਬਾਬਾ ਬੁੱਧ ਸਿੰਘ ਸਭ ਕੁਝ ਜਾਣਦੇ ਹਨ। ਉਹ ਪਿਛੇ ਹਨ, ੩੪ ਸੂਬੇ ਉਨ੍ਹਾਂ ਦੇ ਹੁਕਮ ਵਿਚ ਹਨ।"

ਇਸ ਚਿੱਠੀ ਨੇ ਰੂਸ ਦਰਬਾਰ ਵਿਚ ਰੂਸੀ ਹਾਕਮਾਂ ਨੂੰ ਦੰਗ ਕਰ ਦਿੱਤਾ। ਕਿਉਂਕਿ ਇਸ ਤੋਂ ਪਹਿਲਾਂ ਜਿਹੜੇ ਮੱਧ ਏਸ਼ੀਆ ਦੇ ਰੂਸੀ ਦਰਬਾਰ ਵਿਚ ਭਾਰਤ ਵਰਸ਼ ਦੀ ਪ੍ਰਤੀਨਿਧਤਾ ਕਰਨ ਲਈ ਆਏ ਸਨ ਉਹ ਕਸ਼ਮੀਰ ਦੇ ਇੰਦੌਰ ਦੇ ਰਾਜਿਆਂ ਵਲੋਂ ਘੱਲੇ ਹੋਏ ਦੂਤ ਸਨ। ਗੁਰਚਰਨ ਸਿੰਘ ਇਕ ਬੇਪਛਾਣ ਆਮ ਹਿੰਦੁਸਤਾਨੀਆਂ ਦਾ ਪ੍ਰਤੀਨਿਧ ਸੀ। ਸੋ ਹਿੰਦੁਸਤਾਨ ਦੀ ਅਸਲ ਹਾਲਤ ਅਤੇ ਇਸ ਚਿੱਠੀ ਦੇ ਘੱਲਣ ਦੇ ਮੂਲ ਉਦੇਸ਼ ਬਾਰੇ ਗੁਰਚਰਨ ਸਿੰਘ ਨੂੰ ਅਨੇਕਾਂ ਤਰ੍ਹਾਂ ਦੇ ਸਵਾਲ ਪੁੱਛੇ ਗਏ। ਸਰਕਾਰੀ ਹਾਕਮ ਐਨ. ਏ. ਕਰੋਲਕੋਵ ਦੇ ਸਵਾਲਾਂ ਦੇ ਜਵਾਬ ਵਿਚ ਗੁਰਚਰਨ ਸਿੰਘ ਨੇ ਕਿਹਾ ਕਿ ਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਤੋਂ ਬਾਅਦ ਉਨ੍ਹਾਂ ਦੇ ਭਰਾਤਾ ਬੁੱਧ ਸਿੰਘ ਜੀ ਨੇ ਕੂਕਾ ਸੰਪਰਦਾ ਦੀ ਅਗਵਾਈ ਸੰਭਾਲੀ ਹੈ। ਰੂਸੀ ਹਾਕਮਾਂ ਤੱਕ ਚਿੱਠੀ ਪੁਚਾ ਦੇਣ ਦੀ ਜ਼ਿੰਮੇਵਾਰੀ ਉਨ੍ਹਾਂ ਨੇ ਆਪ ਗੁਰਚਰਨ ਸਿੰਘ ਨੂੰ ਸੌਂਪੀ ਹੈ। ਕਰੋਲਕੋਵ ਨੇ ਗੁਰਚਰਨ ਸਿੰਘ ਬਾਰੇ ਕਿਹਾ—

'ਗੁਰਚਰਨ ਸਿੰਘ ਦਾ ਅਟੁੱਟ ਵਿਸ਼ਵਾਸ ਹੈ, ਕਿ ਰੂਸੀ ਫ਼ੌਜ ਦੇ ਭਾਰਤ ਵਰਸ਼ ਵਿਚ ਪੈਰ ਰੱਖਦਿਆਂ ਹੀ ਹਰ ਇਕ ਭਾਰਤ ਵਾਸੀ ਬਿਨਾਂ ਜਾਤ-ਧਰਮ ਦਾ ਵਿਚਾਰ ਕੀਤਿਆਂ ਅੰਗਰੇਜ਼ਾਂ ਦੇ ਖ਼ਿਲਾਫ਼ ਬਗ਼ਾਵਤ ਕਰੇਗਾ। ਇਸ ਵਿਸ਼ਵਾਸ ਦੇ ਮੂਲ ਵਿਚ ਫ਼ਿਰੰਗੀ (ਅੰਗਰੇਜ਼ਾਂ) ਦੇ ਪੰਜਾਬ ਉਤੇ ਕਬਜ਼ੇ ਤੋਂ ਬਹੁਤ ਪਹਿਲਾਂ ਸਾਧੂ-ਸੰਤਾਂ ਦੀ ਭਵਿਖ ਬਾਣੀ ਹੈ।'

ਕਰੋਲਕੋਵ ਦੀ ਇਸ ਰਾਏ ਵਿਚ ਖ਼ਾਸ ਕਰਕੇ ਦਸਿਆ ਗਿਆ ਹੈ ਕਿ ਗੁਰਚਰਨ ਸਿੰਘ ਆਪਣੇ ਦੇਸ਼ ਦੇ ਦੂਸਰੇ ਲੋਕਾਂ ਵਾਂਗ ਹੀ ਵਿਸ਼ਵਾਸ ਕਰਦਾ ਹੈ ਕਿ ਭਾਰਤ ਵਰਸ਼ ਉਤੇ ਕਬਜ਼ਾ ਕਰ ਲੈਣ ਤੇ ਵੀ ਰਾਜ ਭਾਗ ਸੰਭਾਲਣ ਜਾਂ ਭੋਗਣ ਦੀ ਇਛਿਆ ਰੂਸੀਆਂ ਵਿਚ ਨਹੀਂ ਹੈ। ਅੰਗਰੇਜ਼ਾਂ ਨਾਲ ਆਹਮੋ ਸਾਹਮਣੀ ਜੰਗ ਵਿਚ ਜਿਤ-ਹਾਰ ਦਾ ਇਕ ਅੰਤਿਮ ਫ਼ੈਸਲਾ ਕਰਨਾ ਹੀ ਭਾਰਤ ਉਤੇ ਰੂਸ ਦੀ ਚੜ੍ਹਾਈ ਦਾ ਮੁੱਖ ਉਦੇਸ਼ ਹੈ। ਕਿਉਂਕਿ ਸਮੁੰਦਰ ਦੇ ਘੇਰੇ ਵਿਚਲੇ ਦੀਪ ਵਿਚ ਰਹਿਣ ਵਾਲੇ ਅੰਗਰੇਜ਼ਾਂ ਨੂੰ ਸਿੱਧਿਆਂ ਕਰਨ ਜੋਗੀ ਸਬੂਲ ਸ਼ਕਤੀ ਰੂਸੀ ਅੱਜ ਤਕ ਇਕੱਠੀ ਨਹੀਂ ਕਰ ਸਕੇ। ਭਾਰਤ ਵਰਸ਼ ਵਿਚੋਂ ਅੰਗਰੇਜ਼ੀ ਹਕੂਮਤ ਖ਼ਤਮ ਕਰਨ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਉਤਰਾਧਿਕਾਰੀ ਦਲੀਪ ਸਿੰਘ ਨੂੰ ਪੰਜਾਬ ਦਾ ਰਾਜ ਅਰਪਨ ਕਰਕੇ ਰੂਸੀ ਭਾਰਤ ਵਰਸ਼ ਵਿਚੋਂ ਚਲੇ ਜਾਣਗੇ।

ਮੇਜਰ ਜਨਰਲ ਈਵਾਨੋਵ ਵੀ ਗੁਰਚਰਨ ਸਿੰਘ ਨਾਲ ਗੱਲ-ਬਾਤ ਕਰਨ ਤੋਂ ਬਾਅਦ ਗੁਰਚਰਨ ਸਿੰਘ ਉਤੇ ਬੇ-ਵਿਸ਼ਵਾਸੀ ਕਰਨ ਦਾ ਕੋਈ ਕਾਰਨ ਨਾ ਲੱਭ ਸਕਿਆ, ਸਗੋਂ ਉਸ ਨੇ ਅਨੁਭਵ ਕੀਤਾ ਕਿ ਆਜ਼ਾਦੀ ਹਾਸਲ ਕਰਨ ਲਈ



Namdhari Elibrary NamdhariElibrary@gmail.com

ਗੁਲਾਮ ਭਾਰਤ ਦੀ ਚਾਹ ਕਿੰਨੀ ਜ਼ਬਰਦਸਤ ਹੈ। ਗੁਰਚਰਨ ਸਿੰਘ ਵਿਚੋਂ ਉਸ ਨੇ ਬੰਦੀ ਤੇ ਮਜ਼ਲੂਮ ਭਾਰਤ ਦੀ ਮੁਕਤ ਆਤਮਾ ਦੇ ਦਰਸ਼ਨ ਕੀਤੇ। ਸੋ ਸਮਰਕੰਦ ਵਿਚ ਗੁਰਚਰਨ ਸਿੰਘ ਨਾਲ ਵਾਰਤਾਲਾਪ ਦਾ ਸਾਰਾ ਵੇਰਵਾ ਤੇ ਗੁਰੂ ਰਾਮ ਸਿੰਘ ਜੀ ਵਲੋਂ ਭੇਜੀ ਗਈ ਚਿੱਠੀ, ਉਪਰਲੇ ਹਾਕਮਾਂ ਦੀ ਸੋਚ-ਵਿਚਾਰ ਲਈ ਰੂਸੀ ਤੁਰਕਿਸਤਾਨ ਦੇ ਗਵਰਨਰ ਜਨਰਲ ਕਾਰਡ ਕਮਿਆਨ ਕੋਲ ਭੇਜੇ ਗਏ। ਕਾਰਡ ਕਮਿਆਨ ਉਨ੍ਹਾਂ ਦਿਨਾਂ ਵਿਚ ਸੇਂਟ ਪੀਟਰਸਬਰਗ ਵਿਚ ਸਨ। ਭਾਰਤ ਵਰਸ਼ ਬਾਬਤ ਕੋਈ ਫੈਸਲਾ ਲੈਣ ਤੋਂ ਪਹਿਲਾਂ ਉਨ੍ਹਾਂ ਨੇ ਭਾਰਤ ਵਰਸ਼ ਬਾਰੇ ਚੰਗੀ ਤਰ੍ਹਾਂ ਪ੍ਰੋਫੈਸਰ ਮਿਆਏਫ਼ ਦੀ ਰਾਏ ਜਾਨਣ ਦਾ ਜਤਨ ਕੀਤਾ। ਮਿਆਏਫ਼ ਨੇ ਉਨ੍ਹਾਂ ਨੂੰ ਕੂਕਾ ਅੰਦੋਲਣ ਦਾ ਅਰੰਭ, ਵਿਸਥਾਰ ਤੇ ਬਾਅਦ ਦੀ ਬਗ਼ਾਵਤ ਨੂੰ ਅੰਗਰੇਜ਼ ਵਲੋਂ ਕੁਚਲੇ ਜਾਣ ਦੀ ਸਾਰੀ ਗੱਲ ਦੱਸੀ। ਆਜ਼ਾਦੀ ਹਾਸਲ ਕਰਨ ਦੇ ਜਤਨ ਸਰੂਪ ਗੁਰੂ ਰਾਮ ਸਿੰਘ ਜੀ ਵਲੋਂ ਮੱਧ ਏਸ਼ੀਆ ਵਿਚ ਦੂਤ ਘੱਲਣਾ ਉਨ੍ਹਾਂ ਨੂੰ ਅਤੀ ਸੁਭਾਵਕ ਜਾਪਿਆ। ਉਨ੍ਹਾਂ ਨੇ ਕਿਹਾ, ਗੁਰੂ ਨਾਨਕ ਪੰਦ੍ਰਵੀਂ ਸਦੀ ਵਿਚ ਹੋਏ ਹਨ। ੧੯ਵੀਂ ਸਦੀ ਰੂਸ ਵਲੋਂ ਭਾਰਤ ਉਤੇ ਹਮਲੇ ਬਾਰੇ ਉਨ੍ਹਾਂ ਦੀ ਭਵਿਖ ਬਾਣੀ ਵਿਸ਼ਵਾਸਯੋਗ ਨਹੀਂ— ਇਹ ਆਧੁਨਿਕ ਰਚਨਾ ਹੈ। ਮਿਨਾਇਫ਼ ਦੀ ਰਾਏ ਨੇ ਕਾਰਡ ਕਮਿਆਨ ਦੇ ਫੈਸਲੇ ਨੂੰ ਕਿੰਨਾ ਕੁ ਪਰਭਾਵਤ ਕੀਤਾ ਸੀ ਇਹ ਦੱਸਣਾ ਔਖਾ ਹੈ। ਪਰ ਇਹ ਗੱਲ ਮੰਨਣ ਵਾਲੀ ਨਹੀਂ ਕਿ ਉਸ ਜ਼ਮਾਨੇ ਦੀ ਰੂਸੀ ਬਦੇਸ਼ ਨੀਤੀ ਅਨੁਸਾਰ ਅੰਗਰੇਜ਼ਾਂ ਨਾਲ ਕਿਸੇ ਝਗੜੇ ਵਿਚ ਫਸਣਾ ਕਾਰਡ ਕਮਿਆਨ ਨੂੰ ਮੁਨਾਸਿਬ ਨਹੀਂ ਜਾਪਿਆ। ਉਸ ਦੇ ਹੁਕਮ ਅਨੁਸਾਰ ਗੁਰਚਰਨ ਸਿੰਘ ਦੇ ਹੱਥੀਂ ਹੇਠ ਲਿਖਿਆ ਜਵਾਬ ਘੱਲਿਆ ਗਿਆ—

'ਗੁਰੂ ਰਾਮ ਸਿੰਘ ਤੇ ਬਾਬਾ ਬੁਧ ਸਿੰਘ ਜੀ ਨੂੰ ਸੈਨਾਪਤੀ ਅਤੇ ਗਵਰਨਰ ਜਨਰਲ ਵਲੋਂ ਨਮਸਕਾਰ ਪਹੁੰਚੇ। ਗੁਰਚਰਨ ਸਿੰਘ ਦੀ ਮਾਰਫ਼ਤ ਆਪ ਦੀ ਚਿੱਠੀ ਸਾਨੂੰ ਮਿਲ ਗਈ ਹੈ ਅਤੇ ਉਸ ਦਾ ਭਾਵ ਅਰਥ ਸਮਝ ਕੇ ਸਾਨੂੰ ਖੁਸ਼ੀ ਹੋਈ ਹੈ। ਇਸ ਤੱਥ ਪੂਰਨ ਖਬਰ ਘੱਲਣ ਲਈ ਅਸੀਂ ਆਪ ਦਾ ਧੰਨਵਾਦ ਕਰਦੇ ਹਾਂ। ਪਰ ਭਾਰਤ ਵਰਸ਼ ਦੀ ਪਰਿਸਥਿਤੀ ਤੇ ਘਟਨਾਵਲੀ ਬਾਰੇ ਹੋਰ ਜ਼ਿਆਦਾ ਵੇਰਵੇ ਭਰਪੂਰ ਜਾਣਕਾਰੀ ਦੀ ਲੋੜ ਹੈ।

ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਨਾਨਕ ਦੀ ਭਵਿਖ ਬਾਣੀ ਬਾਰੇ ਸਾਨੂੰ ਜਾਣਕਾਰੀ ਮਿਲ ਗਈ ਹੈ। ਸਭ ਕੁਝ ਅਕਾਲ ਪੁਰਖ ਦੀ ਇਛਿਆ ਅਨੁਸਾਰ ਹੀ ਹੋਵੇਗਾ। ਇਹ ਗੱਲ ਮਹਾਂਪੁਰਖ ਹੀ ਸਮਝ ਸਕਦੇ ਹਨ ਕਿ ਮੁਕਤੀ ਦਾ ਲਗਨ ਕਿਸ ਵੇਲੇ ਆ ਜਾਏ।'

ਅਕਤੂਬਰ ਦੇ ਪਹਿਲੇ ਪੱਖ ਵਿਚ ਗੁਰਚਰਨ ਸਿੰਘ ਮੁੜਿਆ। ਫਿਰ ਓਹੋ ਮੁਸੀਬਤਾਂ ਭਰੇ ਰਾਹ। ਪਰ ਹੁਣ ਗੁਰਚਰਨ ਸਿੰਘ ਖੁਸ਼ੀ ਨਾਲ ਫੁਲਿਆ ਨਹੀਂ ਸੀ ਸਮਾਉਂਦਾ। ਕਿਉਂਕਿ ਮੱਧ ਏਸ਼ੀਆ ਵਿਚ ਉਸ ਦੀ ਯਾਤਰਾ ਸਫਲ ਹੋ ਗਈ ਸੀ। ਉਥੋਂ ਸਵਾਗਤ ਤੇ ਆਦਰ ਭਰਪੂਰ ਉਤਰ ਮਿਲਿਆ। ਉਸ ਦੀ ਲੰਮੀ ਗੈਰ ਹਾਜ਼ਰੀ ਵਿਚ ਉਹਦੀ ਪਤਨੀ ਨੇ ਪਰਵਾਰ ਤੇ ਜੀਅ ਕਿਵੇਂ ਆਰਥਕ ਮੁਸੀਬਤਾਂ ਦੇ ਦਿਨ ਕੱਟਦੇ ਹੋਣਗੇ ਤੇ ਇਸ ਵਾਰ ਪਰਦੇਸ ਵਿਚੋਂ ਉਸ ਨੇ ਇਕ ਵੀ ਚਿੱਠੀ ਆਪਣੇ ਘਰ ਨਹੀਂ ਸੀ ਪਾਈ। ਇਸ ਲਈ ਉਸ ਦੇ ਘਰ ਵਾਲੇ ਕਿੰਨੇ ਫਿਕਰਮੰਦ ਹੋਣਗੇ- ਇਹ ਸਭ ਕੁਝ ਸੋਚਣ ਦਾ ਸਮਾਂ ਗੁਰਚਰਨ ਸਿੰਘ ਕੋਲ ਨਹੀਂ ਸੀ। ਉਹ ਕੂਕਾ ਅੰਦੋਲਣ ਦੇ ਉਜਲੇ ਭਵਿਖ ਦੀ ਸੰਭਾਵਨਾ ਬਾਰੇ ਸੋਚ ਵਿਚ ਹੀ ਮਸਤ ਤੇਜ਼ ਨਾਲ ਅਗਾਂਹ ਵੱਧਦਾ ਰਿਹਾ। ਇਸ ਮਸਤੀ ਵਿਚ ਉਹ ਇਹ ਵੀ ਨਾ ਜਾਣ ਸਕਿਆ ਕਿ ਬ੍ਰਿਟਿਸ਼ ਸਰਕਾਰ ਦਾ ਜਾਸੂਸ ਗ਼ੁਲਾਮ ਖਾਂ ਉਸ ਦਾ ਪਿੱਛਾ ਕਰ ਰਿਹਾ ਹੈ।

ਗੁਰਚਰਨ ਸਿੰਘ ਦਾ ਮੱਧ ਏਸ਼ੀਆ ਵਿਚ ਆਗਮਨ, ਗੁਰੂ ਰਾਮ ਸਿੰਘ ਜੀ ਦੀ ਚਿੱਠੀ, ਰੂਸ ਸਰਕਾਰ ਵਲੋਂ ਆਦਰ ਸਤਿਕਾਰ ਤੇ ਚਿੱਠੀ ਦੇ ਉਤਰ ਬਾਰੇ ਸਾਰੀ ਗੱਲਬਾਤ ਗੁਲਾਬ ਖਾਂ ਨੇ ਕੁੱਤਾ ਕੁਰਗਾਨ ਤੋਂ ਪਹਿਲਾਂ ਹੀ ਪੰਜਾਬ ਸਰਕਾਰ ਨੂੰ ਦੱਸ ਘੱਲੀ ਸੀ। ਅੰਗਰੇਜ਼ ਹਾਕਮਾਂ ਦੇ ਹੁਕਮ ਨਾਲ ਗ਼ੁਲਾਬ ਖਾਂ ਨੇ ਗੁਰਚਰਨ ਸਿੰਘ ਦਾ ਪਿੱਛਾ ਕਰਨਾ ਸ਼ੁਰੂ ਕੀਤਾ। ਪਿਸ਼ਾਵਰ ਦੀ ਇਕ ਸਰਾਂ ਵਿਚ ਉਸਨੇ ਗੁਰਚਰਨ ਸਿੰਘ ਨਾਲ ਗੱਲਬਾਤ ਸ਼ੁਰੂ ਕੀਤੀ ਤੇ ਆਪਣੇ ਆਪ ਨੂੰ ਰੂਸੀ ਜਾਸੂਸ ਦੱਸਿਆ। ਗੱਲ-ਬਾਤ ਵਿਚ ਉਸਨੇ ਗੁਰਚਰਨ ਸਿੰਘ ਨੂੰ ਦੱਸਿਆ ਕਿ ਉਹ ਰੂਸੀ ਤੁਰਕਿਸਤਾਨ ਨੂੰ ਮੁੜ ਕੇ ਜਾ ਰਿਹਾ ਹੈ। ਗੁਰਚਰਨ ਸਿੰਘ ਨੇ ਦੋ ਚਿੱਠੀਆਂ ਗ਼ੁਲਾਮ ਖਾਂ ਦੇ ਹੱਥ ਰੂਸੀ ਹਾਕਮਾਂ ਨੂੰ ਦੇਣ ਲਈ ਲਿਖ ਕੇ ਦੇ ਦਿੱਤੀਆਂ। ਚਿੱਠੀਆਂ ਵਿਚ ਉਸ ਨੇ ਰੂਸੀ ਹਾਕਮਾਂ ਨੂੰ ਲਿਖਿਆ ਕਿ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਭਵਿਖ ਬਾਣੀ ਉਤੇ ਬੇਵਿਸ਼ਵਾਸੀ ਕਰਨ ਦੀ ਵਜਾਹ ਨਹੀਂ ਕਿਉਂਕਿ ਗੁਰੂਆਂ ਦੀ ਗੱਲ ਅੱਖਰ-ਅੱਖਰ ਫਲਣੀ ਸ਼ੁਰੂ ਹੋ ਗਈ ਹੈ। ਅਫ਼ਗਾਨਾਂ ਨੇ ਅੰਗਰੇਜ਼ਾਂ ਉਤੇ ਜ਼ਬਰਦਸਤ ਹਮਲਾ ਕੀਤਾ ਹੈ ਤੇ ਅੰਗਰੇਜ਼ ਆਪਣੀ ਫੌਜ ਆਦਿ ਸਮੇਤ ਕਾਬੁਲ ਤੋਂ ਪਿਛੇ ਹਟ ਗਏ ਹਨ। ਆਪਣੇ ਬਾਰੇ ਉਸ ਨੇ ਲਿਖਿਆ ਕਿ ਉਹ ਪੂਰੀ ਤਰ੍ਹਾਂ ਸੁਰਖ਼ਸ਼ਤ ਹੈ ਤੇ ਗੁਰੂ ਰਾਮ ਸਿੰਘ ਜੀ ਨੂੰ ਚਿੱਠੀ ਦੇਣ ਲਈ ਛੇਤੀ ਹੀ ਬਰ੍ਹਮਾ ਨੂੰ ਜਾਏਗਾ ਤੇ ਗੁਰੂ ਜੀ ਦਾ ਉਤਰ ਲਿਆਵੇਗਾ।

ਗੁਲਾਬ ਖਾਂ ਨੇ ਗੁਰਚਰਨ ਸਿੰਘ ਦੀਆਂ ਚਿੱਠੀਆਂ ਪਿਸ਼ਾਵਰ ਦੇ ਕਮਿਸ਼ਨਰ ਨੂੰ ਜਾ ਦਿੱਤੀਆਂ। ਨਤੀਜੇ ਵਜੋਂ ਲਾਹੌਰ ਪਹੁੰਚਦਿਆਂ ਹੀ ਗੁਰਚਰਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਨੂੰ ਕਿਹਾ ਗਿਆ ਕਿ ਪੁਲਿਸ ਦੀ ਆਗਿਆ ਤੋਂ ਬਿਨਾਂ ਉਹ ਲਾਹੌਰ ਤੋਂ ਬਾਹਰ ਨਾ ਜਾਵੇ। ਗੁਰਚਰਨ ਸਿੰਘ ਪੁਲਿਸ ਦੇ ਹੁਕਮ ਦੀ ਉਲੰਘਣਾ ਕਰਕੇ ਵਲਵੇਂ ਰਾਹ ਭੈਣੀ ਸਾਹਿਬ ਜਾ ਕੇ ਬਾਬਾ ਬੁਧ ਸਿੰਘ ਜੀ ਨੂੰ ਮਿਲਿਆ ਤੇ ਕੂਕੇ ਸੇਵਕਾਂ ਰਾਹੀਂ ਰੂਸੀ ਹਾਕਮਾਂ ਦੀ ਚਿੱਠੀ ਬਰ੍ਹਮਾ ਵਿਚ ਗੁਰੂ ਰਾਮ ਸਿੰਘ ਜੀ ਕੋਲ ਪੁਚਾਣ ਦਾ ਬੰਦੋਬਸਤ ਕਰ ਕੇ ਆਪਣੇ ਪਿੰਡ



Namdhari Elibrary NamdhariElibrary@gmail.com

ਚੱਕ ਪਿਰਾਣਾ ਨੂੰ ਚਲਿਆ ਗਿਆ। ਪੁਲਿਸ ਨੇ ਓਥੇ ਪੁਜਦਿਆਂ ਹੀ ਉਸਨੂੰ ਗ੍ਰਿਫਤਾਰ ਕਰਕੇ ਲਾਹੌਰ ਲੈ ਆਂਦਾ।

ਗੁਰਚਰਨ ਸਿੰਘ ਜਦੋਂ ਲਾਹੌਰ ਪੁਲਿਸ ਦੀ ਹਿਰਾਸਤ ਵਿਚ ਕਈ ਤਰ੍ਹਾਂ ਦੀ ਜਿਰਹ ਤੋਂ ਤੰਗ ਪਿਆ ਹੋਇਆ ਸੀ ਓਦੋਂ ਪੰਜਾਬ ਪੁਲਿਸ ਕੋਲ ਉੱਤੋੜੁੱਤੀ ਦੋ ਸਨੇਹੇ ਆਏ। ਬ੍ਰਿਟਿਸ਼-ਬਰ੍ਹਮਾ ਦੇ ਇਨਸਪੈਕਟਰ ਜਨਰਲ ਆਫ ਪੁਲਿਸ ਨੇ ਲਿਖਿਆ ਕਿ ੨੪ ਜਨਵਰੀ (੧੮੮੧) ਨੂੰ ਦੋ ਕੂਕੇ ਮੌਲਮੀਨ ਤੋਂ 'ਸਿਆਵਯ' ਜਹਾਜ਼ ਤੇ ਚੜ੍ਹ ਕੇ ਮਰਗੋਈ ਪਹੁੰਚੇ ਹਨ। ਇਕ ਦਾ ਨਾਮ ਮੀਹਾਂ ਸਿੰਘ ਹੈ ਤੇ ਦੂਜੇ ਦਾ ਸੰਤ ਸਿੰਘ। ਪਹਿਲੇ ਦੀ ਉਮਰ ਸਤਾਈ ਸਾਲ ਹੈ ਤੇ ਦੂਜੇ ਦੀ ਪੈਂਤੀ ਸਾਲ। ਇਨ੍ਹਾਂ ਦੇ ਆਉਣ ਦੀ ਖਬਰ ਮਿਲਦਿਆਂ ਹੀ ਡਿਪਟੀ ਕਮਿਸ਼ਨਰ ਨੇ ਦੋਹਾਂ ਨੂੰ ਮਰਗੋਈ ਤੋਂ ਚਲੇ ਜਾਣ ਦਾ ਹੁਕਮ ਦਿੱਤਾ। ਦੋਹਾਂ ਨੇ ਹੀ ਅਗਲੇ ਦਿਨ ਮਰਗੋਈ ਛੱਡ ਜਾਣ ਦਾ ਇਕਰਾਰ ਕੀਤਾ। ਪੁਲਿਸ ਨੇ ਸਾਵਧਾਨੀ ਲਈ ਗੁਰੂ ਰਾਮ ਸਿੰਘ ਜੀ ਦੀ ਬੰਦੀ-ਸ਼ਾਲਾ ਦਵਾਲੇ ਪਹਿਰਾ ਹੋਰ ਸਖਤ ਕਰ ਦਿੱਤਾ। ਫਿਰ ਵੀ ਅਗਲੇ ਦਿਨ ਮੀਹਾਂ ਸਿੰਘ ਨੂੰ ਗੁਰੂ ਰਾਮ ਸਿੰਘ ਜੀ ਕੋਲ ਵੇਖਿਆ ਗਿਆ। ਮੀਹਾਂ ਸਿੰਘ ਤੇ ਸੰਤ ਸਿੰਘ-ਦੋਹਾਂ ਨੂੰ ਹੀ ਗ੍ਰਿਫਤਾਰ ਕਰ ਲਿਆ ਗਿਆ ਤੇ ਡਿਪਟੀ ਕਮਿਸ਼ਨਰ ਦੇ ਹੁਕਮ ਨਾਲ ਉਸੇ ਦਿਨ ਹੀ ਦੋਹਾਂ ਨੂੰ ਕਲਕੱਤੇ ਨੂੰ ਘੱਲ ਦਿੱਤਾ ਗਿਆ।

ਕਲਕੱਤਾ ਪੁਲਿਸ ਦੇ ਡਿਪਟੀ ਕਮਿਸ਼ਨਰ ਲੈਮਬਰਟ ਨੇ ਦੂਜਾ ਸੁਨੇਹਾ ਘੱਲਿਆ। ਉਸ ਨੇ ਲਿਖਿਆ ਕਿ ਬਰ੍ਹਮਾ ਤੋਂ ਮੁੜੇ ਦੋ ਸਿੱਖ ਮੀਹਾਂ ਸਿੰਘ ਤੇ ਸੰਤ ਸਿੰਘ ਕਲਕੱਤੇ ੬ ਨੰਬਰ ਮਛੂਆ ਬਾਜ਼ਾਰ ਸਟਰੀਟ ਵਿਚ ਬਨਬਿਹਾਰੀ ਸਿੰਘ ਕੂਕੇ ਦੇ ਘਰ ਠਹਿਰੇ ਹਨ। ਇਕ ਮਹੀਨਾ ਪਹਿਲਾਂ ਕਲਕੱਤਾ ਪੁਲਿਸ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਇਹ ਬਰਮਾ ਗਏ ਸਨ। ਮੀਹਾਂ ਸਿੰਘ ਦੇ ਗਲ ਹਾਂਗਕਾਂਗ ਪੁਲਿਸ ਦਾ ਲਿਬਾਸ ਸੀ। ਉਸ ਨੇ ਆਪਣੇ ਆਪ ਨੂੰ ਹਾਂਗਕਾਂਗ ਪੁਲਿਸ ਦਾ ਆਦਮੀ ਦੱਸਿਆ ਸੀ, ਜਦੋਂ ਕਿ ਅਸਲ ਵਿਚ ਉਸ ਨੇ ਹਾਂਗਕਾਂਗ ਪੁਲਿਸ ਵਿਭਾਗ ਵਿਚੋਂ ਦੋ ਸਾਲ ਪਹਿਲਾਂ ਅਸਤੀਫ਼ਾ ਦੇ ਦਿੱਤਾ ਹੋਇਆ ਸੀ। ਉਨ੍ਹਾਂ ਦਾ ਬਰਮਾ ਜਾਣ ਦਾ ਉਦੇਸ਼ ਸੀ (ਗੁਰੂ) ਰਾਮ ਸਿੰਘ ਜੀ ਨੂੰ ਮਿਲਣਾ ਅਤੇ ਇਸ ਸਿਲਸਿਲੇ ਵਿਚ ਮੌਲਮੀਨ ਜੇਲ੍ਹ ਦੇ ਕਾਨਸਟੇਬਲ ਹਰਨਾਮ ਸਿੰਘ ਨੇ ਉਨ੍ਹਾਂ ਦੀ ਸਹਾਇਤਾ ਕੀਤੀ ਹੈ।

ਇਸ ਤੋਂ ਬਾਅਦ ਪੰਜਾਬ ਪੁਲਿਸ ਨੂੰ ਪੱਕਾ ਯਕੀਨ ਹੋ ਗਿਆ ਕਿ ਇਸ ਸਾਰੀ ਸਾਜ਼ਸ਼ ਦੀ ਜੜ੍ਹ ਗੁਰਚਰਨ ਸਿੰਘ ਹੀ ਹੈ, ਹਾਲਾਂਕਿ ਪੁਲਿਸ ਆਪਣੀ ਹਿਰਾਸਤ ਵਿਚ ਗੁਰਚਰਨ ਸਿੰਘ ਉਤੇ ਬਹੁਤ ਜਿਰ੍ਹਾ ਕਰਨ ਤੇ ਵੀ ਉਸ ਕੋਲੋਂ ਗੱਲ ਨਹੀਂ ਸੀ ਮਨਵਾ ਸਕੀ। ਪਰ ਪੁਛ ਗਿਛ ਕਰਨ ਵਾਲੇ ਪੁਲਿਸ ਅਫਸਰ ਚਾਰਲਸ ਬ੍ਰਾਊਨ ਨੇ ਦੁਖ ਨਾਲ ਆਪਣੀ ਡਾਇਰੀ ਵਿਚ ਲਿਖਿਆ ਸੀ-ਗੁਰਚਰਨ ਸਿੰਘ ਦੀ ਯਾਦਦਾਸ਼ਤ ਏਨੀ ਤਿੱਖੀ ਹੈ ਕਿ ਵੇਖ ਕੇ ਅਸਚਰਜ ਹੁੰਦਾ ਹੈ। ਪਰ ਪਿਛਲੇ ਢਾਈ ਸਾਲਾਂ ਤੋਂ ਉਹ ਅਫਗਾਨਿਸਤਾਨ ਵਿਚ ਕਿਸ-ਕਿਸ ਥਾਂ ਤੇ ਘੁੰਮਿਆ ਫਿਰਿਆ ਹੈ ਉਸ ਬਾਰੇ ਉਸ ਨੂੰ ਮੂਲੋਂ ਹੀ ਚੇਤਾ ਨਹੀਂ ਆ ਰਿਹਾ।

ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਰਾਬਰਟ ਈਗਾਰਟਨ ਨੇ ਗੁਰਚਰਨ ਸਿੰਘ ਦੀ ਨਕਲੋਂ ਹਰਕਤ ਵਲ ਉਚੇਚਾ ਧਿਆਨ ਦਿੱਤਾ। ਉਸ ਨੇ ਖਿਆਲ ਕੀਤਾ ਕਿ ਗੁਰਚਰਨ ਸਿੰਘ ਨੂੰ ਕਾਫੀ ਲੰਮੇ ਸਮੇਂ ਤਕ ਜੇਲ੍ਹ ਵਿਚ ਰੱਖਣ ਤੋਂ ਬਿਨਾਂ ਕੂਕਾ ਸਾਜ਼ਸ਼ ਖਤਮ ਨਹੀਂ ਹੋਵੇਗੀ। ਬਿਨਾ ਮੁਕੱਦਮਾ ਚਲਾਇਆਂ ਕੈਦ ਰੱਖਣਾ ਉਨ੍ਹਾਂ ਦਿਨਾਂ ਵਿਚ ਸਿਰਫ ੧੮੧੮ ਦੀ ਧਾਰਾ ਨੰਬਰ ੩ ਦੀ ਸਹਾਇਤਾ ਨਾਲ ਹੀ ਸੰਭਵ ਹੁੰਦੀ ਸੀ। ਈਗਾਰਟਨ ਦੇ ਸੁਝਾਅ ਅਨੁਸਾਰ ਪੰਜਾਬ ਸਰਕਾਰ ਦੇ ਸਕੱਤਰ ਨੇ ਭਾਰਤ ਸਰਕਾਰ ਨੂੰ ਗੁਰਚਰਨ ਸਿੰਘ ਬਾਰੇ ਸਭ ਕੁਝ ਦੱਸਿਆ ਅਤੇ ਉਸ ਨੂੰ ਬਿਨਾਂ ਮੁਕੱਦਮਾ ਚਲਾਇਆਂ ਕੈਦ ਰੱਖਣ ਲਈ ਵਾਰੰਟ ਮੰਗ ਘੱਲੇ। ਪੰਜਾਬ ਸਰਕਾਰ ਦੇ ਕਾਗਜ਼ ਪੱਤਰਾਂ ਵਿਚ ਗੁਰਚਰਨ ਸਿੰਘ ਵਿਰੁੱਧ ਵੱਡੇ-ਵੱਡੇ ਇਲਜ਼ਾਮ ਲਗਾਏ ਗਏ। ਉਸ ਬਾਰੇ ਦੁਸ਼ਮਨੀ ਦੀ ਭਾਵਨਾ ਦਾ ਹੇਠ ਲਿਖੇ ਵਰਨਣ ਤੋਂ ਵੀ ਪਤਾ ਲੱਗਦਾ ਹੈ–

'ਇਹ ਗੱਲ ਯਕੀਨ ਨਾਲ ਆਖੀ ਜਾ ਸਕਦੀ ਹੈ ਕਿ ਗੁਰਚਰਨ ਸਿੰਘ ਭਾਰਤ ਸਰਕਾਰ ਦਾ ਦੁਸ਼ਮਨ ਹੈ। ਬਿਰਧ ਹੋਣ ਦੇ ਬਾਵਜੂਦ ਉਸ ਦੇ ਸਰੀਰ ਵਿਚ ਬਹੁਤ ਤਾਕਤ ਹੈ ਤੇ ਉਹ ਵੱਧ ਤੋਂ ਵੱਧ ਕਸ਼ਟ ਸਹਿ ਸਕਦਾ ਹੈ। ਸਿੱਖ ਫੌਜੀਆਂ ਦੀਆਂ ਸਾਰੀਆਂ ਸਿਫਤਾਂ ਉਸ ਵਿਚ ਹਨ– ਉਸ ਦਾ ਪਤਲਾ ਸਰੀਰ ਇਸ ਗੱਲ ਦਾ ਸਾਖੀ ਹੈ।'

–000–

"ਗੁਰਚਰਨ ਸਿੰਘ ਨੂੰ ਜੇ ਕੈਦ ਨਾ ਕੀਤਾ ਜਾਵੇ ਤਾਂ ਉਸ ਨੂੰ ਰੂਸ ਵਲੋਂ ਜਿਹੜਾ ਆਦਰ ਸਨਮਾਨ ਮਿਲਿਆ ਹੈ ਉਸ ਦੀ ਮਰਯਾਦਾ ਕਾਇਮ ਰੱਖਣ ਲਈ ਉਹ ਕੋਈ ਵੀ ਮੌਕਾ ਹੱਥੋਂ ਨਹੀ ਜਾਣ ਦੇਵੇਗਾ। ਖਾਸ ਕੈਰਕੇ ਰੂਸ ਜੇ ਕਿਧਰੇ ਪੰਜਾਬ ਉਤੇ ਹਮਲਾ ਕਰ ਦੇਵੇ ਤਾਂ।"

ਐਚ.ਐਮ. ਡੂਰੰਡ ਓਦੋਂ ਭਾਰਤ ਸਰਕਾਰ ਦੇ ਬਦੇਸ਼ੀ ਮਹਿਕਮੇ ਵਿਚ ਸਕੱਤਰ ਸਨ। ਉਨ੍ਹਾਂ ਨੇ ਪੰਜਾਬ ਸਰਕਾਰ ਦੇ ਪ੍ਰਸਤਾਵ ਦੀ ਪੂਰਨ ਹਮਾਇਤ ਕਰਦਿਆਂ ਹੋਇਆਂ ਬੜੀ ਸਖਤ ਭਾਸ਼ਾ ਵਿਚ ਲਿਖਿਆ–

"ਮੈਨੂੰ ਇਸ ਵਿਚ ਭੋਰਾ ਵੀ ਸ਼ੱਕ ਨਹੀਂ ਕਿ ਗੁਰਚਰਨ ਸਿੰਘ ਨੂੰ ਜਿਸ ਦੋਸ਼ ਅਧੀਨ ਦੋਸ਼ੀ ਬਣਾਇਆ ਗਿਆ ਹੈ ਉਹ ਸੱਚਮੁਚ ਹੀ ਉਸ ਦਾ ਦੋਸ਼ੀ ਹੈ। ਸਿਰਫ ਗੁਰਚਰਨ ਸਿੰਘ ਦੀ ਕੋਸ਼ਿਸ਼ ਸਦਕਾ ਹੀ ਰੂਸ ਤੇ ਗੁਰੂ ਰਾਮ ਸਿੰਘ ਵਿਚਕਾਰ ਚਿੱਠੀ ਪੱਤਰ ਹੋ ਸਕਿਆ ਹੈ। ੧੮੧੮ ਦੀ ਧਾਰਾ ਨੰਬਰ ੩ ਦੇ ਅਧੀਨ ਗ੍ਰਿਫਤਾਰੀ ਦਾ ਪ੍ਰਵਾਨਾ ਜਾਰੀ ਕਰਨ ਦਾ ਅਰਥ ਭਾਵੇਂ ਉਮਰ ਕੈਦ ਹੈ ਤਾਂ ਵੀ ਮੈਂ ਪੰਜਾਬ ਸਰਕਾਰ ਦੇ ਪ੍ਰਸਤਾਵ ਦੀ ਹਮਾਇਤ ਹੀ ਕਰਦਾ ਹਾਂ। ਗੁਰਚਰਨ ਸਿੰਘ ਕੂਕਾ ਮਹੰਤ ਹੈ। ਕੂਕਿਆਂ ਨਾਲ ਉਹ ਅਟੁਟ ਬੰਧਨ ਵਿਚ ਬੱਝਾ ਹੋਇਆ ਹੈ। ਉਹ ਜ਼ਿੰਦਗੀ ਭਰ ਕੂਕਾ ਮਹੰਤ ਹੀ ਰਹੇਗਾ। ਜੇ ਅਸੀਂ ਇਹ ਸਾਜ਼ਸ਼ ਨਾਕਾਮ ਕਰਨੀ ਚਾਹੁੰਦੇ ਹਾਂ ਤਾਂ ਗੁਰਚਰਨ ਸਿੰਘ ਨੂੰ ਉਮਰ ਭਰ ਕੈਦ ਰੱਖਣ ਤੋਂ ਬਿਨਾਂ ਮੈਨੂੰ ਹੋਰ ਕੋਈ ਚਾਰਾ ਨਹੀਂ ਦਿਸਦਾ।"



Namdhari Elibrary NamdhariElibrary@gmail.com

ਉਸ ਜ਼ਮਾਨੇ ਦੇ ਵੱਡੇ ਲਾਟ ਲਾਰਡ ਰਿਪਨ ਲਿਬਰਲ ਪਾਰਟੀ ਦੇ ਮੈਂਬਰ ਸਨ। ਵਿਕਟੋਰੀਆ ਜੁਗ ਦੇ ਉਦਾਰ ਜਨਤੰਤਰ ਦੇ ਵਿਅਕਤੀ ਦੀ ਆਜ਼ਾਦੀ ਦੇ ਆਦਰਸ਼, ਉਪਨਿਵੇਸ਼ਕ ਹਾਕਮ ਦੀ ਗੱਦੀ ਉਤੇ ਬੈਠਕੇ ਵੀ ਸਹਿਜੇ ਹੀ ਭੁਲ ਜਾਣਾ ਉਸ ਲਈ ਕੁਝ ਦੁਖਦਾਈ ਹੋਇਆ ਸੀ। ਉਨ੍ਹਾਂ ਨੇ ਕੁਝ ਦੁਚਿਤੀ ਜਿਹੀ ਨਾਲ ਪੰਜਾਬ ਸਰਕਾਰ ਕੋਲੋਂ ਜਾਨਣਾ ਚਾਹਿਆ-ਭਾਰਤ ਸਰਕਾਰ ਵਲੋਂ ਵਾਰੰਟ ਦੇਣੇ ਕੀ ਬੜੇ ਹੀ ਜ਼ਰੂਰੀ ਹਨ ? ਮੁਚਲਕੇ ਨਾਲ ਗੁਰਚਰਨ ਸਿੰਘ ਨੂੰ ਕੈਦੀ ਰੱਖਣਾ ਸੰਭਵ ਹੈ ਕਿ ਨਹੀਂ ? ਪੰਜਾਬ ਸਰਕਾਰ ਨੇ ਦੱਸਿਆ ਕਿ ਸਭ ਕੁਝ ਹੀ ਸੰਭਵ ਹੈ, ਪਰ ਵਾਰੰਟ ਉਸ ਨੂੰ ਚਾਹੀਦੇ ਹੀ ਹਨ। ਕਿਉਂਕਿ ਕਿਸੇ ਵੀ ਵੇਲੇ ਗੁਰਚਰਨ ਸਿੰਘ ਨੂੰ ਬਿਨਾਂ ਮੁਕੱਦਮਾ ਚਲਾਏ ਉਮਰ ਕੈਦ ਕਰਨ ਦੀ ਤਾਕਤ ਹੱਥ ਵਿਚ ਨਾ ਹੋਣ ਤੇ ਉਸ ਨੂੰ ਸੂਤ ਕਰਨਾ ਪੰਜਾਬ ਸਰਕਾਰ ਲਈ ਅਸੰਭਵ ਹੋਵੇਗਾ। ਇਸ ਦੇ ਨਤੀਜੇ ਵਜੋਂ ਲਾਰਡ ਰਿਪਨ ਨੂੰ ਵਿਅਕਤੀ ਸੁਾਧੀਨਤਾ ਦੀ ਨੀਤੀ ਭੁਲਾਉਣੀ ਪਈ। ਸੈਕਰੇਟੇਟਰੀ ਲੀਏਜ਼ ਦੇ ਨਾਮ ਹੇਠ ਪਚੱਤਰ ਸਾਲ ਦੇ ਬਿਰਧ ਗੁਰਚਰਨ ਸਿੰਘ ਲਈ ਬਿਨਾ ਮੁਕੱਦਮਾ ਚਲਾਏ ਉਮਰ ਕੈਦ ਦਾ ਹੁਕਮ ਪੰਜਾਬ ਸਰਕਾਰ ਨੂੰ ਘੱਲ ਦਿੱਤਾ ਗਿਆ। ਲਾਹੌਰ ਤੋਂ ਗੁਰਚਰਨ ਸਿੰਘ ਨੂੰ ਮੁਲਤਾਨ ਭੇਜ ਦਿੱਤਾ ਗਿਆ। ਜ਼ਿਲ੍ਹਾ ਗੁਜਰਾਂ ਵਾਲਾ ਦੇ ਦੋ ਵਿਅਕਤੀਆਂ ਜੀਵਨ ਸਿੰਘ ਤੇ ਇਕ ਹੋਰ ਨੇ ਗੁਰਚਰਨ ਸਿੰਘ ਦੀ ਜ਼ਮਾਨਤ ਦਿੱਤੀ। ਮੁਲਤਾਨ ਦੇ ਥਾਣੇ ਕੋਲ ਗੁਰਚਰਨ ਸਿੰਘ ਨੂੰ ਰਹਿਣਾ ਪਿਆ ਤੇ ਸਾਤੇ ਵਿਚ ਦੋ ਵਾਰੀ ਉਹ ਥਾਣੇ ਹਾਜ਼ਰੀ ਭਰਦਾ। ਸੰਨ ੧੮੮੬ ਵਿਚ ਲਗਭਗ ਸੱਤ ਸਾਲ ਦੀ ਨਜ਼ਰਬੰਦੀ ਤੋਂ ਬਾਅਦ ਗੁਰਚਰਨ ਸਿੰਘ ਰਿਹਾ ਹੋਇਆ। ਪਰ ਉਸ ਰਿਹਾਈ ਨਾਲ ਵੀ ਇਹ ਸ਼ਰਤ ਸੀ ਕਿ ਗੁਰਚਰਨ ਸਿੰਘ ਭੈਣੀ ਸਾਹਿਬ ਨਹੀਂ ਜਾ ਸਕੇਗਾ।

ਇਸ ਤੋਂ ਬਾਅਦ ਦਾ ਇਤਿਹਾਸ ਸੰਖੇਪ ਹੋਣ ਤੇ ਵੀ ਵਰਨਣ ਯੋਗ ਹੈ। ਸੰਨ ੧੮੮੭ ਦੇ ਅਪ੍ਰੈਲ ਮਹੀਨੇ ਵਿਚ ਗੁਰਚਰਨ ਸਿੰਘ ਨੇ ਅਫ਼ਗਾਨਿਸਤਾਨ ਤੇ ਮੱਧ ਏਸ਼ੀਆ ਵਿਚ ਜਾਣ ਲਈ ਦਰਖ਼ਾਸਤ ਦਿੱਤੀ। ਪੰਜਾਬ ਦੇ ਹਾਕਮਾਂ ਨੂੰ ਇਜਾਜ਼ਤ ਦੇਣ ਵਿਚ ਕੋਈ ਇਤਰਾਜ਼ ਨਹੀਂ ਸੀ, ਪਰ ਕੇਂਦਰੀ ਸਰਕਾਰ ਵਲੋਂ ਸਖ਼ਤੀ ਨਾਲ ਇਨਕਾਰ ਹੋਣ ਕਰਕੇ ਪੰਜਾਬ ਸਰਕਾਰ ਨੇ ਉਹ ਦਰਖ਼ਾਸਤ ਰੱਦ ਕਰ ਦਿੱਤੀ। ਇਸ ਅੱਸੀ ਸਾਲ ਤੋਂ ਵੀ ਵੱਧ ਉਮਰ ਦੇ ਬਿਰਧ ਨੂੰ ਬ੍ਰਿਟਿਸ਼ ਸਰਕਾਰ ਉਸਦੇ ਮਰਨ ਤੱਕ ਸ਼ੱਕ ਦੀ ਨਜ਼ਰ ਨਾਲ ਵੇਖਦੀ ਰਹੀ। ਮੱਧ ਏਸ਼ੀਆ ਵਿਚ ਰੂਸੀ ਜਾਸੂਸ ਸ਼ੰਕਰ ਰਾਏ ਨੂੰ ਜਦੋਂ ਗ੍ਰਿਫ਼ਤਾਰ ਕਰਕੇ ਬੰਦੀ ਕਰ ਲਿਆ ਗਿਆ ਉਦੋਂ ਬ੍ਰਿਟਿਸ਼ ਸਰਕਾਰ ਦਾ ਖ਼ਿਆਲ ਬਣਿਆ ਕਿ ਸ਼ੰਕਰ ਰਾਏ ਗੁਰਚਰਨ ਸਿੰਘ ਦੇ ਪ੍ਰਭਾਵ ਹੇਠ ਹੈ। ਬਦੇਸ਼ੀ ਹਾਕਮਾਂ ਦੀ ਤਿੱਖੀ ਨਜ਼ਰ ਦੇ ਸਾਹਮਣੇ ਕੂਕਾ ਨੇਤਾ ਗੁਰਚਰਨ ਸਿੰਘ ਦਾ ਜੀਵਨ ਦੀਪ ਇਕ ਦਿਨ ਬੁੱਝ ਗਿਆ।

ਭਾਰਤ ਵਰਸ਼ ਵਿਚ ਅੰਗਰੇਜ਼-ਵਿਰੋਧੀ ਅੰਦੋਲਣ ਵਿਚ ਕੂਕਿਆਂ ਨੇ ਆਪਣਾ ਸ਼ਾਨਦਾਰ ਹਿੱਸਾ ਪਾਇਆ ਹੈ-ਭਾਵੇਂ ਕਿ ਉਸ ਤੋਂ ਬਹੁਤ ਲੋਕ ਵਾਕਿਫ਼ ਨਹੀਂ ਹਨ। ੧੮੫੭ ਦੇ ਗ਼ਦਰ ਦੀ ਇਤਿਹਾਸਕ ਪ੍ਰਸਿੱਧੀ ਕੂਕਿਆਂ ਨੇ ਹਾਸਿਲ ਨਹੀਂ ਕੀਤੀ ਪਰ ਧਰਮ ਦੀ ਪ੍ਰੇਰਨਾ ਹੇਠ ਚਲਦਿਆਂ ਹੋਇਆਂ ਕੂਕਾ ਅੰਦੋਲਣ ਦਾ ਰਾਜਨੀਤਕ ਨਤੀਜਾ ਬਹੁਤ ਹੀ ਮਹਤੱਤਾ ਭਰਿਆ ਹੈ। ੧੮੫੭ ਦੇ ਗ਼ਦਰ ਦੀ ਵਾਗਡੋਰ ਜਾਗੀਰਦਾਰੀ ਰਾਜਤੰਤਰ ਦੇ ਪ੍ਰਤੀਨਿਧਾਂ ਦੇ ਹੱਥ ਸੀ, ਪਰ ਕੂਕਾ ਵਿਦਰੋਹ ਦੀ ਅਗਵਾਈ ਕੀਤੀ ਹੈ ਦੌਲਤ ਹੀਨ ਸਾਧਾਰਨ ਕਿਰਸਾਨੀ ਨੇ। ਬਰ੍ਹਮਾ ਵਿਚ ਨਿਰਵਾਸਿਤ ਬਹਾਦੁਰ ਸ਼ਾਹ, ਸਾਹ ਸਤਹੀਨ ਚੁੱਪ ਹੈ- ਪਰ ਮਰਗੋਈ ਜ਼ੇਲ੍ਹ ਵਿਚ ਚਿਰਾਂ ਲਈ ਬੰਦੀ ਨੇਤਾ ਗੁਰੂ ਰਾਮ ਸਿੰਘ ਸਰਗਰਮੀ ਨਾਲ ਬ੍ਰਿਟਿਸ਼ ਵਿਰੋਧੀ ਗੋਂਦਾਂ ਵਿਚ ਲੱਗੇ ਹੋਏ ਸਨ। ਕੂਕਿਆਂ ਦੇ ਰਾਜਨੀਤਕ ਕੰਮਾਂ ਤੇ ਢੰਗਾਂ ਦਾ ਬਾਅਦ ਦੇ ਭਾਰਤੀ ਰਾਜਨੀਤਕ ਅੰਦੋਲਣ ਦੀ ਰਫ਼ਤਾਰ ਨਾਲ ਅਸਚਰਜ ਰੂਪ ਵਿਚ ਮੇਲ ਦਿੱਸਦਾ ਹੈ। ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ, ਅੰਗਰੇਜ਼ੀ ਵਿੱਦਿਆ ਦੇਣ ਵਾਲੀਆਂ ਸ਼ਿਕਸ਼ਾ ਸੰਸਥਾਵਾਂ ਦਾ ਬਾਈਕਾਟ, ਕੂਕਾ ਅੰਦੋਲਣ ਦਾ ਮੂਲ ਮੰਤਰ ਸੀ। ਭਾਰਤ ਦੀ ਨਾਮਿਲਵਰਤਨ ਲਹਿਰ ਵਿਚ ਕੂਕਿਆਂ ਦੀ ਨੀਤੀ ਨੇ ਅਦਿੱਖ ਰੂਪ ਵਿਚ ਅਤੇ ਅਣਜਾਣਿਆਂ ਹੀ ਕੰਮ ਕੀਤਾ ਹੈ, ਜਦੋਂ ਕਿ ਦੋਹਾਂ ਵਿਚ ਆਜ਼ਾਦੀ ਹਾਸਿਲ ਕਰਨ ਦੀ ਜ਼ਬਰਦਸਤ ਚਾਹ ਤੋਂ ਬਿਨਾਂ ਹੋਰ ਕੋਈ ਮਿਲਣ ਸੂਤਰ ਲੱਭਣਾ ਔਖਾ ਹੈ। ਸਭ ਤੋਂ ਉਪਰ ਕੂਕਾ-ਅੰਦੋਲਣ ਗੁਰਬਚਨ ਸਿੰਘ ਦੇ ਮਹਾਨ ਜਤਨਾਂ ਦੀ ਇਤਿਹਾਸਕਤਾ ਨੂੰ ਲੈ ਕੇ ਚਲ ਰਿਹਾ ਹੈ। ਗੁਲਾਮੀ ਤੋਂ ਆਜ਼ਾਦੀ ਦੀ ਆਸ਼ਾ ਵਿਚ ਗੁਰਚਰਨ ਸਿੰਘ ਨੇ ਜਿਨ੍ਹਾਂ ਰਾਹਾਂ ਤੋਂ ਭਾਰਤ ਦੀ ਸਰਹੱਦ ਪਾਰ ਕੀਤੀ-ਵੀਹਵੀਂ ਸਦੀ ਵਿਚ ਨੇਤਾ ਜੀ ਸੁਭਾਸ਼ ਚੰਦਰ ਵੀ ਉਨ੍ਹਾਂ ਰਾਹਾਂ ਥਾਣੀ ਹੀ ਗਏ ਹਨ। ਆਜ਼ਾਦੀ ਦੀ ਲੜਾਈ ਵਿਚ ਬਦੇਸ਼ੀ ਸ਼ਕਤੀ ਦੀ ਸਹਾਇਤਾ ਹਾਸਿਲ ਕਰਨ ਦੀ ਆਸ ਨੇ ਸਿਰਫ਼ ਅਪਰਸਿਧ ਗੁਰਚਰਨ ਸਿੰਘ ਨੂੰ ਹੀ ਪਰਭਾਵਤ ਨਹੀਂ ਕੀਤਾ ਸਗੋਂ ਉਸ ਤੋਂ ਬਹੁਤ ਸਾਲ ਬਾਅਦ ਭਾਰਤ ਦੇ ਅਨੇਕਾਂ ਇਨਕਲਾਬੀਆਂ ਨੇ ਉਸੇ ਇਕੋ ਆਸ ਨਾਲ ਬਦੇਸ਼ੀ ਸ਼ਕਤੀਆਂ ਦੀ ਸਹਾਇਤਾ ਲਈ ਹੈ।

ਇਹ ਗੱਲ ਮੰਨਣੀ ਹੀ ਪਏਗੀ ਕਿ ਗੁਰਚਰਨ ਸਿੰਘ ਦੇ ਕੰਮ ਨੇ ਉਨ੍ਹੀਵੀਂ ਸਦੀ ਦੇ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ ਸੇਂਟਪੀਟਰਸਬਰਗ ਤੋਂ ਬਰ੍ਹਮਾ ਤੱਕ ਫੈਲਾ ਦਿੱਤਾ ਸੀ ਅਤੇ ਆਜ਼ਾਦੀ ਲਈ ਲੜਾਈ ਦੇ ਇਤਿਹਾਸ ਵਿਚ ਗੁਰੂ ਰਾਮ ਸਿੰਘ, ਮੌਲਮੀਨ ਜ਼ੇਲ੍ਹ ਦੇ ਕਾਂਸਟੇਬਲ ਹਰਨਾਮ ਸਿੰਘ, ਭੈਣੀ ਸਾਹਿਬ ਦੇ ਗੁਰੂ ਬੁੱਧ ਸਿੰਘ, ਸਿਰੌਲੀ ਸਿਰਹਾਲ-ਸੈ: ਦੇ ਮੀਹਾਂ ਸਿੰਘ, ਸੰਤ ਸਿੰਘ, ਮਛੂਆ ਬਾਜ਼ਾਰ ਸਟਰੀਟ ਦੇ ਬਨਬਿਹਾਰੀ ਸਿੰਘ, ਚਕ ਪਿਰਾਣਾ ਦੇ ਗੁਰਚਰਨ ਸਿੰਘ, ਰੂਸੀ ਹਾਕਮ ਕਾਰਡਕ ਮਿਆਨ, ਕਰੋਕੋਵ ਤੇ ਈਵਾਨੋਵ—ਸਭਨਾਂ ਨੇ ਰਲ ਕੇ ਇਕ ਹੈਰਾਨ ਕਰਨ ਵਾਲੇ ਅਧਿਆਏ ਦੀ ਰਚਨਾ ਕੀਤੀ ਹੈ।

*ਉਜ਼ਬੇਕ ਸੋਵੀਅਤ ਸੋਸ਼ਲਿਸਟ ਰੀਪਬਲਿਕ ਆਰਕਾਈਵ ਦੇ ਰਿਕਾਰਡ ਦੇ ਆਧਾਰ ਤੇ ਰੂਸੀ ਇਤਿਹਾਸਕਾਰ ਐਨ.ਏ. ਖਾਲੀਫ਼ੇਨ ਦੀ ਖੋਜ ਤੇ ਭਾਰਤ ਦੇ ਕੌਮੀ ਆਰਕਾਈਵ ਵਿਚ ਸੁਰੱਖਿਅਤ ਇਤਿਹਾਸਕ ਲਿਖਤਾਂ ਦੇ ਆਧਾਰ ਉਤੇ ਇਹ ਲੇਖ ਲਿਖਿਆ ਗਿਆ।*



Namdhari Elibrary NamdhariElibrary@gmail.com

# TOP TRAK

**New Generation Bikes**

**with more than**

**50 models for All Ages**



**Partap Engineers**

H.O. : Bhagwan Chowk, Ludhiana-141 003, **Tel.** : 91-161-2540209, 2533276 **Fax** : 91-161-2533273

**E-mail** : gspartap @ glide.net.in, **Website** : www.partapexports.com

**Works** : g.T.Road, Jugiana, Ludhiana (Punjab), **Ph.** : 0161-2512373, 3243229


Namdhari Elibrary NamdhariElibrary@gmail.com

# ਖਾਲਸੇ ਦਾ ਹੋਲਾ (ਹੋਲੀ ਕੀਨੀ ਸੰਤ ਸੇਵ)

*—ਕਰਤਾਰ ਸਿੰਘ ਨੀਲਧਾਰੀ ਚੰਡੀਗੜ੍ਹ*

ਹੋਲੀ ਦਾ ਮੂਲ ਤਿਉਹਾਰ ਮਨੁੱਖੀ ਰਚਨਾ ਪ੍ਰਬੰਧ ਦੇ ਰਾਗ-ਰੰਗ-ਤਰੰਗ ਤਾਲ-ਧਮਾਲ ਦੀ ਯਾਦ ਕਰਾਉਂਦਾ ਹੈ ਅਤੇ ਹੋਲਾ ਮਹੱਲਾ ਮਨੁੱਖੀ ਸਭਿਅਤਾ ਦੇ ਸਿਖਰੀ ਸੰਗੀਤ ਰੂਪ-ਰੰਗ-ਰਾਗ-ਤਾਲ ਦਾ ਅਨਾਹਦ ਨਾਦ ਹੈ ਸਿੱਖ ਧਰਮ ਦਾ ਵਿਕਾਸ ਗੁਰੂ ਜਾਮਿਆਂ ਨੇ ਨਿਜੀ ਸਰਪ੍ਰਸਤੀ ਵਿੱਚ ਕੀਤਾ ਹੈ। ਇਕ ਓਅੰਕਾਰ ਦੀ ਆਸਥਾ ਤੇ ਟਿਕੇ ਇਸ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਵੀ ਕੰਢੇ ਕਰਤਾਰਪੁਰ ਨਾਮੀ ਨਵੀਂ ਨਗਰੀ ਵਿਚ ਇਸ ਨਵੇਂ ਧਰਮ ਦੀ ਰੂਪ ਰੇਖਾ ਪਰਗਟ ਕੀਤੀ ਸੀ। ਦੱਸਮੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਪਿਤਾ ਸ੍ਰੀ ਤੇਗ ਬਹਾਦੁਰ ਜੀ ਦੇ ਵਸਾਏ ਨਗਰ ਚਕਾਰ ਨਾਨਕੀ ਨੂੰ ਆਨੰਦਪੁਰ ਦਾ ਨਾਮ ਰੂਪ ਦੇ ਕੇ ਖਾਲਸਾ ਪੰਥ ਦੇ ਰੂਪ ਵਿੱਚ ਪੂਰਨ ਮਨੁੱਖ ਦੀ ਸਿਰਜਨਾ ਨੂੰ ਅਕਾਲ ਪੁਰਖ ਦੀ ਫੌਜ ਦੇ ਨਾਮ ਨਾਲ ਸ਼ਿਗਾਰਿਆ ਤੇ ਉਪਮਾਇਆ। ਖਾਲਸਾ ਪੰਥ ਦੇ ਫਲਸਫੇ ਦੇ ਕਰਮਯੋਗ ਨੂੰ ਭਾਰਤੀ ਜਨ ਮਾਨਸ ਵਿਚ ਵਸਦੇ ਹਸਦੇ ਹੋਲੀ ਦੇ ਤਿਉਹਾਰ ਨੂੰ ਹੋਲਾ-ਮਹੱਲਾ ਦੀ ਨਵੀਂ ਪਵਿਤਰ ਪਹਿਚਾਨ ਦੇ ਕੇ ਖਾਲਸਾਈ ਪਰਚਮ ਦੇ ਲੋਕ ਕਲਿਆਣਕਾਰੀ ਰੂਪ ਦਾ ਸਦੀਵੀ ਆਗਜ਼ ਕਰ ਦਿੱਤਾ।

ਹੋਲੀ ਦੇ ਤਿਉਹਾਰ ਦਾ ਮੁੱਢ ਮਨੁੱਖੀ ਸਭਿਅਤਾ ਦੇ ਵਿਕਾਸ ਨਾਲ ਜੁੜਿਆ ਹੋਇਆ ਹੈ। ਭਾਰਤੀ ਫਿਲਾਸਫੀ ਅਨੁਸਾਰ ਬਸੰਤ ਪੰਚਮੀ ਵਾਲੇ ਦਿਨ ਮੈਥੁਨ ਸ੍ਰਿਸ਼ਟੀ ਦੇ ਪ੍ਰਸਾਰ ਲਈ ਜ਼ਰੂਰੀ ਕਾਮ ਤੇ ਰਤੀ ਦਾ ਜਨਮ ਹੋਇਆ ਤੇ ਇਸ ਸਭਿਅਤਾ ਦੇ ਵਿਕਾਸ ਦੇ ਲਈ ਗਿਆਨ ਦੀ ਦੇਵੀ ਸਰਸਵਤੀ ਦੇਵੀ ਦਾ ਜਨਮ ਵੀ ਬਸੰਤ ਪੰਚਮੀ ਵਾਲੇ ਦਿਨ ਹੋਇਆ ਸੀ। ਪੁਰਖ-ਇਸਤਰੀ ਦੇ ਪਹਿਲੇ ਮੈਥੁਨ ਪ੍ਰਯੋਗ ਨੂੰ ਰੰਗੀਲਾ ਬਣਾ ਕੇ ਕਾਮ-ਉਤਸਵ ਦਾ ਨਾਮ ਦਿੱਤਾ ਗਿਆ। ਰੰਗੀਲੇ ਫੁੱਲਾਂ ਅਤੇ ਰਸ ਭਿੰਨੇ ਸੰਗੀਤ ਨਾਲ ਆਦਮ ਤੇ ਹਵਾ ਦੇ ਜੋੜੇ ਨੂੰ ਪੂਰਨਮਾਸ਼ੀ ਦੀ ਚਾਂਦਨੀ ਵਿਚ ਫੁੱਲਾਂ ਦੀ ਮਹਿਕਦੀ ਸੇਜ ਉਤੇ ਪਹਿਲੇ ਮੈਥੁਨ ਕ੍ਰਿਯਾ ਲਈ ਮਦਮਸਤ ਕਰ ਦਿਤਾ ਗਿਆ। ਹੋਲੀ ਦਾ ਕਾਮ-ਉਤਸਵ ਜਾਂ ਮਦਨ-ਉਤਸਵ ਮਨੁੱਖੀ ਸਭਿਅਤਾ ਦੀ ਮੈਥੁਨ ਸ੍ਰਿਸ਼ਟੀ ਦੇ ਆਰੰਭ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਹੋਲੀ ਦਾ ਤਿਉਹਾਰ ਅਜਿਹਾ ਪੁਰਬ ਹੈ ਜਿਸਦੀ ਰੰਗੀਨੀਆਂ ਨੂੰ ਸਾਹਿਤ ਵਿਚ ਸਭ ਤੋਂ ਵੱਧ ਥਾਂ ਮਿਲੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕ੍ਰਿਸ਼ਨਾਵਤਾਰ ਗ੍ਰੰਥ ਵਿਚ ਇਸ ਦੀ ਰੰਗੀਨੀਆਂ ਨੂੰ ਨਾਲ-ਗੁਲਾਲੀ ਖੇਡਾਂ ਅਤੇ ਰਾਗ-ਰਾਗਨੀਆਂ ਦੇ ਸੰਗੀਤ ਨਾਲ ਚਿਤਰਿਆ ਹੈ। ਭਗਤੀ ਲਹਿਰ ਦੇ ਵਿਕਾਸ ਨਾਲ ਇਕ ਪਾਸੇ ਰਾਸਲੀਲਾਵਾਂ ਨੂੰ ਨਵਾਂ ਜੀਵਨ ਮਿਲਿਆ ਤੇ ਰਾਸ ਲੀਲਾਵਾਂ ਵਿਚ ਬ੍ਰਜ ਦੀ ਹੋਲੀ ਦਾ ਨਵੀਨ ਅਧਿਆਇ ਸ਼ੁਰੂ ਹੋਇਆ। ਕ੍ਰਿਯਾਤਮਕ ਰੂਪ ਵਿਚ ਦਸਮੇਸ਼ ਪਿਤਾ ਨੇ ਗਰੀਬ ਦੇ ਰਖਿਅਕ ਅਤੇ ਜ਼ੁਲਮ ਭਖਿਅਕ ਦੇ ਰੂਪ ਵਿੱਚ ਸਿਰਜੇ ਖਾਲਸੇ ਨੂੰ ਹੋਲੀ ਦੇ ਹੁਲਾਸ ਵਿਚ ਜੰਗੀ ਅਭਿਆਸ ਦਾ ਨਵਾਂ ਆਯਾਮ ਜੋੜ ਕੇ ਹੋਲਾ-ਮਹੱਲਾ ਦਾ ਨਾਮ ਦੇ ਕੇ ਮਹਾਨ ਗੌਰਵ ਪ੍ਰਦਾਨ ਕਰ ਦਿਤਾ।

ਸਤਿਜੁਗ ਵਿਚ ਹਿਰਣਯਕਸ਼ਿਪੂ (ਸੁਨੇਹਰੀ ਦੇਹ ਵਾਲਾ-ਗੁਰਬਾਣੀ ਵਿਚ ਪ੍ਰਚਲਿਤ ਨਾਮ ਹਰਣਾਕਸ਼) ਦੈਂਤ ਦੇ ਘਰ ਪ੍ਰਹਲਾਦ ਨਾਮੀ ਵਿਸ਼ਨੂ ਭਗਤ ਨੇ ਜਨਮ ਲਿਆ। ਆਪਣੇ ਆਪ ਨੂੰ ਭਗਵਾਨ ਪ੍ਰਚਾਰਨ ਵਾਲੇ ਹਰਨਾਕਸ਼ ਨੇ ਪੁੱਤਰ ਪ੍ਰਹਲਾਦ ਦੀ ਭਗਤੀ ਭਾਵਨਾ ਬਦਲਣ ਲਈ ਅਨੇਕਾਂ ਜਾਨ ਲੇਵਾ ਅਤਿਆਚਾਰ ਕੀਤੇ ਪਰ ਉਸ ਬਾਲਕ ਭਗਤ ਦੀ ਹਰ ਵਾਰ ਰੱਖਿਆ ਹੋਈ। ਪ੍ਰਹਲਾਦ ਦੀ ਭੂਆ ਹੋਲਿਕਾ ਨੂੰ ਅਗਨੀ ਰੋਧਕ ਚਾਦਰ ਵਰਦਾਨ ਵਿਚ ਮਿਲੀ ਹੋਈ ਸੀ ਉਸਨੇ ਕਾਮ ਉਤਸਵ ਦੀ ਪ੍ਰਚੰਡ ਅੰਗਨੀ ਵਿਚ ਪ੍ਰਹਲਾਦ ਨੂੰ ਨਾਲ ਲੈ ਕੇ ਸਾੜ ਦੇਣ ਲਈ ਪ੍ਰਵੇਸ਼ ਕੀਤਾ ਪਰ ਭਗਵਾਨ ਦੀ ਕ੍ਰਿਪਾ ਨਾਲ ਉਸ ਚਾਦਰ ਪ੍ਰਹਲਾਦ ਨੂੰ ਆਪਣੀ ਲਪੇਟ ਵਿਚ ਲੈ ਲਿਆ ਤੇ ਹੋਲਿਕਾ ਸੜ ਮਰੀ ਤੇ ਇਸ ਮਦਨ ਉਤਸਵ ਦਾ ਨਾਮ ਹੋਲਿਕਾ-ਦਹਣ ਤੇ ਸੰਖੇਪ ਵਿਚ ਹੋਲੀ ਹੋ ਗਿਆ। ਮਗਰੋਂ ਪ੍ਰਹਲਾਦ ਦੀ ਰੱਖਿਆ ਭਗਵਾਨ ਵਿਸ਼ਨੂ ਦੇ ਵਿਲੱਖਨ ਅਵਤਾਰ ਨਰਸਿੰਘ (ਧੜ ਮਨੁੱਖ ਦਾ ਸਿਰ ਬਾਹਾਂ ਸ਼ੇਰ ਦੀਆਂ) ਨੇ ਪ੍ਰਤੱਖ ਪਰਗਟ ਹੋ ਕੇ ਕੀਤੀ ਤੇ ਹਰਨਾਕਸ਼ ਦਾ ਨਾਸ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ ਤਾਂ ਜ਼ੁਲਮ ਦੇ ਜੰਗਲੀ ਰਾਜ ਵਿਚ ਮਨੁੱਖਤਾ ਦੀ ਰੱਖਿਆ ਲਈ ਸਮੁਚੇ ਪੰਥ ਲਈ ਸਿੰਘ ਉਪਨਾਮ ਨਿਸਚਿਤ ਕਰ ਕੇ ਨਰਸਿੰਘਾਂ ਦੀ ਫੌਜ ਹੀ ਬਣਾਈ ਸੀ। ਇਸੇ ਲਈ ਭਗਤ ਪ੍ਰਹਲਾਦ ਅਤੇ ਨਰਸਿੰਘ ਅਵਤਾਰ ਦੇ ਪ੍ਰਸੰਗ ਨੂੰ ਆਦਰਸ਼ ਬਣਾ ਕੇ ਖਾਲਸੇ ਨੂੰ ਅਕਾਲ ਪੁਰਖ ਦੀ ਫੌਜ ਕਿਹਾ ਗਿਆ ਸੀ ਅਤੇ ਹੋਲੀ ਦੇ ਤਿਉਹਾਰ ਨੂੰ ਸੰਤ ਸਿਪਾਹੀਆਂ ਦਾ ਹੋਲਾ-ਮਹੱਲਾ ਬਣਾਇਆ ਗਿਆ ਸੀ।

ਬ੍ਰਜ ਦੀ ਹੋਲੀ ਅਸ਼ਲੀਲਤਾ ਅਤੇ ਰਾਸ ਰੰਗੀਨੀਆਂ ਨਾਲ ਕੇਵਲ ਮਦਨ ਉਤਸਵ ਦੀ ਯਾਦ ਤਾਜ਼ਾ ਕਰਾਉਂਦੀ ਹੈ ਅਤੇ ਅਜੇਹਾ ਗੰਦਲਾ ਮਾਹੌਲ ਸਾਰੇ ਭਾਰਤ ਦੀ ਹੋਲੀ ਵਿਚ ਦੇਖਣ ਨੂੰ ਮਿਲਦਾ ਹੈ। ਕਈ ਥਾਂ ਖੁਸ਼ੀ ਦੇ ਇਸ ਤਿਉਹਾਰ ਵਿਚ ਨਿਜੀ ਦੁਸ਼ਮਨੀ ਕਢਨ ਲਈ ਖ਼ੂਨ ਦੀ ਹੋਲੀ ਵੀ ਖੇਡੀ ਜਾਂਦੀ ਹੈ ਅਤੇ ਹੋਲੀ ਦੇ ਹੁੜਦੰਗ ਵਿਚ ਦੁਰਘਟਨਾਵਾਂ ਨਾਲ ਵੀ ਕਈ ਘਰਾਂ ਵਿਚ ਮਸਿਆ ਦਾ ਹਨੇਰਾ ਛਾ ਜਾਂਦਾ ਹੈ। ਅਨੰਦਪੁਰ ਅਤੇ ਹੋਰ ਗੁਰਧਾਮਾਂ ਵਿਚ ਇਕ ਪਾਸੇ ਕੀਰਤਨ ਦੀਆਂ ਮਧੁਰ ਧੁਨੀਆਂ ਨਾਲ "ਹੋਲੀ ਕੀਨੀ ਸੰਤਸੇਵ" 'ਚ ਗੂੰਜਾਂ ਨਾਲ ਇਕਓਅੰਕਾਰ



Namdhari Elibrary NamdhariElibrary@gmail.com

ਦੀ ਭਗਤੀ ਅਤੇ ਸਦਾਚਾਰੀ ਜੀਵਨ ਦਾ ਗੁਣਗਾਨ ਹੁੰਦਾ ਹੈ ਅਤੇ ਦੂਜੇ ਪਾਸੇ ਸੂਰਮੇ ਸਿੱਖ ਯੁੱਧ ਕਲਾ ਦੇ ਅਭਿਆਸ ਕੌਸ਼ਲ ਦਾ ਰੰਗਬਿਰੰਗਾ ਪ੍ਰਦਰਸ਼ਨ ਕਰ ਕੇ ਸ਼ਸਤਰ ਧਾਰੀ ਹੋ ਕੇ ਭਗਤੀ ਦੀ ਲੋਕ-ਰਖਿਅਕ ਕਲਿਆਣਕਾਰੀ ਸ਼ਕਤੀ ਦਾ ਇਤਿਹਾਸ ਚੇਤਾ ਕਰਾਉਂਦੇ ਹਨ। ਆਨੰਦਪੁਰ ਵਿਚ ਤੇ ਹੋਰ ਗੁਰਧਾਮਾਂ ਵਿਚ ਹੋਲਾ-ਹੋਲੀ ਦੇ ਗੁਲਾਲ ਵੀ ਜ਼ਰੂਰ ਉਡਾਏ ਜਾਂਦੇ ਹਨ।

ਹੋਲਾ ਮਹੱਲਾ ਦੀ ਜਿਹੜੀ ਗੌਰਵਸ਼ਾਲੀ ਪਰੰਪਰਾ ਸ੍ਰੀ ਦਸਮੇਸ਼ ਸਤਿਗੁਰੂ ਜੀ ਨੇ ਉਜਾਗਰ ਕੀਤੀ ਸੀ ਉਸ ਦੀ ਬਾਹਰੀ ਰੰਗੀਨੀਆਂ ਨੂੰ ਦਰਬਾਰੀ ਕਵੀਆਂ ਨੇ ਆਪਣੇ ਕਾਵ ਕੌਸ਼ਲ ਨਾਲ ਕਲਮ ਬੰਧ ਕਰਕੇ ਇਤਿਹਾਸ ਆਦਰਸ਼ ਬਣਾ ਦਿਤਾ ਹੈ। ਗੁਰਬਾਣੀ ਵਿਚ ਪ੍ਰਹਲਾਦ ਭਗਤ ਦੀ ਰੱਖਿਆ ਦਾ ਪ੍ਰਸੰਗ ਵੱਖ-ਵੱਖ ਰਚਨਾਕਾਰਾਂ ਦੀ ਬਾਣੀ ਵਿਚ ਦਰਜ ਹੋਇਆ ਹੈ। ਗੁਰਸੰਗਤ ਦੇ ਨਿਤਨੇਮੀ ਕੀਰਤਨ ਦੇ ਰੂਪ ਵਿਚ ਆਸਾ ਦੀ ਵਾਰ ਦੇ ਗਾਇਨ ਦਾ ਪ੍ਰਾਰੰਭ ਸਲੋਕਾਂ ਸਮੇਤ ਕਰਤਾਰਪੁਰ ਵਿਚ ਹੀ ਹੋ ਗਿਆ ਸੀ। ਇਸ ਵਾਰ ਦੇ ਨਾਲ ਪੰਚਮ ਗੁਰੂ ਅਰਜੁਨ ਦੇਵ ਜੀ ਨੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਆਸਾ ਰਾਗ ਦੇ ਭਗਤੀ ਰੰਗ ਵਿਚ ਗੜੂੰਚ ਛੰਤ ਗਾਉਨ ਦਾ ਨਿਯਮ ਵੀ ਬਣਾ ਦਿੱਤਾ। ਚੋਬੀਸਵੀ ਅਖੀਰਲੀ ਪਉੜੀ ਦੇ ਗਇਨ ਤੋਂ ਪਹਿਲਾਂ ਗਾਏ ਜਾਣ ਵਾਲੇ ਛੰਤ ਵਿਚ ਭਗਤ ਪ੍ਰਹਲਾਦ ਦੀ ਰੱਖਿਆ ਅਤੇ ਬਾਲਕ ਭਗਤ ਨਾਮਦੇਵ ਦੀ ਉਪਮਾ ਦਾ ਜ਼ਿਕਰ ਇਸ ਤਰ੍ਹਾਂ, ਹਰ ਰੋਜ ਨਾਮ ਭਗਤੀ ਪ੍ਰੇਰਣਾ ਦੇਂਦਾ ਹੈ —

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ।
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦ ਤਰਾਇਆ।
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮ ਦੇਉ ਮੁਖਿ ਲਾਇਆ।...

ਬਸੰਤ ਤੇ ਹੋਲੀ ਨਾਲ ਜੁੜੀ ਗੁਰਬਾਣੀ ਕੇਵਲ ਆਤਮਾ ਤੇ ਪਰਮਾਤਮਾ ਦਾ ਸੰਵਾਦ ਹੀ ਰਚਾਂਦੀ ਹੈ — ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥ ਹੋਲੀ ਕੀਨੀ ਸੰਤ ਸੇਵਾ। ਰੰਗੁ ਲਾਗ ਅਤਿ ਲਾਲ ਦੇਵ ॥" ਪੰਨਾ-੧੧੮੦)। ਭਾਈ ਨੰਦ ਲਾਲ ਜੀ ਆਨੰਦਪੁਰ ਵਿੱਚ ਦਸਮੇਸ਼ ਦੀ ਹੋਲੀ ਵਿਚ ਧਰਤੀ ਤੋਂ ਆਕਾਸ਼ ਤਕ ਖਿਲਾਰੇ ਜਾ ਰਹੇ ਗੁਲਾਲ ਵਿਚੋਂ ਲੋਕ ਪਰਲੋਕ ਦੇ ਹੁਲਾਸ ਨੂੰ ਇੰਝ ਉਲੀਕਦੇ ਹਨ — (ਫਾਰਸੀ ਗਜ਼ਲ ੩੨ ਦਾ ਰੂਪਾਂਤਰ) ਹੋਲੀ ਦਾ ਫੁਲ ਖਿੜਿਆ ਸੁਗੰਧ ਨਾਲ ਸਾਰਾ ਬਾਗ ਮਹਿਕ ਪਿਆ।

(ਪ੍ਰੀਤਮ ਦਾ) ਮੂੰਹ ਕਲੀ ਵਾਂਗ ਖਿੜ ਗਿਆ।"
ਗੁਲਾਬ ਕਸਤੂਰੀ ਅੰਬੀਰ ਦਾ ਮੀਂਹ ਵਸਣ ਲਗ ਪਿਆ।
ਕੇਸਰ ਭਰੀ ਪਿਚਕਾਰੀ ਨੇ ਸਭ ਦੇ ਸਫੇਦ ਕਪੜਿਆਂ ਨੂੰ ਰੰਗੀਨ ਕਰ ਦਿੱਤਾ।

ਸਤਿਗੁਰੂ ਨੇ ਆਪਣੇ ਹਥਾਂ ਨਾਲ ਗੁਲਾਲ ਉਡਾ ਕੇ ਧਰਤੀ ਤੇ ਅਕਾਸ਼ ਨੂੰ ਵੀ ਰੰਗ ਦਿਤਾ। ਭਾਈ ਨੰਦ ਲਾਲ ਦੀਵਾਨਿ ਗੋਯਾ ਦੇ ੧੮ਵੀਂ ਗ਼ਜ਼ਲ ਵਿਚ ਆਪਣੀ ਮਸਤੀ ਉਜਾਗਰ ਕਰਦੇ ਹਨ—

"ਆਪਣੀ ਸੁਰਤ ਸੰਭਾਲ ਬਸੰਤ ਬਹਾਰ ਆਈ ਹੈ।..... ਸਾਰੇ ਫੁਲਾਂ (ਸੰਗਤ) ਨੂੰ ਖ਼ਬਰ ਕਰ ਦਿਉ ਕਿ ਖਿੜ ਜਾਉ। ਇਹ ਖੁਸ਼ਖਬਰੀ ਹੈ ਕਿ ਉਹ ਬੁਲ-ਬੁਲ (ਪ੍ਰੀਤਮ-ਸਤਿਗੁਰ) ਆਈ ਹੈ। ਸਾਡਾ ਧਿਆਨ ਤੇਰੇ ਕੇਸਾਂ ਦੇ ਕੁੰਡਲਾਂ ਵਿਚ ਫੱਸ ਗਿਆ ਹੈ। ਇਹੋ ਕਾਰਨ ਹੈ ਕਿ ਮਨ ਪ੍ਰੇਮ ਵਿੱਚ ਬਿਹਬਲ ਹੈ।"

ਕਵੀ ਸੋਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੋਲੀ ਦੀ ਉਪਮਾ ਇੰਝ ਕਰਦਾ ਹੈ :-

ਰੰਗੀਲੇ ਗੁਰ ਗੋਬਿੰਦ ਹੋਰੀ ਖੇਲੀਏ ॥ ਰਹਾਉ।
ਰਾਮ ਨਾਮ ਕੋ ਚੋਆ ਮੁਖ ਮੈ ਚੋਈਐ,
ਕੇਸਰ ਹਰਿ ਕੀ ਪ੍ਰੀਤ ਸੋਂ ਸੀਅ ਭਿਮੋਈਐ।
ਜਸ ਕੀਰਤ ਕੋ ਅਬੀਰ ਜਗਤ ਪਰ ਡਾਰੀਐ,
ਤਨ ਮਨ ਧਨ ਸਭ ਅਪਨੇ ਸੁਰ ਪਰ ਵਾਰੀਐ।੨।

ਭਾਈ ਹਜ਼ੂਰਾ ਸਿੰਘ (੧੮੮੧) ਗੀ ਦੀ ਲਿਖੀ ਹੋਲਾ-ਮਹੱਲਾ ਦੀ ਉਪਮਾ ਦੇ ਅੰਸ਼

ਖੇਲਤ ਹੈ ਫਾਗ ਤਹਾ ਦੇਖਤ ਬਡਭਾਗ,
ਜਾਇ ਰਾਗ ਭਾਗ ਠੌਰ ਠੌਰ ਮਾਂਡਤ ਮੁਖ ਰੋਲਾ ਹੈ।
ਹੋਲੇ ਦਾ ਹੁਲਾਸ ਖਾਸ ਆਨੰਦਪੁਰ ਬਾਸਕਰਾ।
ਸ੍ਰੀ ਗੁਰੂ ਗੋਬਿੰਦ ਸਿੰਘ ਖੇਲੇ ਆਪ ਹੋਲਾ ਹੈ।

ਸੰਤ ਨਿਹਾਲ ਸਿੰਘ (ਦੇਹਾਂਤ ੧੯੦੦) ਨੇ ਦਸਮੇਸ਼ ਦੇ ਹੋਲਾ ਮਹੱਲਾ ਦੀ ਉਪਮਾ ਵਿਸਤਾਰ ਨਾਲ ਕੀਤੀ ਹੈ—

ਛੂਟੇ ਪਿਚਕਾਰੀ ਰੰਗ ਹੇਮ ਕੀ ਜਰਾਉ ਨਾਲ
ਜੁਟੈਂ ਪ੍ਰੇਮ ਮੌਜ ਕੇ ਲੁਟੇ ਮੋਦ ਚੋਲਾ ਹੈ।
ਦੇਵੀ ਦੇਵ ਸਿੱਧਨ ਕੀ ਲੋਕ ਮੇ ਪ੍ਰਸਿੱਧ ਹੋਲੀ,
ਸ਼੍ਰੀ ਗੁਰੂ ਗੋਬਿੰਦ ਸਿੰਘ ਜੂ ਕੋ ਆਜ ਹੋਲਾ ਹੈ।

ਗੁਰ ਬਾਣੀ ਦੀ ਹਕੀਕਤ ਹੈ ਕਿ ਗੁਰੂ ਜੋਤਾਂ ਦਾ ਪਰਿਚੈ ਮਹਲਾ ਅੰਕ ਨਾਲ ਮਿਲਦਾ ਹੈ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਤਸ਼ਾਹੀ ਦਸਵੀਂ ਦੇ ਰੂਪ ਵਿਚ ਬਾਣੀ ਲਿਖੀ ਹੈ। ਹੋਲੀ ਨੂੰ ਪੁਲਿੰਗ "ਹੋਲਾ" ਨਾਮ ਦੇ ਕੇ "ਮਹਲਾ" ਜੋੜ ਕੇ "ਹੋਲਾ ਮਹੱਲਾ" ਨਾਮ ਦੀ ਬਿੰਬ ਪ੍ਰਤੀਕ ਰਮਜ਼ ਦੀ ਖੋਜ ਜ਼ਰੂਰੀ ਹੈ। ਹੋਲੀ ਦੇ ਰੰਗ ਦੀ ਛਬੀ ਦਸਮੇਸ਼ ਕਲਮ ਵਿਚ ਨਿਰਖਣ ਤੋਂ ਬਗੈਰ ਲਿਖਤ ਅਧੂਰੀ ਰਹੇਗੀ।

ਮਾਘ ਬਿਤੀਤ ਭਏ ਰੁਤਿ ਫਾਗੁਨ
ਆਇ ਗਈ ਸਭ ਖੇਲਤ ਹੋਰੀ ॥
ਗਾਵਤ ਗੀਤ ਬਜਾਵਤ ਤਾਲ
ਕਹੈ ਮੁਖ ਤੇ ਭਰੂਆ ਮਿਲਿ ਜੋਰੀ।
ਡਾਰਤ ਹੈ ਅਲਿਤਾ ਬਨਿਤਾ
ਛਟਿਕਾ ਸੰਗਿ ਮਾਰਤ ਬੈਸਨ ਬੋਰੀ।



Namdhari Elibrary NamdhariElibrary@gmail.com

ਖੇਲਤ ਸਯਾਮ ਧਮਾਰ ਅਨੂਪ
ਮਹਾਂ ਮਿਲਿ ਸੁੰਦਰਿ ਸਾਵਲ ਗੋਰੀ ॥ ੨੨੫

ਹੋਲੀ ਦੇ ਧਮਾਲ ਵਿਚ ਕਾਨ੍ਹ ਦੀ ਬੰਸੁਰੀ ਦੇ ਕਮਾਲ ਨਾਲ ਧਰਤੀ ਤੇ ਇੰਦਰ ਲੋਕ ਮਾਤ ਪੈ ਜਾਂਦਾ ਹੈ—

ਲਲਤ ਧਨਾਸਰੀ ਬਜਵਾਹਿ ਸੰਗਿ ਬਾਂਸੁਰੀ, ਕਿਦਾਰਾ ਔਰ ਮਾਲਵਾ ਬਿਹਾਗੜਾ ਅਉ ਗੂਜਰੀ ॥

ਮਾਰੂ ਅਉ ਪਰਜ ਔਰ ਕਾਨ੍ਹੜਾ ਕਲਿਆਨ ਸੁਭ, ਕੁਕਭ ਬਿਲਵਤ ਸੁਨੈ ਤੋ ਆਵੈ ਮੂਜਰੀ।

ਭੈਰਵ ਧਾਲਸੀ ਭੀਮ ਦੀਪਕ ਸੁ ਗਉਰੀ ਨਟ ਠਾਢੋ ਦ੍ਰੁਮ ਛਾਇ ਮੈ ਸੁ ਗਾਵੈ ਕਾਨ੍ਹ ਪੂਜਰੀ;

ਤਾਂਤੇ ਗ੍ਰਿਹ ਤਿਆਗਿ ਤਾਕੀ ਸੁਨਿ ਧੁਨਿ ਸ੍ਰੋਨਨ ਮੈ, ਮ੍ਰਿਗਨੈਨੀ ਫਿਰਤ ਸੁ ਬਨਿ ਬਨਿ ਊਜਰੀ ॥ ੨੩੨ ॥

## ਗ਼ਜ਼ਲ

—*ਮਹਿਮਾ ਸਿੰਘ ਹਲਵਾਰਵੀ*

ਰਹਿੰਦਾ ਹਾਂ ਮੈਂ ਸ਼ੁਭ-ਚਿੰਤਨ ਦੀ ਓਟ ਵਿਚ।
ਵਹਿੰਦਾ ਹਾਂ ਮੈਂ ਸ਼ੁਭ-ਚਿੰਤਨ ਦੀ ਓਟ ਵਿਚ।

ਸ਼ੁਭ-ਚਿੰਤਨ ਹੀ ਹਰ ਮਸਲੇ ਦਾ ਹੱਲ ਹੈ,
ਕਹਿੰਦਾ ਹਾਂ ਮੈਂ ਸ਼ੁਭ-ਚਿੰਤਨ ਦੀ ਓਟ ਵਿਚ।

ਲਗਦੀ ਹੈ ਜਦ ਚੋਟ ਕੁਈ ਚਲਦੇ ਹੋਏ,
ਸਹਿੰਦਾ ਹਾਂ ਮੈਂ ਸ਼ੁਭ-ਚਿੰਤਨ ਦੀ ਓਟ ਵਿਚ।

ਛੇਤੀ ਕੀਤੇ ਸੁੱਟਦਾ ਨਾ ਹਥਿਆਰ ਮੈਂ,
ਖਹਿੰਦਾ ਹਾਂ ਮੈਂ ਸ਼ੁਭ-ਚਿੰਤਨ ਦੀ ਓਟ ਵਿਚ।

ਜਦ ਚੜਿਨਾ ਪੈ ਜਾਵੇ ਮੁਸ਼ਕਲ ਮੋੜ 'ਤੇ,
ਚੜਿੰਦਾ ਹਾਂ ਮੈਂ ਸ਼ੁਭ-ਚਿੰਤਨ ਦੀ ਓਟ ਵਿਚ।

ਸ਼ੁਭ-ਚਿੰਤਨ ਵਿਚ ਉੱਚਾ ਉੱਠਦਾ ਰੋਜ਼ ਮੈਂ,
ਲਹਿੰਦਾ ਤਾਂ ਮੈਂ ਸ਼ੁਭ ਚਿੰਨ ਦੀ ਓਟ ਵਿਚ।

ਸਹਿਜ ਸਿਆਣਪ ਦੀ ਮਸਤੀ ਵਿਚ ਹਾਂ ਨਿਡਰ,
ਰਹਿੰਦਾ ਹਾਂ ਮੈਂ ਸ਼ੁਭ-ਚਿੰਤਨ ਦੀ ਓਟ ਵਿਚ।

ਹਲਵਾਰਾ (ਲੁਧਿਆਣਾ)

*ਚਿੰਤਨਧਾਰਾ*

# ਸ਼ੁਭ-ਚਿੰਤਨ ਨਾਲ ਹੀ ਤੰਦਰੁਸਤੀ ਸੰਭਵ ਹੈ

**—ਮਹਿਮਾ ਸਿੰਘ ਹਲਵਾਰਵੀ**

ਖੁਸ਼ੀ ਵੰਡਣ ਵਾਲੇ ਨੂੰ ਹੀ ਖੁਸ਼ੀ ਮਿਲਦੀ ਹੈ। ਸਮਾਜ ਤੋਂ ਅਸੀਂ ਬਹੁਤ ਕੁਝ ਲੈਂਦੇ ਹਾਂ; ਇਸ ਲਈ ਕੁਝ ਨਾ ਕੁਝ ਦੇਣਾ ਵੀ ਬਣਦਾ ਹੈ। ਸਮਾਜ ਨੂੰ ਦਿਓ ਆਪਣਾ ਸ਼ੁਭ-ਚਿੰਤਨ! ਸਮਾਜ ਨੂੰ ਦਿਓ ਆਪਣੀ ਚੜ੍ਹਦੀ ਕਲਾ! ਪ੍ਰਸ਼ੰਸਾ ਦਿਓ ਤਾਂ ਪ੍ਰਸ਼ੰਸਾ ਮਿਲੇਗੀ। ਤਣਾਓ ਵੰਡੋਗੇ ਤਾਂ ਤਣਾਓ ਹੀ ਮਿਲੇਗਾ। ਆਪਣੇ ਸਰਕਲ ਵਿਚਲੇ ਲੋਕਾਂ ਨਾਲ ਹਮੇਸ਼ਾ ਹੀ ਖੁਸ਼ੀ ਅਤੇ ਗਮ ਸਾਂਝਾ ਕਰੋ। ਗੁਰਬਾਣੀ ਅਨੁਸਾਰ, 'ਸਭੇ ਸਾਂਝੀਵਾਲ ਸਦਾਇਨ ਕੋਈ ਨਾ ਦਿਸੈ ਬਾਹਰਾ ਜੀਉ'।

ਜਦੋਂ ਵੀ ਸੋਚ ਨੂੰ ਪਾਜ਼ੇਟਿਵ ਦਿਸ਼ਾ ਦਿੱਤੀ ਜਾਂਦੀ ਹੈ ਤਾਂ ਉਹ ਪ੍ਰਗਤੀਸ਼ੀਲ ਬਣਦੀ ਹੈ। ਖੁਸ਼ੀ ਦਾ ਮਾਹੌਲ ਸਦਾ ਕਿਸੇ ਬਾਹਰੀ ਕਾਰਨ ਨਾਲ ਹੀ ਨਹੀਂ ਬਣਦਾ ਸਗੋਂ ਇਹ ਅੰਦਰੂਨੀ ਕਾਰਨਾਂ ਨਾਲ ਵੀ ਬਣਾਇਆ ਜਾ ਸਕਦਾ ਹੈ। ਬੱਚੇ ਦੀਆਂ ਕਿਲਕਾਰੀਆਂ ਸੁਣੋ। ਗੱਲਬਾਤ ਵਿਚੋਂ ਸਭਿਆ ਕਿਸਮ ਦੇ ਚੁਟਕਲੇ ਲੱਭੋ। ਵਧੀਆ ਹੱਸਣ ਦੇ ਮੌਕੇ 'ਤੇ ਕਹਿਕਹਾ ਮਾਰ ਕੇ ਹੱਸੋ। ਆਪਣੇ ਲਈ ਖੁਸ਼ੀ ਦਾ ਮਾਹੌਲ ਸਿਰਜਣਾ ਸਿੱਖੋ। ਸਹਿਜ ਸੁਭਾਅ ਰਹਿਣਾ ਸਿੱਖੋ। ਜਦ ਮਨ ਵਿਚ ਆਪਣੇ ਆਪ ਲਈ ਅਤੇ ਸਮੁੱਚੇ ਸਮਾਜ ਲਈ ਵੀ ਸ਼ੁਭ-ਚਿੰਤਨ ਦੀ ਭਾਵਨਾ ਹੁੰਦੀ ਹੈ ਤਾਂ ਕੋਈ ਵੀ ਤੁਹਾਨੂੰ ਦੁਖੀ ਨਹੀਂ ਕਰ ਸਕਦਾ। ਕਿਸੇ ਚਿੰਤਾ ਵਾਲੇ ਅਤੇ ਔਖੇ ਵੇਲੇ ਵਿਚ ਵੀ ਤੁਸੀਂ ਜ਼ਿਆਦਾ ਦੁਖੀ ਹੋਣ ਤੋਂ ਬਚੇ ਰਹਿੰਦੇ ਹੋ।

ਲੋੜ ਤੋਂ ਵੱਧ ਤਣਾਓ, ਮੁਕਾਬਲੇਬਾਜ਼ੀ ਅਤੇ ਈਰਖਾ ਸਦਾ ਹੀ ਤੁਹਾਡੀ ਸਿਹਤ ਨੂੰ ਢਾਹ ਲਾਉਂਦੇ ਹਨ ਅਤੇ ਸਮਾਜ ਵਿਚ ਤੁਹਾਡੇ ਵਿਰੋਧੀ ਪੈਦਾ ਕਰਦੇ ਹਨ। ਕਿਸੇ ਦੀ ਵੀ ਕਿਸੇ ਤਰ੍ਹਾਂ ਦੀ ਉੱਨਤੀ ਤੋਂ ਪ੍ਰੇਰਨਾ ਲੈਣ ਦੀ ਕੋਸ਼ਿਸ਼ ਹੀ ਕਰਨੀ ਚਾਹੀਦੀ ਹੈ ਨਾ ਕਿ ਸਾੜਾ ਜਾਂ ਈਰਖਾ ਕਰਨੀ ਚਾਹੀਦੀ ਹੈ। ਕਿਸੇ ਦੇ ਅਕਾਊ ਵਿਹਾਰ ਤੋਂ ਜੁਗਤ ਨਾਲ ਬਚਣਾ ਚਾਹੀਦਾ ਹੈ ਨਾ ਕਿ ਖਿੱਝਣਾ ਚਾਹੀਦਾ ਹੈ। ਨਾ ਹੀ ਆਪਣੀ ਹੀ ਲੋੜੋਂ ਵੱਧ ਪ੍ਰਸ਼ੰਸਾ ਕਿਤੇ ਕਰਨੀ ਚਾਹੀਦੀ ਹੈ ਅਤੇ ਨਾ ਹੀ ਕਿਸੇ ਵੱਲੋਂ ਆਪਣੀ ਲੋੜੋਂ ਵੱਧ ਕੀਤੀ ਜਾ ਰਹੀ ਪ੍ਰਸ਼ੰਸਾ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ।

ਸਿਆਣਿਆਂ ਨੇ ਕਿਹਾ ਹੈ, "ਖੁਸ਼ੀ ਭਰਿਆ ਦਿਲ ਸਭ ਤੋਂ ਵਧੀਆ ਦਵਾਈ ਹੈ।" ਇਸ ਲਈ ਵੱਧ ਤੋਂ ਵੱਧ ਖੁਸ਼ਦਿਲ ਅਤੇ ਸ਼ਾਂਤ ਸੁਭਾਅ ਦੇ ਮਾਲਕ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਹੀ ਅਸੀਂ ਦੂਜੇ ਲੋਕਾਂ ਨਾਲ ਵੱਧ ਤੋਂ ਵੱਧ ਜੁੜ ਸਕਦੇ ਹਾਂ। ਜਦ ਕਿ ਤਣਾਓ-ਗ੍ਰਸਤ ਵਿਅਕਤੀ ਹਰ ਤਰ੍ਹਾਂ ਦੇ ਰੌਣਕ ਮੇਲੇ ਅਤੇ ਖੁਸ਼ੀ ਭਰੇ ਮਾਹੌਲ ਵਿਚ ਵੀ ਆਪਣੇ ਆਪ ਨੂੰ ਇਕੱਲਾ ਅਤੇ ਦੁਖੀ ਮਹਿਸੂਸ ਕਰਦਾ ਹੈ।

ਜੈਸਾ ਮਨ ਵੈਸਾ ਤਨ ਰੱਖਣ ਲਈ ਭੋਜਨ ਵੀ ਸਾਤਵਿਕ ਅਤੇ ਸਹੀ ਮਾਤਰਾ ਵਿਚ ਲੋੜ ਮੁਤਾਬਕ ਸਮੇਂ ਸਿਰ ਹੀ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਸਮੇਂ ਸਿਰ ਇਸ਼ਨਾਨ ਧਿਆਨ ਅਤੇ ਸਾਫ ਕੱਪੜੇ ਪਾਉਣਾ ਵੀ ਸ਼ੁਭ-ਚਿੰਤਨ ਦਾ ਹੀ ਇਕ ਹਿੱਸਾ ਹੈ। ਸਮੇਂ ਸਿਰ ਕੰਮ ਸਮੇਂ ਸਿਰ ਆਰਾਮ। ਸਮੇਂ ਸਿਰ ਹਰ ਥਾਂ 'ਤੇ ਪਹੁੰਚਣਾ ਅਤੇ ਬਨਾਵਟ ਦੇ ਪਰਦੇ ਤੋਂ ਦੂਰ ਰਹਿਣਾ ਚਾਹੀਦਾ ਹੈ।

—ਹਲਵਾਰਾ (ਲੁਧਿਆਣਾ) —੧੪੧੧੦੭



Namdhari Elibrary NamdhariElibrary@gmail.com



# ਚੋਣਵੇਂ ਪੰਜਾਬੀ ਸ਼ਿਅਰ

ਪੇਸ਼ਕਾਰ : ਚਰਨ ਸੀਚੇਵਾਲਵੀ

### ਪ੍ਰੋ. ਮੋਹਣ ਸਿੰਘ

◇ ਚੰਨ, ਮੰਗਲ, ਬੁੱਧ ਬ੍ਰਿਹਸਪਤ ਤੋਂ ਵੀ ਅੱਗੇ ਜਾਣਾ ਹਿੰਮਤ ਨੇ,
ਧਰਤੀ ਦਾ ਇਕ ਪੜਾਅ ਹੀ ਹੈ ਰੱਖ ਦਾਈਆ ਪੰਧ ਲਮੇਰੇ ਦਾ।

◇ ਪਹਿਲਾ ਪੜਾਅ ਹੈ ਝਾਗਣਾ ਬਿਹੋਂ ਦੇ ਸੂਲ ਨੂੰ,
ਅਗਲਾ ਪੜਾਅ ਹੈ ਸੂਲੀਆਂ ਤੇ ਮੁਸਕਰਾਣ ਦਾ।

◇ ਗਗਨਾਂ ਦੀ ਬੁੱਢੀ ਛੱਤ ਉਤੇ ਕਦ ਤੀਕ ਚਿੱਤਰ ਤੂੰ ਵਾਹੇਂਗਾ।
ਆ ਜ਼ੁਲਫ ਸਵਾਰੀਏ ਧਰਤੀ ਦੀ ਆ ਗੱਲ ਕਰੀਏ ਕੋਈ ਨੇੜੇ ਦੀ।

◇ ਹੰਝੂ ਕਿਹਦੀ ਉਡੀਕ ਵਿਚ ਦੀਪਕ ਜਗਾ ਰਹੇ,
ਕਿਹੜੀ ਖੁਸ਼ੀ 'ਚ ਨੈਣ ਬਣੇ ਸ਼ਬਸਤਾਨ ਅੱਜ।

◇ ਛੱਡ ਦਿੱਤਾ ਹੈ ਅਸਾਂ ਹੁਣ ਕਹਿਕਸ਼ਾਂ ਨੂੰ ਰੰਗਣਾ।
ਚੰਨ ਦੀ ਪਿਆਲੀ ਦੇ ਵਿਚ ਮੋਤੀ ਦਾ ਪਾਣੀ ਮੰਗਣਾ।

◇ ਆਖੇ ਅਕਲ ਨਾ ਹੋਰ ਹੁਣ ਮਾਰੂਥਲਾਂ 'ਚ ਨੱਸ।
ਪਰ ਦਿਲ ਨਿਖੱਤਾ ਭਟਕਣੋਂ ਕਰਦਾ ਅਜੇ ਨਾ ਬੱਸ।

◇ ਪਤਝੜ ਦੇ ਪੀਲੇ ਪੱਤਰਾਂ ਤੇ ਮੁਸਕਾਨ ਨਵੀਂ ਮੈਂ ਤੱਕਦਾ ਹਾਂ।
ਮਜ਼ਦੂਰ ਦੇ ਰੋਸ਼ਨ ਮੱਥੇ ਤੇ ਇਕ ਸ਼ਾਨ ਨਵੀਂ ਮੈਂ ਤੱਕਦਾ ਹਾਂ।

### ਦਰਸ਼ਨ ਸਿੰਘ ਅਵਾਰਾ

◇ ਮੇਰਾ ਦਿਲ ਬਾਂਕੀ ਅਦਾ ਦੇ ਵਾਸਤੇ ਖਾਲੀ ਨਹੀਂ।
ਇਹ ਮੇਰੀ ਝੁੱਗੀ ਬਲਾ ਦੇ ਵਾਸਤੇ ਖਾਲੀ ਨਹੀਂ।

◇ ਜ਼ਿੰਦਗੀ ਦੀਆਂ ਗੁੰਝਲਾਂ ਖੋਲਣ 'ਚ ਹਨ ਰੁੱਝੇ ਹੋਏ,
ਮੇਰੇ ਹੱਥ ਅੱਜ ਕਲ ਦੁਆ ਦੇ ਵਾਸਤੇ ਖਾਲੀ ਨਹੀਂ।

◇ ਡੋਬਣ ਲਈ ਜਿਹੜੀ ਕਿਸ਼ਤੀ ਨੂੰ ਉਸ ਪੂਰਾ ਤਾਣ ਲਗਾਇਆ ਸੀ,
ਉਹਨੂੰ ਨੱਚਦੀ ਤੱਕ ਕੇ ਲਹਿਰਾਂ ਤੇ ਤੂਫਾਨ ਦੇ ਦਿਲ ਤੇ ਕੀ ਬੀਤੀ ?

◇ ਮੌਤ ਦਾ ਹੀ ਆਸਰਾ ਇਕ ਰਹਿ ਗਿਐ।
ਭਾਈਚਾਰੇ ਨੇ ਤਾਂ ਚਾਰਾ ਕਰ ਲਿਐ।

### ਬਿਸ਼ਨ ਸਿੰਘ ਉਪਾਸ਼ਕ

◇ ਥਾਂ ਹੈ ਤੇਰੇ ਮਿਲਾਪ ਦੀ ਵਰਖਾ ਵੀ ਹੋ ਰਹੀ,
ਕਣੀਆਂ ਵੀ ਹੋਨ ਅੱਗ ਦੀਆ ਡਲੀਆਂ ਤੇਰੇ ਬਗੈਰ।

◇ ਔਹ ਝੂਮਣ ਪਏ ਦਾਤੀਆਂ ਤੇ ਹਥੌੜੇ,
ਨਵੇਂ ਨਾਚ ਦਾ ਕੋਈ ਬੱਝਿਆ ਨਜ਼ਾਰਾ।

### ਬਾਵਾ ਬਲਵੰਤ

◇ ਕਿਉਂ ਖਿਆਲਾਂ ਦੇ ਲਈ ਹਨ ਬੇੜੀਆ,
ਜੇ ਹਵਾ ਨੂੰ ਵਕਤ ਨੂੰ ਬੰਧਨ ਨਹੀਂ।

◇ ਸੌ ਦਿਨ 'ਕਰਾਰ ਵਾਲੇ ਖਾਲੀ ਗਏ ਨੇ ਆ ਕੇ।
ਪੱਤਰ 'ਚ ਭੇਜਦੀ ਹਾਂ ਤੋਤੇ ਦੀ ਅੱਖ ਬਣਾ ਕੇ।

◇ ਜੇ ਕਲਾ ਦੇ ਰਾਹ ਦੀ ਲੋਅ ਬਣ ਜਾਏ ਉਹ,
ਦਿਲ ਮੇਰਾ ਕਿਉਂ ਠੋਕਰਾਂ ਖਾਇਆ ਕਰੇ।

◇ ਤੰਗ ਆਏ ਹੋਏ ਫੁੱਲ ਸਤਾਈਆਂ ਹੋਈਆਂ ਲਗਰਾਂ,
ਮਾਲੀ ਦੀ ਇਹ ਲਾਹ ਦੇਣਗੇ ਦਸਤਾਰ ਕਿਸੇ ਦਿਨ।

### ਅਜਾਇਬ ਚਿਤਕਾਰ

◇ ਮਾਣ ਮਿਲਦੇ ਜਦ ਮੇਰੀ ਦਸਤਾਰ ਨੂੰ,
ਸਮਝਦਾਂ ਪੰਜਾਬ ਦਾ ਵਰਦਾਨ ਹੈ।

◇ ਖਿੜਦਾ ਹੈ ਰੰਗ ਪਿਆਰ ਦਾ ਗੂੜੇ ਸਹੇਲ ਨਾਲ।
ਪੂਰਬ ਨੂੰ ਚੜ੍ਹਨ ਲਾਲੀਆਂ ਸਰਘੀ ਦੇ ਮੇਲ ਨਾਲ।

◇ ਮੰਜ਼ਿਲ ਤੇ ਪੁੱਜਣ ਦੀ ਖਾਤਰ ਜਾਵਾਂ ਤਾਂ ਕਿਸ ਰਸਤੇ ਜਾਵਾਂ,
ਹਰ ਇਕ ਰਸਤੇ ਤੇ ਮਕਤਲ ਹੈ ਦਿਸਹੱਦੇ ਤੋਂ ਦਿਸਹੱਦੇ ਤੱਕ।

◇ ਅੱਥਰੂ ਹਰ ਅੱਖ ਦੇ ਕਰ ਕਰ ਇਕੱਤਰ ਦੋਸਤੋ।
ਬਣ ਗਿਆ ਹੈ ਮੇਰਾ ਦਿਲ ਗ਼ਮ ਦਾ ਸਮੁੰਦਰ ਦੋਸਤੋ।

◇ ਪੇਸ਼ ਹੈ ਪੂਜਾ ਦਾ ਮੰਜ਼ਰ ਸ਼ਾਮ ਦੀ ਦਹਿਲੀਜ਼ ਤੇ।
ਆਰਤੀ ਕਰਦਾ ਹੈ ਅੰਬਰ ਸ਼ਾਮ ਦੀ ਦਹਿਲੀਜ਼ ਤੇ।

◇ ਏਸ ਥਾਂ ਹੀ ਤਾਰਿਆਂ ਦੇ ਖਿੜਨ ਵਾਲੇ ਨੇ ਕੰਵਲ,
ਸੁੱਟ ਨਾ ਪਾਣੀ 'ਚ ਪੱਥਰ ਸ਼ਾਮ ਦੀ ਦਹਿਲੀਜ਼ ਤੇ।

◇ ਕੀ ਪਤਾ ਕੋਈ ਮੁਸਾਫ਼ਿਰ ਆਵੇ ਭੁੱਲਿਆ ਭਟਕਿਆ,
ਇਕ ਦੀਵਾ ਬਾਲਕੇ ਧਰ, ਸ਼ਾਮ ਦੀ ਦਹਿਲੀਜ਼ ਤੇ।

੪੨੮, ਗੁਰੂ ਨਾਨਕ ਪੁਰਾ (ਵੈਸਟ)
ਡਾਕਖਾਨਾ ਚੌਗਿੱਟੀ
ਜਲੰਧਰ -੧੪੪੦੦੯
ਫੋਨ —੦੧੮੧-੨੨੩੧੬੫੪



Namdhari Elibrary NamdhariElibrary@gmail.com

# ਦੱਸ ਨੂਰਿਆ

—ਸੰਤ ਸੰਧੂ

ਕਿਥੇ-ਕਿਥੇ ਹੁੰਦੀ ਪ੍ਰਵਚਨਾਂ ਦੀ ਛਾਂ ਹੈ
ਕਿਥੇ-ਕਿਥੇ ਮੇਰੇ ਰੰਗਰੇਟਿਆਂ ਦੀ ਥਾਂ ਹੈ
ਦਮਾਂ ਦਿਆਂ ਲੋਭੀਆਂ, ਮਸੰਦਾਂ ਦੀਆਂ ਚਾਲਾਂ ਦੀ
ਦੱਸ ਨੂਰਿਆ, ਖਬਰ ਮੇਰੇ ਲਾਲਾਂ ਦੀ

ਲੋਭ ਤੇ ਹੰਕਾਰ ਦੀਆਂ ਪੰਡਾਂ ਨੇ ਸਹੇੜੀਆਂ
ਕੇਹੜੇ ਕੇਹੜੇ ਪੱਤਣਾਂ ਤੇ, ਡੁਬ ਗਈਆਂ ਬੇੜੀਆਂ
ਸ਼ਰਾਬ ਤੇ ਸ਼ਬਾਬ ਨਾਲ ਝਟਕੇ ਹਲਾਲਾਂ ਦੀ
ਦੱਸ ਨੂਰਿਆ......

ਕੁਰਸੀ ਦੇ ਨਾਲ, ਕਿਵੇਂ ਨੂੜੇ ਗਏ ਨੇ ਸੂਰਮੇ
ਮੜ੍ਹੀਆਂ ਮਸਾਣਾਂ ਤੇ ਚੜ੍ਹਾਉਂਦੇ ਕਿਵੇਂ ਚੂਰਮੇ
ਖਾਲਸਾ ਬਿਰਖ ਨਾਲੋਂ ਸੁੱਕ ਗਈਆਂ ਡਾਲਾਂ ਦੀ
ਦੱਸ ਨੂਰਿਆਂ......

ਹੋਏ ਨੇ ਪਤਿਤ ਕਿਵੇਂ ਹੋਏ ਨੇ ਪਲੀਤ ਜੀ
ਵਿਪਰਨ ਦੀ ਕਰਦੇ ਕੌਣ-ਕੌਣ ਰੀਤ ਜੀ
ਭੁੱਲ ਗਏ ਨੇ ਹਾਲ ਖਿਦਰਾਣੇ ਦਿਆਂ ਹਾਲਾਂ ਦੀ
ਦੱਸ ਨੂਰਿਆਂ......

ਮੱਥਾ ਵੀ ਪਹਾੜ ਨਾਲ ਸਿਦਕ ਨੇ ਲਾਇਆ ਸੀ
ਅਨੰਦਪੁਰ ਵਿਚ ਜੇਹੜਾ ਕਿਲ੍ਹਾ ਵੀ ਬਣਾਇਆ ਸੀ
ਭੁਲ ਗਏ ਭੰਗਾਣੀ, ਮੁਕਸਰ ਦੀਆਂ ਘਾਲਾਂ ਦੀ
ਦੱਸ ਨੂਰਿਆਂ......

ਬੇੜੀਆਂ 'ਚ ਪਾਈ ਜਾਂਦੇ ਕੌਣ-ਕੌਣ ਵੱਟੇ ਨੇ
ਕੌਡਾਂ ਰਲ ਗਈਆਂ ਵਿਚ ਕਿਵੇਂ-ਕਿਵੇਂ ਘੱਟੇ ਨੇ
ਚੜ੍ਹ ਗਏ ਘਨੇੜੀ ਕੌਣ ਕੂੜ ਦੇ ਦਲਾਲਾਂ ਦੀ
ਦੱਸ ਨੂਰਿਆਂ......

ਕੌਣ-ਕੌਣ ਤੁਰਦੇ ਨੇ ਰਾਹ ਸ਼ਹਿਨਸ਼ਾਹ ਦੇ
ਲਾਈ ਲੱਗ ਬਣ ਗਏ ਨੇ ਕੌਣ ਬਾਦਸ਼ਾਹ ਦੇ
ਚੱਟਦੇ ਨੇ ਜੂਠ ਕੌਣ, ਸੱਤਾ ਦੇ ਭਿਆਲਾਂ ਦੀ
ਦੱਸ ਨੂਰਿਆਂ......

ਤਲਵਾਰ ਨਾਲ ਲਿਖਦੇ ਨੇ ਜੁਗਤ ਨਸੀਬ ਦੀ
ਕੌਣ-ਕੌਣ ਫੜਦੇ, ਬਾਂਹ ਨੇ ਗਰੀਬ ਦੀ
ਪਾਲਦੇ ਨੇ ਲਾਜ ਕੌਣ ਮੇਰਿਆ ਖਿਆਲਾਂ ਦੀ
ਦੱਸ ਨੂਰਿਆ.....

ਭੇਡਾਂ ਵਿਚ ਨੂਰਿਆ, ਰਲੇ ਕਿਵੇਂ ਸ਼ੇਰ ਨੇ
ਸੂਰਜਾਂ ਨੂੰ ਰਾਸ ਕਿਵੇਂ ਆ ਗਏ ਹਨੇਰ ਨੇ
ਭੁਲ ਗਏ ਸ਼ਹੀਦੀ ਚੌਂਕ ਚਾਂਦਨੀ ਦਿਆਲਾਂ ਦੀ
ਦੱਸ ਨੂਰਿਆਂ......

ਕੌਣ-ਕੌਣ ਰੱਖਦੇ ਨੇ ਰਹਿਤ ਨੂੰ ਪਿਆਰੀ ਵੀ
ਕੌਣ-ਕੌਣ ਫੇਰੀ ਜਾਂਦੇ, ਰੁਖਾਂ ਮੁੱਢ ਆਰੀ ਵੀ
ਰੋੜ੍ਹਦੇ ਕਮਾਈ ਕਿਵੇਂ ਸਦੀਆਂ ਦੇ ਸਾਲਾਂ ਦੀ
ਦੱਸ ਨੂਰਿਆ...

ਜਿਨ੍ਹਾਂ ਪਿਛੇ ਸਾਰਾ ਪਰਿਵਾਰ ਮੈਂ ਸੀ ਵਾਰਿਆ
ਲਹੂ ਮਜਲੂਮਾਂ ਦੇ ਦਾ ਸਿਲ੍ਹਾ ਕਿਵੇਂ ਤਾਰਿਆ
ਡੁਬ ਗਏ ਨੇ ਸਰਸਾ, ਸੋਨੇ ਦੀਆਂ ਝਾਲਾਂ ਦੀ
ਦੱਸ ਨੂਰਿਆਂ......

ਚਮਕ ਚਮਕੌਰ ਵਿਚ ਅਜੀਤ ਤੇ ਜੁਝਾਰ ਦੀ
ਜੋਰਾਵਰ ਫਤਿਹ ਨੂੰ ਸਰਹੰਦ ਨਿਮਸਕਾਰਦੀ
ਸੁੱਟੀ ਹੈ ਮਿਸਲ ਕਿਥੇ, ਮੇਰੀਆਂ ਮਿਸਾਲਾਂ ਦੀ
ਦੱਸ ਨੂਰਿਆਂ, ਖਬਰ ਮੇਰੇ ਲਾਲਾਂ ਦੀ

ਤਲਵੰਡੀ ਸਲੇਮ
—੦੧੮੨੧-੨੪੧੦੬੪

ਕਵਿਤਾ

# ਜੇਹੜਾ ਨਹੀਂ ਵਿਚਾਰ ਕਰੇਗਾ

—ਸਾਧੂ ਸਿਘ ਕਿਸਾਨ

ਮੈਂ ਅੱਜ ਸ਼ੁੱਧ ਸੁਤੰਤਰ ਮਨ ਹੋ,
ਗੁਰ ਅਪਨੇ ਨੂੰ ਹਾਜ਼ਰ ਜਾਣ।
ਦਿਲ ਨੂੰ ਦਿੱਤੀ ਕਸਮ ਕਲਮ ਦੀ,
ਤਾਂ ਹੀ ਕੀਤੇ ਏਹ ਐਲਾਨ।
ਜੋ ਮੇਰੀ ਗੱਲ ਸਮਝ ਲਏਗਾ,
ਓਹ ਜੂਨਾਂ ਤੋਂ ਬਚ ਜਾਏਗਾ।
ਜੇਹੜਾ ਨਹੀਂ ਵਿਚਾਰ ਕਰੇਗਾ,
ਚੌਰਾਸੀ ਵਿਚ ਫਸ ਜਾਏਗਾ।
ਆਇਆ ਹਾਂ ਮੈਂ ਪਹਿਲੀ ਵਾਰੀ,
ਪਰ ਹੁਣ ਦੂਜੀ ਵਾਰ ਨਾ ਔਣਾਂ।
ਦੁਨੀਆ ਫਿਰਦੀ ਫਿਰੇ ਪਈ, ਮੈਂ,
ਇਸ ਚੱਕਰ ਦੇ ਵਿਚ ਨਾ ਭੌਣਾਂ।
ਮੇਰੇ 'ਤੇ ਗੁਰ ਕਿਰਪਾ ਕੀਤੀ,
ਦਿੱਤਾ ਮੈਨੂੰ ਪਰਮ ਗਿਆਨ।
ਪੜ੍ਹੋ ਸੁਣੋ ਤੇ 'ਰਿਦੇ ਵਿਚਾਰੋ,
ਗੂਹੜ ਗੱਲ ਨਾ ਕਹੀ 'ਕਿਸਾਨ'।



Namdhari Elibrary NamdhariElibrary@gmail.com



## ਗੀਤ

*—ਇੰਦਰਜੀਤ ਹਸਨਪੁਰੀ*

ਮੈਂ ਮਾਂ ਪੰਜਾਬੀ ਬੋਲੀ ਹਾਂ ਮੈਨੂੰ ਪੰਜਾਬੀ ਰਹਿਣ ਦਿਓ
ਕਿਸੇ ਅਮਰ ਵੇਲ ਦਾ ਮੇਰੇ ਤੇ ਪਰਛਾਵਾਂ ਵੀ ਨਾ ਪੈਣ ਦਿਓ

ਵਰਿਸ ਸ਼ਾਹ, ਬੁਲੇ, ਹਾਸ਼ਮ ਜਹੇ, ਤੁਸੀਂ ਮੇਰੇ ਨਾਲੋਂ ਨਾ ਤੋੜੋ
ਕਲਮਾਂ ਨੇ ਕੁਰਾਹੇ ਪੈ ਚਲੀਆਂ, ਮੋੜੋ ਵੇ ਕਲਮਾਂ ਨੂੰ ਮੋੜੋ
ਜੋ ਮਹਿਲ ਉਸਾਰੇ ਕਲਮਾਂ ਨੇ, ਕੁਕਲਮਾ ਨਾਲ ਨਾ ਢਹਿਣ ਦਿਓ
ਮੈਂ ਮਾਂ ਪੰਜਾਬੀ.......

ਹਾਂ ਜਿੰਦਾਂ ਉਦਾਂ ਈਂ ਰਹਿਣ ਦਿਓ ਨਾ ਮੈਨੂੰ ਪਿਉਂਦ ਚੜ੍ਹਾਓ ਵੇ
ਮੇਰਾ ਹੁਲੀਆ ਵਿਗੜੀ ਜਾਂਦਾ ਏ ਮਾਂ ਅਪਣੀ ਤਾਈਂ ਬਚਾਓ ਵੇ
ਨਾ ਝੱਲੇ ਜਿਨੂੰ ਸਭਾ ਮੇਰਾ ਇੱਕ ਅੱਖਰ ਵੀ ਨਾ ਕ਼ਹਿਣ ਦਿਓ
ਮੈਂ ਮਾਂ ਪੰਜਾਬੀ.......

ਉਹ ਮੇਰੇ ਕੈਸੇ ਪੁੱਤਰ ਨੇ ਜੋ ਮੇਰਾ ਰੂਪ ਵਿਗਾੜ ਰਹੇ
ਕੀ ਆਖਾਂ ਉਹਨਾਂ ਲਾਲਾਂ ਨੂੰ ਜੋ ਮਾਂ ਦਾ ਸੀਨਾ ਸਾੜ ਰਹੇ
ਜਾਏ ਜੋ ਮਾਂ ਪੰਜਾਬੀ ਦੇ ਇਹ ਦੁੱਖ ਨਾ ਮੈਨੂੰ ਸਹਿਣ ਦਿਓ
ਮੈਂ ਮਾਂ ਪੰਜਾਬੀ.......

ਜੇਕਰ ਮੈਂ ਸ਼ੀਸ਼ਾ ਤਕਦੀ ਹਾਂ ਕੋਈ ਹੋਰ ਹੀ ਮੂਰਤ ਦਿਸਦੀ ਏ
ਮਾਂ ਨੂੰ ਨਾ ਪੁੱਤ ਪਛਾਣ ਸਕੇ ਇਹ ਚਾਲ ਭਿਆਨਕ ਕਿਸ ਦੀ ਏ
ਜੇ ਮਾਂ ਦੀ ਸੇਵਾ ਕਰਨੀ ਏਂ ਮੱਖੀ ਨਾ ਨੱਕ ਤੇ ਬਹਿਣ ਦਿਓ
ਮੈਂ ਮਾਂ ਪੰਜਾਬੀ.......

ਨੂਰਪੁਰੀ ਤੇ ਸ਼ਰਫ਼ ਜਹੇ ਕੀ ਅੱਖਰ ਤੁਹਾਨੂੰ ਲਭਦੇ ਨਈਂ
ਕੀ ਭਾਈ ਵੀਰ ਸਿੰਘ, ਚਾਤ੍ਰਿਕ ਨੇ ਜੋ ਗੀਤ ਲਿਖੇ ਉਹ ਫਬਦੇ ਨਈਂ
ਇਹ ਸਿਧੀ ਸਾਦੀ ਬੋਲੀ ਦਾ ਜੋ ਵਗੇ ਝਨਾ ਉਹ ਵਹਿਣ ਦਿਓ
ਮੈਂ ਮਾਂ ਪੰਜਾਬੀ.......

ਆਪੇ ਹੀ ਬਾਤਾਂ ਪਾਉਂਦੇ ਹੋ ਤੇ ਆਪ ਹੁੰਗਾਰਾ ਭਰਦੇ ਹੋ
ਕਿੱਦਾਂ ਦੇ ਮੇਰੇ ਪੁੱਤਰ ਹੋ ਕਿਓਂ ਮਾਂ ਨੂੰ ਔਖੀ ਕਰਦੇ ਹੋ
ਰਹਿਣ ਦਿਉ 'ਹਸਨਪੁਰੀ' ਫੁਲਕਾਰੀ ਸਿਰ ਤੇ ਰਹਿਣ ਦਿਓ
ਮੈਂ ਮਾਂ ਪੰਜਾਬੀ ਬੋਲੀ ਹਾਂ.......

## ਧੀ ਜੰਮੇ ਤਾਂ....

ਹੁਣ ਨੇ ਸਭ ਦੇ ਹੱਕ ਬਰਾਬਰ
ਗੱਲ ਨ ਕਰੋ ਇਕ ਤਰਫ਼ੀ
ਪੁੱਤ ਜੰਮੇ ਤਾਂ ਲੱਡੂ ਵੰਡੇ
ਧੀ ਜੰਮੇਂ ਤਾਂ ਬਰਫ਼ੀ

ਕਹਿੰਦੇ ਜੋ ਵੀ ਜੱਗ ਤੇ ਆਉਂਦਾ
ਲੇਖ ਲਿਖਾ ਕੇ ਆਉਂਦਾ
ਫਿਰ ਕਿਉਂ ਧੀ ਜੰਮੀਂ ਤੋਂ ਬੰਦਿਆ
ਤੂੰ ਹੈ ਮੂੰਹ ਲਟਕਾਉਂਦਾ
ਤੂੰ ਕੀ ਜਾਣੇ ਤੇਰੇ ਘਰ ਨੂੰ
ਹੈ ਕੋਈ ਦੇਵੀ ਪਰਤੀ
ਪੁੱਤ ਜੰਮੇ ਤਾਂ ...............

ਜਿਸ ਨੇ ਦਿੱਤਾ ਜਨਮ ਅਸਾਨੂੰ
ਉਹ ਵੀ ਪਹਿਲਾਂ ਧੀ ਸੀ
ਮਾਂ ਨਾ ਹੁੰਦੀ ਜੇ ਦੁਨੀਆਂ ਤੇ
ਦੱਸ ਫਿਰ ਹੋਣਾ ਕੀ ਸੀ
ਜੇ ਕੁੜੀਆਂ ਨਾ ਜੰਮਣ ਜੱਗ ਤੇ
ਸੁੰਨੀ ਹੋ ਜੇ ਧਰਤੀ
ਪੁੱਤ ਜੰਮੇ ਤਾਂ ...............

ਕਿੰਨੀਆਂ ਕੁੜੀਆਂ ਗਿਣ ਗਿਣ ਦੱਸਾਂ
ਜਿਹਨਾਂ ਨਾਮ ਕਮਾਇਆ
ਝਾਂਸੀ ਰਾਣੀ ਵਰਗੀਆਂ ਅੱਗੇ
ਜੱਗ ਨੇ ਸੀਸ ਝੁਕਾਇਆ
ਪੂਰਨ ਵਰਗੇ ਪੁੱਤਰ ਜੰਮ ਕੇ
ਮਾਵਾਂ ਨੇ ਹੱਦ ਕਰਤੀ
ਪੁੱਤ ਜੰਮੇ ਤਾਂ ...............

'ਹਸਨਪੁਰੀ' ਲੋਕਾਂ ਨੇ ਹੁਣ ਤਕ
ਕਿਉਂ ਨਾ ਗੱਲ ਵਿਚਾਰੀ
ਧੀ ਤਾਂ ਘਿਰ ਦੀ ਬਣੇ ਆਮਨਾ
ਧੀ ਪੁੱਤਾਂ ਤੋਂ ਪਿਆਰੀ
ਪੁੱਤ ਹੈ ਜੇ ਕਰ ਇਕ ਰੁਪਈਆ
ਧੀ ਹੈ ਇੱਕ ਅਸ਼ਰਫ਼ੀ
ਪੁੱਤ ਜੰਮੇ ਤਾਂ ...............



Namdhari Elibrary NamdhariElibrary@gmail.com

# ਆਪਣੀ ਮਾਂ

—ਵਰਿਆਮ ਸਿੰਘ ਸੰਧੂ

ਫੋਨ ਦੀ ਘੰਟੀ ਖੜਕੀ। ਮੈਂ ਰੀਸੀਵਰ ਚੁੱਕਿਆ।

'ਮਾੜੀ ਖ਼ਬਰ ਹੈ। ਆਪਣੀ ਮਾਤਾ ਗੁਜ਼ਰ ਗਈ।'

ਮੇਰਾ ਤ੍ਰਾਹ ਨਿਕਲ ਗਿਆ। ਅਜੇ ਹੁਣ ਹੀ ਮੈਂ ਅਤੇ ਮੇਰਾ ਬੇਟਾ ਪਿੰਡੋਂ ਹੋ ਕੇ, ਮਾਂ ਨੂੰ ਮਿਲ ਕੇ ਘਰ ਪੁੱਜੇ ਸਾਂ। ਸਵੇਰੇ ਜਦੋਂ ਪਿੰਡ ਪੁੱਜੇ ਸਾਂ ਤਾਂ 'ਖੇਤਾਂ ਵਾਲੇ ਘਰ' ਵਿੱਚ ਮਾਤਾ ਹਾਜ਼ਰ ਨਹੀਂ ਸੀ। ਮੇਰਾ ਛੋਟਾ ਭਰਾ ਵੀ ਨਹੀਂ ਸੀ ਓਥੇ। ਉਹਨਾਂ ਨੂੰ ਮਿਲਣ ਹੀ ਤਾਂ ਆਏ ਸਾਂ ਜਲੰਧਰੋਂ। ਪੁੱਛਿਆ ਤਾਂ ਭਰਾ ਦੀ ਪਤਨੀ ਨੇ ਦੱਸਿਆ

'ਬੀਬੀ ਨੂੰ ਕੱਲ੍ਹ ਦਿਲ ਦਾ ਦੌਰਾ ਪਿਆ ਸੀ। ਪਈ ਪਈ ਤੜਫਣ ਤੇ ਬੁੜ੍ਹਕਣ ਲੱਗ ਪਈ। ਇਹ ਤਾਂ ਘਰ ਨਹੀਂ ਸਨ ਭੱਜ ਕੇ ਦੇਬ ਡਾਕਟਰ ਨੂੰ ਲੈ ਕੇ ਆਇਆ। ਫਿਰ ਇਹ ਵੀ ਆ ਗਏ। ਅੱਜ ਵੀ ਪਿੰਡ ਛੀਨੇ ਡਾਕਟਰ ਕੋਲ ਦਾਖ਼ਲ ਐ। ਗੁਲੂਕੋਜ਼ ਲੱਗਿਆ ਹੋਇਐ— ਇਲਾਜ ਚੱਲਦਾ ਪਿਐ—

ਅਸੀਂ ਪਿਓ-ਪੁੱਤਰ ਡਾ. ਛੀਨੇ ਦੇ ਕਲਿਨਿਕ ਤੇ ਪਹੁੰਚੇ। ਮਾਤਾ ਨੂੰ ਗੁਲੂਕੋਜ਼ ਲੱਗਿਆ ਹੋਇਆ ਸੀ। ਮੇਰਾ ਛੋਟਾ ਭਰਾ ਸੁਰਿੰਦਰ ਲਾਗਲੇ ਮੰਜੇ 'ਤੇ ਲੇਟਿਆ ਹੋਇਆ ਸੀ। ਮਾਂ ਦੇ ਕੁਮਲਾਏ ਤੇ ਮੁਰਝਾਏ ਚਿਹਰੇ ਨੂੰ ਵੇਖਦਿਆਂ ਚਿੰਤਾਤੁਰ ਹੋ ਕੇ ਡਾਕਟਰ ਨੂੰ ਪੁੱਛਿਆ। ਉਸ ਨੇ ਦੱਸਿਆ :

'ਬਚਾਅ ਹੋ ਗਿਆ। ਉਸੇ ਵੇਲੇ ਲੈ ਆਏ। ਅੱਗੋਂ ਬੜਾ ਧਿਆਨ ਰੱਖਣ ਦੀ ਲੋੜ ਐ-ਇਕ ਤਾਂ ਬੀਬੀ ਨੂੰ ਕਹਿ ਦਿਓ ਬਹੁਤਾ ਤੁਰਨਾ ਫਿਰਨਾ ਬੰਦ ਕਰ ਦੇਵੇ। — ਦਵਾਈ ਲਗਾਤਾਰ ਖਾਣੀ ਪਊ —। ਆਹ ਗੁਲੂਕੋਜ਼ ਦੀ ਬੋਤਲ ਥੋੜ੍ਹੀ ਜਿਹੀ ਬਾਕੀ ਹੈ। ਮੁੱਕਦੀ ਹੈ ਤਾਂ ਦਵਾਈ ਦੇ ਦਿੰਦੇ ਆਂ—ਸਾਡੇ ਵੱਲੋਂ ਘਰ ਲਿਜਾਣ ਦੀ ਛੁੱਟੀ ਹੈ। ਚਿੰਤਾ ਵਾਲੀ ਹੁਣ ਕੋਈ ਗੱਲ ਨਹੀਂ—।'

ਸਾਡਾ ਸਾਹ ਸੌਖਾ ਹੋ ਗਿਆ। ਡਾਕਟਰ ਵੱਲੋਂ ਸੇਵਾ-ਭਾਵ ਨਾਲ ਮੰਗਵਾਏ ਠੰਢੇ ਪੀਣ ਲੱਗ ਪਏ। ਡਾਕਟਰ ਨੇ ਗੁਲੂਕੋਜ਼ ਲਾਹ ਕੇ ਮਾਤਾ ਨੂੰ ਹਿੰਮਤ ਕਰਕੇ ਬੈਠਣ ਅਤੇ ਠੰਢਾ ਪੀਣ ਲਈ ਆਖਿਆ। ਦੋ ਢਾਈ ਘੰਟੇ ਓਥੇ ਬੈਠਣ ਤੋਂ ਬਾਅਦ ਮੇਰਾ ਬੇਟਾ ਮਾਤਾ ਨੂੰ ਬਹਿਕ 'ਤੇ ਛੱਡ ਆਇਆ।

ਪਿੰਡੋਂ ਅਜੇ ਜਲੰਧਰ ਪੁੱਜੇ ਹੀ ਸਾਂ ਕਿ ਉੱਪਰਲਾ ਫੋਨ ਆ ਗਿਆ।

ਮੈਂ ਘਬਰਾਹਟ ਵਿਚ ਪੁੱਛਿਆ, 'ਕਦੋਂ ਗੁਜ਼ਰੀ ਮਾਤਾ?' ਅੱਗੋਂ ਮੇਰੇ ਦੋਸਤ-ਰਿਸ਼ਤੇਦਾਰ ਅਮਰ ਸਿੰਘ ਦੀ ਆਵਾਜ਼ ਸੀ। ਉਹ ਮੇਰੇ ਪਿੰਡ ਨੇੜਲੇ ਭਿੱਖੀਵਿੰਡ ਚੌਕ ਵਿਚੋਂ ਬੋਲ ਰਿਹਾ ਸੀ :

'ਬੱਸ ਆਹ ਹੁਣੇ ਹੀ—'

ਮੈਂ ਸੁੰਨ ਹੋ ਗਿਆ। ਨਿਸਚੇ ਹੀ ਘਰ ਜਾਂਦਿਆਂ ਹੀ ਮਾਤਾ ਨੂੰ ਫਿਰ ਦੌਰਾ ਪਿਆ ਹੋਵੇਗਾ ਤੇ ਕਿਸੇ ਵਧੇਰੇ ਚੰਗੇ ਇਲਾਜ ਲਈ ਉਸ ਨੂੰ ਭਿੱਖੀਵਿੰਡ ਲਿਜਾਇਆ ਗਿਆ ਹੋਵੇਗਾ। (ਕਿਉਂਕਿ ਸਾਡੇ ਖੇਤਾਂ ਤੋਂ ਭਿੱਖੀਵਿੰਡ ਅਤੇ ਮੇਰੇ ਪਿੰਡ ਸੁਰ ਸਿੰਘ ਦਾ ਇਕੋ ਜਿੰਨਾ ਫ਼ਾਸਲਾ ਹੈ।) ਓਥੇ ਹੀ ਭਾਣਾ ਵਰਤਿਆ ਹੋਵੇਗਾ। ਅਮਰ ਸਿੰਘ ਆਪਣੇ ਪਿੰਡ ਮਾੜੀ ਮੇਘੇ ਤੋਂ ਭਿੱਖੀਵਿੰਡ ਕਿਸੇ ਕੰਮ-ਧੰਦੇ ਗਿਆ ਹੋਵੇਗਾ ਤੇ ਉਹਨੂੰ ਇਸ ਘਟਨਾ ਦਾ ਪਤਾ ਚੱਲਿਆ ਹੋਊ ਤੇ ਉਸ ਨੇ ਫੋਨ ਕਰ ਦਿੱਤਾ।

ਇੱਕਦਮ ਇਹ ਖ਼ਿਆਲ ਮੇਰੇ ਮਨ ਵਿਚੋਂ ਤੇਜ਼ੀ ਨਾਲ ਗੁਜ਼ਰ ਗਏ। ਮੈਂ ਬੈਡਰੂਮ ਵੱਲੋਂ ਲਾਬੀ ਵੱਲ ਪਰਤਿਆ ਜਿੱਥੇ ਮੇਰੀ ਪਤਨੀ ਅਤੇ ਬੱਚੇ ਟੀ.ਵੀ. ਦੇਖ ਰਹੇ ਸਨ। ਮੈਂ ਭਰੜਾਏ ਗਲੇ ਨਾਲ ਆਖਿਆ, 'ਬੀਬੀ ਮਰ ਗਈ ਆਪਣੀ--'

'ਹਾਏ! ਹਾਏ!! ਕੀ ਹੋਇਆ ਬੀਬੀ ਨੂੰ—' ਮੇਰੀ ਪਤਨੀ ਨੇ ਘਬਰਾ ਕੇ ਹੱਥਾਂ 'ਤੇ ਹੱਥ ਮਾਰੇ ਤੇ ਪੁੱਛਿਆ 'ਕੀਹਦਾ ਫੋਨ ਸੀ?'

'ਅਮਰ ਸਿੰਘ ਦਾ—'

'ਬੀਬੀ ਤਾਂ ਚੰਗੀ ਭਲੀ ਗਈ ਸੀ ਏਥੋਂ! ਕੀ ਹੋ ਗਿਆ ਇੱਕਦਮ— ?', ਮੇਰੀ ਪਤਨੀ ਨੇ ਸਮਝਿਆ ਉਸ ਦੀ ਮਾਤਾ ਗੁਜ਼ਰ ਗਈ ਹੈ, ਜਿਹੜੀ ਸਾਡੇ ਕੋਲ ਹੀ ਰਹਿੰਦੀ ਸੀ, ਪਰ ਪਿਛਲੇ ਕੁਝ ਦਿਨਾਂ ਤੋਂ ਆਪਣੇ ਪਿੰਡ ਝਬਾਲ ਗਈ ਹੋਈ ਸੀ। ਮੈਂ ਉਸਦੇ ਭਾਵ ਸਮਝਦਿਆਂ ਦੱਸਿਆ ——

'ਝਬਾਲ ਵਾਲੀ ਬੀਬੀ ਨਹੀਂ — ਸੁਰ ਸਿੰਘ ਵਾਲੀ ਬੀਬੀ ਦੀ ਖ਼ਬਰ ਹੈ—।

ਅਸੀਂ ਸਾਰੇ ਖ਼ਾਮੋਸ਼ ਪਏ ਟੈਲੀਫੋਨ ਵੱਲ ਦੇਖ ਰਹੇ ਸਾਂ। ਮੇਰੀ ਪਤਨੀ ਨੇ ਆਖਿਆ 'ਜੇ ਅਮਰ ਸਿੰਘ ਦਾ ਫੋਨ ਹੈ ਤਾਂ ਫਿਰ ਜ਼ਰੂਰ ਝਬਾਲ ਵਾਲੀ ਬੀਬੀ ਐ——।' ਉਹਦੀ ਗੱਲ ਸੱਚ ਵੀ ਹੋ ਸਕਦੀ ਸੀ ਕਿਉਂਕਿ ਅਮਰ ਸਿੰਘ ਦੇ ਲੜਕੇ ਨਾਲ ਮੇਰੀ ਪਤਨੀ ਦੀ ਭਣੇਵੀਂ ਵਿਆਹੀ ਹੋਈ ਹੈ, ਇੰਜ ਮੇਰੀ ਸੱਸ ਉਹਦੀ ਨੂੰਹ ਦੀ ਨਾਨੀ ਬਣਦੀ ਸੀ। ਅਮਰ ਸਿੰਘ ਨੂੰ ਸੂਚਨਾ ਮਿਲੀ ਹੋਵੇਗੀ ਤਾਂ ਉਸਨੇ ਸਾਨੂੰ ਫੋਨ ਕਰ ਦਿੱਤਾ। ਸਾਂਝਾ ਰਿਸ਼ਤੇਦਾਰ ਜੁ ਹੋਇਆ!!

ਅਸੀਂ ਸਹੀ ਸੂਚਨਾ ਪ੍ਰਾਪਤ ਕਰਨ ਲਈ ਵੱਖ-ਵੱਖ ਰਿਸ਼ਤੇਦਾਰੀਆਂ ਦੇ ਫੋਨ ਕਰਨ ਲੱਗੇ ਪਰ ਸਾਰਿਆਂ ਥਾਵਾਂ ਤੋਂ 'ਲਾਈਨੇਂ ਵਿਅਸਥ ਹੈਂ' ਦਾ ਜੁਆਬ ਆ ਰਿਹਾ ਸੀ। ਨਾਲ-



Namdhari Elibrary NamdhariElibrary@gmail.com

ਨਾਲ ਅਸੀਂ ਵਿਚਾਰ ਕਰ ਰਹੇ ਸਾਂ-ਜੇ ਝਬਾਲ ਵਾਲੀ ਬੀਬੀ ਨੂੰ ਕੁਝ ਹੋਇਆ ਹੁੰਦਾ (ਮੇਰੀ ਸੱਸ ਨੂੰ) ਤਾਂ ਝਬਾਲ ਵਾਲਿਆਂ ਆਪ ਹੀ ਫੋਨ ਕਰ ਦੇਣਾ ਸੀ, ਉਹਨਾਂ ਦੇ ਘਰ ਫੋਨ ਹੈ ਸੀ— ਉਹਨਾਂ ਨੇ ਅਮਰ ਸਿੰਘ ਨੂੰ ਫੋਨ ਕਰਕੇ ਅੱਗੋਂ ਸਾਨੂੰ ਸੁਨੇਹਾ ਦੇਣ ਲਈ ਕਾਹਨੂੰ ਆਖਣਾ ਸੀ! ਇਹ ਜ਼ਰੂਰ ਸੁਰ ਸਿੰਘ ਵਾਲੀ ਮਾਤਾ ਹੀ ਸੀ।

ਪਰ ਮੇਰੀ ਪਤਨੀ ਦੇ ਮੰਨਣ ਵਿਚ ਇਹ ਗੱਲ ਨਹੀਂ ਸੀ ਆ ਰਹੀ। ਕਿੱਥੇ ਅਮਰ ਸਿੰਘ ਦਾ ਪਿੰਡ! ਕਿੱਥੇ ਆਪਣਾ ਪਿੰਡ! ਉਹਨੂੰ ਅਚਨਚੇਤ ਫੁਰਨਾ ਫੁਰਿਆ, 'ਕਿਤੇ ਅਮਰ ਸਿੰਘ ਦੀ ਮਾਤਾ ਤਾਂ ਨਹੀਂ ਗੁਜ਼ਰ ਗਈ!! ਕੀ ਆਖਿਆ ਸੀ ਉਹਨੇ ?'

'ਉਸ ਆਖਿਆ ਸੀ ਕਿ ਆਪਣੀ ਮਾਤਾ ਗੁਜ਼ਰ ਗਈ ਹੈ—'

ਏਨੇ ਨੂੰ ਫੋਨ ਦੀ ਘੰਟੀ ਖੜਕੀ। ਮੈਂ ਲਪਕ ਕੇ ਪਿਆ। ਕੋਈ ਬੋਲ ਰਿਹਾ ਸੀ,

'ਜੀ ਹੁਣੇ ਤੁਹਾਨੂੰ ਅਮਰ ਸਿੰਘ ਹੁਰੀਂ ਫੋਨ ਕਰ ਰਹੇ ਸਨ ਕਿ ਫੋਨ ਕੱਟਿਆ ਗਿਆ। ਉਹ ਹੁਣ ਪਿੰਡ ਨੂੰ ਚਲੇ ਗਏ ਹਨ। ਤੁਹਾਨੂੰ ਉਹ ਆਖਦੇ ਸਨ ਕਿ ਬਟਾਲੇ ਵੀ ਖ਼ਬਰ ਕਰ ਦਿਓ।'

ਬਟਾਲੇ ਮੇਰੀ ਪਤਨੀ ਦੀ ਭੈਣ ਰਹਿੰਦੀ ਸੀ ਜਿਸ ਦੀ ਲੜਕੀ ਅਮਰ ਸਿੰਘ ਦੇ ਘਰ ਹੈ।

ਮੈਂ ਪੁਸ਼ਟ ਕਰਨਾ ਚਾਹਿਆ, 'ਅਮਰ ਸਿੰਘ ਦੀ ਮਾਤਾ ਹੀ ਗੁਜ਼ਰੀ ਹੈ ਨਾ ?'

'ਹਾਂ ਜੀ— ਕੱਲ੍ਹ ਬਾਰਾਂ ਕੁ ਵਜੇ ਸਸਕਾਰ ਹੈ।' ਕਹਿ ਕੇ ਉਸ ਨੇ ਟੈਲੀਫੋਨ ਰੱਖ ਦਿੱਤਾ।

ਸਾਡੇ ਸਾਰੇ ਜੀਆਂ ਦੇ ਸਿਰਾਂ ਤੋਂ ਮਣਾਂ- ਮੂੰਹੀਂ ਭਾਰ ਲੱਥਾ। ਮੈਂ ਸੌਖੇ ਹੁੰਦਿਆਂ ਕਿਹਾ, "ਅਮਰ ਸਿੰਘ ਨੇ ਤਾਂ ਜਾਨ ਹੀ ਕੱਢ ਛੱਡੀ ਸੀ—"

'ਅੰਕਲ ਅਮਰ ਸਿਘ 'ਜਾਨ ਕੱਢਣ' ਨੂੰ ਤਕੜੇ ਨੇ।' ਮੇਰੇ ਬੇਟੇ ਸੁਪਨਦੀਪ ਨੇ ਕਿਹਾ ਤੇ ਫਿਰ ਹੱਸਦਿਆਂ ਉਸ ਘਟਨਾ ਦਾ ਵੇਰਵਾ ਦੁਹਰਾ ਦਿੱਤਾ। ਅੱਤਵਾਦ ਦੇ ਸਿਖਰਲੇ ਦਿਨਾਂ ਵਿਚ ਜਦੋਂ ਸ਼ਾਮੀਂ ਛੇ ਕੁ ਵਜੇ ਲੋਕ ਜਿੰਦਰੇ ਲਾ ਕੇ ਘਰਾਂ ਵਿਚ ਵੜ ਜਾਂਦੇ ਸਨ ਉਹ ਦੋ ਕੁ ਜਣੇ ਰਾਤ ਨੌਂ ਦਸ ਵਜੇ, ਸਿਆਲਾਂ ਦੇ ਦਿਨੀਂ, ਸਾਡੇ ਘਰ ਦੀਆਂ ਕੰਧਾਂ ਟੱਪ ਕੇ 'ਦਗੜ-ਦਗੜ' ਕਰਦੇ ਵਿਹੜੇ ਵਿਚ ਆ ਵੜੇ ਸਨ ਅਤੇ ਅਸੀਂ ਅੱਤਵਾਦੀ ਆ ਗਏ ਸਮਝ ਕੇ ਜਾਨਾਂ ਬਚਾਉਣ ਲਈ ਦੁਬਕ ਗਏ ਸਾਂ। ਪਤਾ ਲੱਗਣ 'ਤੇ ਅਸਾਂ ਪੁੱਛਿਆ ਤਾਂ ਅਮਰ ਸਿੰਘ ਨੇ ਕਿਹਾ ਸੀ, 'ਅੰਬਰਸਰ ਗਏ ਸਾਂ। ਬੱਸ ਤਾਂ ਆਉਂਦੀ ਕੋਈ ਨਹੀਂ ਸੀ—ਹਨੇਰਾ ਹੋ ਗਿਆ—ਬੱਸ! ਕੋਈ ਨਾ ਕੋਈ ਜੁਗਾੜ ਕਰਕੇ ਇੱਥੋਂ ਤੱਕ ਪਹੁੰਚੇ। ਦਰਵਾਜ਼ਾ ਇਸ ਕਰਕੇ ਨਹੀਂ ਖੜਕਾਇਆ ਕਿ ਦਰਵਾਜ਼ਾ ਤਾਂ ਕੋਈ ਖੋਲ੍ਹਦਾ ਹੀ ਨਹੀਂ ਅੱਜ ਕੱਲ੍ਹ ਏਸ ਵੇਲੇ— ਇਸ ਲਈ ਕੰਧ ਟੱਪ ਕੇ ਆ ਗਏ।'

ਸੁਪਨਦੀਪ ਹੱਸੀ ਜਾ ਰਿਹਾ ਸੀ ਤੇ ਆਖੀ ਜਾ ਰਿਹਾ ਸੀ, 'ਮੇਰਾ ਤਾਂ ਅੰਕਲ ਅਮਰ ਸਿੰਘ ਵੱਲੋਂ ਉਦੋਂ ਦਾ ਡਰਾਇਆ ਦਿਲ ਅਜੇ ਤੱਕ ਕਾਬੂ ਵਿਚ ਨਹੀਂ ਆਇਆ —'

ਅਸੀਂ ਠਹਾਕਾ ਮਾਰ ਕੇ ਹੱਸੇ।

'ਮਾਂ ਤਾਂ ਮਰੀ ਹੀ ਹੈ ਨਾ — ਭਾਵੇਂ ਅਮਰ ਸਿੰਘ ਦੀ ਹੀ ਮਰੀ ਹੈ—' ਮੇਰੀ ਪਤਨੀ ਨੇ 'ਹਾਅ' ਦਾ ਨਾਅਰਾ ਮਾਰਿਆ! ਪਰ ਸਾਡੇ 'ਤੇ ਜਿਵੇਂ ਕੋਈ ਅਸਰ ਨਾ ਹੋਇਆ। ਮੈਂ ਤੇ ਸੁਪਨਦੀਪ ਹੱਸੀ ਜਾ ਰਹੇ ਸਾਂ।

ਅਚਾਨਕ ਮੇਰੀ ਪਤਨੀ ਨੇ ਗੱਲਾਂ ਦਾ ਰੁਖ਼ ਪਲਟ ਦਿੱਤਾ, 'ਹੈਂ ਸੁਪਨ! ਇਨ੍ਹਾਂ ਦੀ ਸੁਣ ਲੈ—ਜਦੋਂ ਤਾਂ ਪਤਾ ਲੱਗਾ ਕਿ ਇਨ੍ਹਾਂ ਦੀ ਮਾਂ ਦੀ ਖ਼ਬਰ ਐ ਤਾਂ ਡਾਡਾਂ ਮਾਰਨ ਵਾਂਗ ਬੋਲ ਨਿਕਲੇ—ਜਦੋਂ ਮੈਂ ਆਖਿਆ, 'ਤੁਹਾਡੀ ਨਹੀਂ ਇਹ ਤਾਂ ਮੇਰੀ ਮਾਂ ਦੀ ਖ਼ਬਰ ਹੈ— ਤਾਂ ਓਸੇ ਵੇਲੇ ਚੁੱਪ ਤੇ ਸ਼ਾਂਤ ਹੋ ਗਏ—।'

ਸਾਰੇ ਖਿੜ ਖਿੜਾ ਕੇ ਹੱਸੇ। ਮੈਂ ਮਾੜਾ ਜਿਹਾ ਹੱਸਦਿਆਂ ਕਿਹਾ, 'ਨਹੀਂ ਨਹੀਂ, ਐਹੋ ਜਿਹੀ ਤਾਂ ਕੋਈ ਗੱਲ ਨਹੀਂ——' ਪਰ ਅੰਦਰੋਂ ਅੰਦਰ ਮੈਨੂੰ ਲੱਗਾ, ਇਹੋ ਜਿਹੀ ਕੋਈ ਗੱਲ ਹੈ ਤਾਂ ਜ਼ਰੂਰ ਸੀ—'

'ਨਹੀਂ ਨਹੀਂ ਡੈਡੀ ਮੁੱਕਰੋ ਨਾ — ਪਹਿਲੀ ਖ਼ਬਰ ਸੁਣਾਉਂਦਿਆਂ ਤੁਹਾਡੀਆਂ ਅੱਖਾਂ ਵਿਚ ਅੱਥਰੂ ਆਏ ਮੈਂ ਆਪ ਵੇਖੇ ਸਨ—ਪਿਛੋਂ ਤੁਸੀਂ ਚੁੱਪ ਕਰ ਗਏ ਸੀ।' ਮੇਰੀ ਛੋਟੀ ਧੀ ਰਮਣੀਕ ਨੇ ਆਖਿਆ।

'ਲਓ—ਇਹ ਤਾਂ ਫਿਰ—' ਮੈਂ ਛਿੱਥਾ ਪੈਂਦਿਆਂ ਪਤਨੀ ਨੂੰ ਆਖਿਆ, 'ਜਦੋਂ ਤੂੰ ਪਹਿਲਾਂ ਸਮਝਿਆ ਤੇਰੀ ਮਾਤਾ ਹੈ ਤਾਂ ਤੇਰੀ ਲੇਰ ਨਿਕਲੀ ਸੀ ਜਦੋਂ ਮੈਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਮੇਰੀ ਮਾਂ—'

"ਛੱਡੋ! ਛੱਡੋ!! ਐਵੇਂ ਦੀਆਂ ਗੱਲਾਂ। ਸੱਚ ਸੱਚ ਹੀ ਹੁੰਦਾ ਹੈ—' ਮੇਰੀ ਪਤਨੀ ਨੇ ਦੁਬਾਰਾ ਆਖਿਆ ਤਾਂ ਮੈਂ ਚੁੱਪ ਹੋ ਗਿਆ। ਮੈਨੂੰ ਖਾਮੋਸ਼ ਵੇਖ ਕੇ ਰਮਣੀਕ ਬੋਲੀ, 'ਛੱਡੋ ਮੰਮੀ ਐਵੇਂ ਵਿਚਾਰੇ ਡੈਡੀ ਨੂੰ ਝੂਠਾ ਨਾ ਕਰੀ ਜਾਵੋ—।' ਫਿਰ ਉਸਨੇ ਬੜੇ ਪਤੇ ਦੀ ਗੱਲ ਆਖੀ, 'ਆਪਣੀ ਮਾਂ,ਆਪਣੀ ਮਾਂ ਹੁੰਦੀ ਹੈ। ਹਰ ਮਾਂ ਦਾ ਆਪੋ-ਆਪਣਾ ਮਹੱਤਵ ਹੈ। ਡੈਡੀ ਦੀ ਮਾਂ ਦਾ ਡੈਡੀ ਲਈ, ਤੁਹਾਡੀ ਮਾਂ ਦਾ ਤੁਹਾਡੇ ਲਈ—ਅਮਰ ਸਿੰਘ ਅੰਕਲ ਦੀ ਮਾਂ ਦਾ ਉਹਦੇ ਲਈ ਅਤੇ ਮੇਰੀ ਮਾਂ ਦਾ ਮੇਰੇ ਲਈ—' ਉਸਨੇ ਆਪਣੀ ਮਾਂ ਦੀ ਠੋਡੀ ਫੜ੍ਹ ਕੇ ਪਿਆਰ ਨਾਲ ਹਿਲਾਈ। ਮੈਂ ਆਪਣੀ ਧੀ



Namdhari Elibrary NamdhariElibrary@gmail.com

ਦੀ ਸਿਆਣਪ 'ਤੇ ਮੁਸਕਰਾ ਪਿਆ। ਉਸ ਛਿਣ ਮੈਨੂੰ ਸਾਰੇ ਬੱਚਿਆਂ ਦੀਆਂ ਮਾਵਾਂ ਆਪਣੀ ਮਾਂ ਵਾਂਗ ਹੀ ਲੱਗਣ ਲੱਗੀਆਂ।

ਆਪਣੇ ਕਾਗਜ਼ -ਪੱਤਰ ਫੋਲਦਿਆਂ ਮੈਨੂੰ ਆਪਣੀ ਉੱਤੇ ਲਿਖੀ ਲਿਖ਼ਤ ਲੱਭੀ। ਇਸ ਨੂੰ ਲਿਖਿਆਂ ਅਤੇ ਛਪਿਆਂ ਲਗਪਗ ਇਕ ਦਹਾਕਾ ਬੀਤ ਚੁੱਕਾ ਹੈ। ਅੱਜ ਨਾ ਮੇਰੀ ਮਾਂ ਅਤੇ ਨਾ ਹੀ ਮੇਰੀ ਪਤਨੀ ਦੀ ਮਾਂ ਇਸ ਸੰਸਾਰ ਵਿਚ ਹਨ। ਦੋਵੇਂ ਚਾਰ ਕੁ ਸਾਲ ਪਹਿਲਾਂ ਅੱਗੜ-ਪਿੱਛੜ ਸਾਨੂੰ ਛੱਡ ਕੇ ਸਦਾ ਲਈ ਇਸ ਸੰਸਾਰ ਤੋਂ ਕੂਚ ਕਰ ਗਈਆਂ।

ਕਿਸੇ ਵੀ ਮਾਂ ਦਾ ਸੰਸਾਰ ਵਿਚ ਕੋਈ ਬਦਲ ਨਹੀਂ। ਕਿਸੇ ਨੇ ਠੀਕ ਕਿਹਾ ਸੀ ਕਿ ਜਿੰਨਾ ਚਿਰ ਮਾਂ ਜਿਉਂਦੀ ਹੁੰਦੀ ਹੈ, ਸਾਨੂੰ ਉਸ ਦੀ ਅਮੁਲ ਕੀਮਤ ਦਾ ਅਹਿਸਾਸ ਨਹੀਂ ਹੁੰਦਾ। ਜਦੋਂ ਮਾਂ ਛੱਡ ਕੇ ਤੁਰ ਜਾਂਦੀ ਹੈ, ਕੇਵਲ ਉਦੋਂ ਹੀ ਪਤਾ ਲਗਦਾ ਹੈ ਮਾਂ ਦੀ ਕੀਮਤ ਦਾ! ਪਰ ਉਦੋਂ ਤੁਹਾਡੇ ਕੋਲ ਮਾਂ ਨਹੀਂ ਹੁੰਦੀ।

ਮੇਰੇ ਕੋਲ ਆਪਣੀਆਂ ਇਨ੍ਹਾਂ ਦੋਵਾਂ ਮਾਵਾਂ ਬਾਰੇ ਕਰਨ ਵਾਲੀਆਂ ਢੇਰ ਸਾਰੀਆਂ ਗੱਲਾਂ ਹਨ ਪਰ ਅੱਜ ਮੈਂ ਕੇਵਲ ਤੁਹਾਡੇ ਨਾਲ ਸਿਰਫ਼ 'ਆਪਣੀ ਮਾਂ' ਦੀ ਕੇਵਲ ਇਕੋ ਹੀ ਗੱਲ ਸਾਂਝੀ ਕਰਨੀ ਹੈ—

ਕਿਸੇ 'ਸਾਹਿਤ-ਸਭਾ' ਵੱਲੋਂ ਮੇਰੇ ਨਾਲ ਰੂ-ਬ-ਰੂ ਕੀਤਾ ਜਾ ਰਿਹਾ ਸੀ। ਸਵਾਲਾਂ-ਜਵਾਬਾਂ ਦਾ ਸਿਲਸਿਲਾ ਚੱਲ ਰਿਹਾ ਸੀ ਕਿ ਇਕ ਸਰੋਤੇ ਨੇ ਉੱਠ ਕੇ ਕਿਹਾ, "ਸੰਧੂ ਸਾਹਿਬ! ਮੇਰੀ ਤੁਹਾਡੇ ਤੋਂ ਮੰਗ ਹੈ ਕਿ ਤੁਸੀਂ ਹੁਣੇ ਹੀ ਆਪਣੇ ਮਨ ਅੰਦਰ ਝਾਤੀ ਮਾਰੋ ਅਤੇ ਵੇਖੋ ਕਿ ਤੁਹਾਨੂੰ ਆਪਣੇ ਚੇਤੇ ਵਿਚੋਂ ਇਕ-ਦਮ ਕਿਹੜੀ ਗੱਲ ਦੀ ਤਸਵੀਰ ਉੱਘੜਦੀ ਦਿਸਦੀ ਹੈ, ਸਾਡੇ ਨਾਲ ਉਹੋ ਗੱਲ ਸਾਂਝੀ ਕਰੋ!"

ਸਵਾਲ ਦਿਲਚਸਪ ਸੀ। ਮੈਂ ਆਪਣੇ ਮਨ ਵਿਚ ਪਲ ਕੁ ਲਈ ਉੱਤਰਿਆ। ਮੈਨੂੰ ਪਹਿਲੀ ਨਜ਼ਰੇ ਹੀ ਆਪਣੀ ਸੋਚ ਦੇ ਚਿੱਤਰ-ਪੱਟ 'ਤੇ ਆਪਣੀ ਮਾਂ ਦੀ ਤਸਵੀਰ ਨਜ਼ਰ ਆਈ। ਆਪਣੇ ਆਪ 'ਤੇ ਹੈਰਾਨੀ ਵੀ ਹੋਈ ਅਤੇ ਸ਼ਰਮ ਵੀ ਆਈ ਕਿ ਮੈਂ ਆਪਣੀ ਮਾਂ ਨਾਲ ਜੁੜੀ ਇਸ ਘਟਨਾ ਨੂੰ ਕਿਵੇਂ ਭੁਲਾਈ ਬੈਠਾ ਸਾਂ!

ਤੇ ਫਿਰ ਮੈਂ ਆਪਣੇ ਸਰੋਤਿਆਂ ਨਾਲ ਇਹ ਯਾਦ ਇਸ ਤਰ੍ਹਾਂ ਸਾਂਝੀ ਕੀਤੀ :

੧੯੭੨ ਦੀ 'ਮੋਗਾ-ਐਜੀਟੇਸ਼ਨ' ਵਿਚ ਕੁਝ ਦਿਨ ਜੇਲ੍ਹ ਵਿਚ ਕੱਟਣ ਤੋਂ ਬਾਅਦ ਮੈਂ ਕੁਝ ਦਿਨਾਂ ਲਈ ਪੁਲਿਸ ਤੋਂ ਬਚਣ ਲਈ 'ਆਸੇ-ਪਾਸੇ' ਹੋਇਆ, ਹੋਇਆ ਸਾਂ ਤਾਂ ਕਿ ਕਿਧਰੇ ਮੈਨੂੰ ਦੁਬਾਰਾ ਗ੍ਰਿਫ਼ਤਾਰ ਨਾ ਕਰ ਲਿਆ ਜਾਵੇ, ਸਰਕਾਰ ਨਾਲ ਹੋਏ ਸਮਝੌਤੇ ਅਧੀਨ ਫੜੇ ਗਏ ਵਿਦਿਆਰਥੀਆਂ ਨੂੰ ਰਿਹਾ ਕਰ ਦਿੱਤਾ ਗਿਆ ਸੀ ਪਰ ਇਸ ਐਜੀਟੇਸ਼ਨ ਵਿਚ ਫੜੇ ਦੂਜੀਆਂ ਸਿਆਸੀ ਪਾਰਟੀਆਂ ਦੇ ਕਾਰਕੁਨ ਜਾਂ ਆਗੂ ਨਹੀਂ ਸਨ ਛੱਡੇ ਗਏ। ਮੈਂ ਕਿਉਂਕਿ 'ਜੇਲ੍ਹ ਕਮੇਟੀ' ਦਾ ਪ੍ਰਧਾਨ ਰਿਹਾ ਸਾਂ ਅਤੇ ਮੇਰਾ ਨਾਮ ਨਕਸਲੀਆਂ ਵਿਚ ਵੀ ਵੱਜਦਾ ਸੀ ਇਸ ਲਈ ਬੀ ਐੱਡ ਦਾ ਵਿਦਿਆਰਥੀ ਹੋਣ ਦੇ ਬਾਵਜੂਦ ਵੀ ਮੈਨੂੰ ਨਹੀਂ ਸੀ ਛੱਡਿਆ ਗਿਆ। ਜੇ ਮੇਰਾ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਅੰਮ੍ਰਿਤਸਰ ਦਾ ਪ੍ਰਿੰਸੀਪਲ ਮੇਰੇ ਵਿਦਿਆਰਥੀ ਹੋਣ ਦਾ ਪੱਤਰ ਡੀ. ਸੀ. ਅਤੇ ਐਸ. ਐਸ. ਪੀ ਨੂੰ ਲਿਖ ਕੇ ਮੇਰੇ ਨਾਲੋਂ ਰਿਹਾ ਹੋ ਕੇ ਬਾਹਰ ਗਏ ਮੇਰੇ ਜਮਾਤੀ ਅਮਰ ਸਿੰਘ ਨੂੰ ਨਾ ਦਿੰਦਾ ਤਾਂ ਪੁਲਿਸ ਨੇ ਮੈਨੂੰ ਰਿਹਾ ਹੀ ਨਹੀਂ ਸੀ ਕਰਨਾ।

ਮੇਰੇ ਘਰਦਿਆਂ ਨੂੰ ਮੇਰੀ ਠਾਹਰ ਦਾ ਪਤਾ ਸੀ। ਮੇਰਾ ਇਕ ਦੋਸਤ ਸੁਨੇਹਾ ਲੈ ਕੇ ਮੇਰੇ ਕੋਲ ਪੁੱਜਾ ਕਿ ਮੇਰੇ ਪਿਓ ਦੀ ਹਾਲਤ ਠੀਕ ਨਹੀਂ ਅਤੇ ਬੀਬੀ ਦਾ ਸੁਨੇਹਾ ਹੈ ਕਿ ਮੈਂ ਤੁਰੰਤ ਘਰ ਪਹੁੰਚਾਂ। ਮੈਂ ਉਸ ਦੇ ਨਾਲ ਹੀ ਤੁਰ ਪਿਆ। ਪਿੰਡ ਪਹੁੰਚਿਆ ਤਾਂ ਪਤਾ ਲੱਗਾ ਕਿ ਮੇਰੇ ਪਿਤਾ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਉਸ ਨੂੰ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿਚ ਲੈ ਗਏ ਸਨ। ਮੈਂ ਅੰਮ੍ਰਿਤਸਰ ਪੁੱਜਾ. ਆਕਸੀਜਨ ਲੱਗੀ ਹੋਈ। ਮੇਰਾ ਪਿਤਾ ਬੇਹੋਸ਼ ਪਿਆ ਸੀ। ਮੇਰੀ ਮਾਂ ਮੇਰੇ ਪਿਤਾ ਦੇ ਸਿਰਹਾਣੇ ਬੈਠੀ ਸੀ। ਉਸ ਨੇ ਸਟੂਲ ਤੋਂ ਉੱਠ ਕੇ ਮੈਨੂੰ ਜੱਫੀ ਵਿਚ ਲਿਆ ਅਤੇ 'ਫਿਕਰ ਨਾ ਕਰਨ ਲਈ' ਕਿਹਾ। ਉਸ ਮੁਤਾਬਕ 'ਡਾਕਟਰ ਆਪਣੀ ਪੂਰੀ ਵਾਹ ਲਾ ਰਹੇ ਸਨ।" ਮਹਾਂਰਾਜ ਭਲੀ ਕਰੂਗਾ।" ਉਹ ਹੌਸਲੇ ਵਿਚ ਸੀ।

ਪਿਤਾ ਨੂੰ ਬੇਹੋਸ਼ੀ ਦੀ ਅਵਸਥਾ ਵਿਚ ਬੈੱਡ 'ਤੇ ਪਿਆਂ ਅੱਜ ਤੀਸਰਾ ਦਿਨ ਸੀ। ਦਿਮਾਗ ਦੀ ਨਾੜੀ ਫਟ ਗਈ ਸੀ। ਡਾਕਟਰ 'ਹਾਂ' ਜਾਂ 'ਨਾਂਹ' ਵਿਚ ਜਵਾਬ ਨਹੀਂ ਸਨ ਦਿੰਦੇ। ਟੈਸਟ ਹੋ ਰਹੇ ਸਨ।

ਅੱਜ ਮੈਂ ਅਤੇ ਮੇਰਾ ਇਕ ਦੋਸਤ ਮੈਡੀਕਲ ਕਾਲਜ ਤੋਂ ਕਿਸੇ ਟੈਸਟ ਦੀ ਰਿਪੋਰਟ ਲੈਣ ਗਏ ਸਾਂ। ਨੌਂ-ਦਸ ਵਜੇ ਦੇ ਗਿਆਂ ਨੂੰ ਰਿਪੋਰਟ ਲੈਂਦਿਆਂ ਕਰਦਿਆਂ ਸਾਨੂੰ ਡੇਢ-ਦੋ ਦਾ ਸਮਾਂ ਹੋ ਗਿਆ ਸੀ। ਜਦੋਂ ਅਸੀਂ ਵਾਪਸ ਪਰਤੇ ਤਾਂ ਮੇਰੀ ਮਾਂ ਮੇਰੇ ਪਿਤਾ ਦੇ ਸਿਰਹਾਣਿਓਂ ਉੱਠ ਕੇ ਅੱਗਲਵਾਂਢੀ ਸਾਨੂੰ ਕਮਰੇ ਤੋਂ ਬਾਹਰ ਹੀ ਆਣ ਮਿਲੀ।

"ਰਿਪੋਟ ਲੈ ਆਂਦੀ? ਚੱਲੋ ਚੰਗਾ ਹੋਇਆ!" ਉਸ ਨੇ ਸਾਡੇ ਹੱਥਾਂ ਵਿਚ ਫੜੇ ਲਿਫ਼ਾਫ਼ੇ ਵੱਲ ਵੇਖਿਆ। ਫਿਰ ਜਿਵੇਂ ਕੋਈ ਭੁੱਲੀ ਹੋਈ ਗੱਲ ਚੇਤੇ ਆ ਗਈ ਹੋਵੇ। ਆਖਣ ਲੱਗੀ, "ਹੈਂ ਵਰਿਆਮ! ਲੌਢਾ ਵੇਲਾ ਹੋ ਗਿਆ। ਤੁਸੀਂ ਕੁਝ ਖਾਧਾ ਪੀਤਾ



Namdhari Elibrary NamdhariElibrary@gmail.com

ਵੀ ਹੈ ਕਿ ਨਹੀਂ ?"

ਸਾਡਾ ਜਵਾਬ 'ਨਾਂਹ' ਵਿਚ ਸੁਣ ਕੇ ਕਹਿੰਦੀ, "ਜਾਓ ਮੇਰੇ ਪੁੱਤ! ਪਹਿਲਾਂ ਜਾ ਕੇ ਢਿੱਡ ਰੋਟੀ ਪਾ ਕੇ ਆਵੋ। ਕਿਵੇਂ ਸਵੇਰ ਦੇ ਭੁੱਖਣ-ਭਾਣੇ ਤੁਰੇ ਫਿਰਦੇ ਜੇ!" ਉਹਦਾ ਚਿਹਰਾ ਮਮਤਾ ਵਿਚ ਮੋਮ ਬਣਿਆ ਹੋਇਆ ਸੀ।

ਅਸੀਂ ਕਮਰੇ ਵੱਲ ਵਧਦਿਆਂ ਅਗਲੇ ਇਲਾਜ ਲਈ ਪਹਿਲਾਂ ਡਾਕਟਰ ਨੂੰ ਰਪੋਟ ਦਿਖਾਉਣ ਲਈ ਕਿਹਾ ਤਾਂ ਕਹਿੰਦੀ, "ਕੋਈ ਨਹੀਂ ਰਿਪੋਟ ਮੈਂ ਵਿਖਾ ਲੈਂਦੀ ਆਂ। ਤੁਸੀਂ ਪਹਿਲਾਂ ਢਿੱਡ ਵਿਚ ਕੁਝ ਪਾ ਕੇ ਆਓ। ਤੁਹਾਡੇ ਬਾਪੂ ਕੋਲ ਮੈਂ ਬੈਠੀ ਆਂ। ਉਹਦਾ ਫ਼ਿਕਰ ਨਾ ਕਰੋ"

ਉਹਦੇ ਜ਼ੋਰ ਦੇਣ 'ਤੇ ਅਸੀਂ ਲਾਗਲੇ ਢਾਬੇ 'ਤੇ ਰੋਟੀ ਖਾਣ ਤੁਰ ਗਏ। ਰੋਟੀ ਖਾ ਕੇ ਆਏ ਤਾਂ ਪਿਤਾ ਦੇ ਸਿਰਹਾਂਦੀ ਬੈਠੀ ਮਾਂ ਉੱਠ ਕੇ ਖਲੋ ਗਈ ਅਤੇ ਉਸ ਦੀਆਂ ਅੱਖਾਂ 'ਚ ਤੈਰ ਆਇਆ ਪਾਣੀ ਬੇਵੱਸ ਹੋ ਕੇ ਉਹਦੇ ਚਿਹਰੇ 'ਤੇ 'ਟਿੱਪ! ਟਿੱਪ!' ਵਰ੍ਹਨ ਲੱਗਾ।

"ਜਾਓ ਪੁੱਤ! ਕੋਈ ਟੈਕਸੀ ਲੈ ਆਓ! ਤੁਹਾਡਾ ਬਾਪੂ ਪੂਰਾ ਹੋ ਗਿਆ।" ਉਸ ਨੇ ਬੁੱਲ੍ਹ ਚਿੱਥਦਿਆਂ ਆਪਣੀ ਭੁੱਬ ਅੰਦਰੇ ਡੱਕ ਲਈ।

ਉਸ ਨੇ ਅੱਥਰੂ ਪੂੰਝਦਿਆਂ ਕਿਹਾ, "ਪੂਰਾ ਤਾਂ ਇਹ ਉਦੋਂ ਹੀ ਹੋ ਗਿਆ ਸੀ ਜਦੋਂ ਤੁਸੀਂ ਰਪੋਟ ਲੈ ਕੇ ਆਏ ਸੀ। ਪਰ ਮੈਂ ਤੁਹਾਨੂੰ ਜਾਣ-ਬੁੱਝ ਕੇ ਨਹੀਂ ਸੀ ਦੱਸਿਆ। ਮੈਂ ਸੋਚਿਆ ਜੇ ਤੁਹਾਨੂੰ ਹੁਣੇ ਦੱਸ ਦਿੱਤਾ ਤਾਂ ਤੁਸੀਂ ਉੱਥੋਂ ਹੀ ਦੇਹ ਲੈ ਕੇ ਪਿੰਡ ਨੂੰ ਤੁਰ ਪੈਣਾ ਹੈ। ਫਿਰ ਰੋਣ ਕੁਰਲਾਉਣ ਵਿਚ ਪਏ ਮੇਰੇ ਲਾਲਾਂ ਨੂੰ ਪਤਾ ਨਹੀਂ ਕਦੋਂ ਰੋਟੀ ਦਾ ਟੁੱਕ ਨਸੀਬ ਹੋਣਾ ਹੈ। ਤੁਹਾਡੀਆਂ ਭੁੱਖੀਆਂ ਵਿਲਕਦੀਆਂ ਆਂਦਰਾਂ ਦਾ ਸੋਚ ਕੇ ਹੀ ਮੈਂ ਤੁਹਾਨੂੰ ਰੋਟੀ ਖਾਣ ਤੋਰਿਆ ਸੀ।"

ਏਨੀ ਆਖ ਕੇ ਉਸ ਨੇ ਮੈਨੂੰ ਬਾਹੋਂ ਫੜ ਕੇ ਅੱਗੇ ਕੀਤਾ, "ਆ! ਹੁਣ ਆਪਣੇ ਤੁਰ ਗਏ ਪਿਓ ਦਾ ਮੂੰਹ ਵੇਖ ਲੈ।" ਉਸ ਨੇ ਮੇਰੇ ਪਿਤਾ ਦੇ ਚਿਹਰੇ 'ਤੇ ਦਿੱਤਾ ਕੱਪੜਾ ਚੁੱਕਿਆ ਅਤੇ ਉਸ ਦੇ ਸਦਾ ਲਈ ਸੌਂ ਗਏ ਸ਼ਾਂਤ ਚਿਹਰੇ ਨੂੰ ਨਿਹਾਰਦੀ ਨੇ ਮੈਨੂੰ ਛੋਟੇ ਬਾਲ ਵਾਂਗ ਆਪਣੀ ਛਾਤੀ ਨਾਲ ਘੁੱਟ ਲਿਆ।

ਮੇਰੀ ਮਾਂ ਦੀ ਉਮਰ ਉਦੋਂ ਇਕਤਾਲੀ ਬਤਾਲੀ ਸਾਲ ਦੀ ਸੀ ਅਤੇ ਮੇਰਾ ਪਿਓ ਪੰਜਤਾਲੀ ਛਿਆਲੀ ਸਾਲ ਦਾ ਹੋਵੇਗਾ। ਉਸਦਾ ਸੁਹਾਗ ਉਸ ਨੂੰ ਸਦਾ ਲਈ ਛੱਡ ਕੇ ਚਲਾ ਗਿਆ ਸੀ। ਪਤੀ ਤੋਂ ਬਿਨਾਂ ਉਸ ਅੱਗੇ ਦੂਰ ਤੱਕ ਬ੍ਰਿਹਾ ਦੀ ਮਾਰੂਥਲ ਵਾਂਗ ਭੁੱਜਦੀ ਵਿਛੀ ਜ਼ਿੰਦਗੀ ਪਈ ਸੀ। ਉਸ ਦਾ ਜਹਾਨ ਲੁੱਟਿਆ ਗਿਆ ਸੀ। ਇਸ ਪਰਬਤੋਂ ਭਾਰੇ ਦੁੱਖ ਨੂੰ ਕਸੀਸ ਵੱਟ ਕੇ ਪੀ ਜਾਣ ਦੀ ਤਾਕਤ ਉਸ ਦੀ ਕਿਹੋ ਜਿਹੀ ਅਦੁੱਤੀ ਮਮਤਾ ਨੇ ਉਸ ਮਹਾਨ ਔਰਤ ਨੂੰ ਬਖਸ਼ੀ ਸੀ ਕਿ ਉਹਦੀ ਜ਼ਿੰਦਗੀ ਦੀਆਂ ਇਨ੍ਹਾਂ ਸਭ ਤੋਂ ਦੁਖਾਂਤਕ ਘੜੀਆਂ ਵਿਚ ਵੀ ਉਸ ਨੂੰ ਆਪਣੇ ਪੁੱਤ ਦੀ ਭੁੱਖ ਦਾ ਖ਼ਿਆਲ ਰਿਹਾ ਸੀ।

ਜਦੋਂ ਉਸ ਦ੍ਰਿਸ਼ ਨੂੰ ਚੇਤੇ ਕਰਦਾ ਹਾਂ ਤਾਂ ਮੇਰੇ ਲੂੰਈਂ ਕੰਡੇ ਖੜੇ ਹੋ ਜਾਂਦੇ ਹਨ; ਅੱਖਾਂ ਭਰ ਆਉਂਦੀਆਂ ਹਨ ਅਤੇ ਆਪਣੀ ਮਾਂ ਦੀ ਮਮਤਾ ਸਾਹਮਣੇ ਮੇਰਾ ਸਿਰ ਝੁਕ ਜਾਂਦਾ ਹੈ।

ਅੱਜ ਆਪਣੀ ਮਾਂ ਦੇ ਹਵਾਲੇ ਨਾਲ ਮੈਂ ਸਾਰੀ ਦੁਨੀਆਂ ਦੀਆਂ ਮਾਵਾਂ ਦੀ ਅਥਾਹ ਸਹਿਣਸ਼ੀਲਤਾ, ਸਿਦਕ, ਸਬਰ ਅਤੇ ਡੁੱਲ੍ਹ-ਡੁੱਲ੍ਹ ਪੈਂਦੀ ਮੁਹੱਬਤ ਨੂੰ ਨਮਸਕਾਰ ਕਰਦਾ ਹਾਂ!

* * *

## ਸੰਪਾਦਕੀ ਨੋਟ

*ਮਾਂ ਦਾ ਕਿਰਦਾਰ ਹਰ ਬੰਦੇ ਲਈ ਪਵਿਤਰ ਅਤੇ ਸਰਬੋਤਮ ਹੈ। ਆਪਣੇ ਮਨ ਵਿਚ ਤਾਂ ਹਰ ਕੋਈ ਅਜਿਹਾ ਮਹਿਸੂਸ ਕਰਦਾ ਹੈ ਪਰ ਇਹਨਾਂ ਅਹਿਸਾਸਾਂ ਨੂੰ ਉਹ ਹੀ ਵਿਅਕਤੀ ਕਾਗਜ਼ ਉਤੇ ਉਤਾਰ ਸਕਦਾ ਹੈ ਜਿਸ ਉਤੇ ਪੂਰਨ ਕਿਰਪਾ ਹੁੰਦੀ ਹੈ, ਰੱਬ ਦੀ ਵੀ ਮਾਂ ਦੀ ਵੀ। ਉਂਝ ਵਿਦਵਾਨਾਂ ਅਤੇ ਔਲੀਆਵਾਂ ਨੇ ਮਾਂ ਨੂੰ ਰੱਬ ਦਾ ਦਰਜਾ ਦਿੱਤਾ ਹੋਇਆ ਹੈ ਤੇ ਕਈਆਂ ਨੇ ਮਾਂ ਨੂੰ ਰੱਬ ਤੋਂ ਵੀ ਵੱਧ। ਡਾ. ਵਰਿਆਮ ਸਿੰਘ ਸੰਧੂ ਕਲਮ ਅਤੇ ਜ਼ਬਾਨ ਦੇ ਧਨੀ ਹਨ। ਕਲਾ ਦੀ ਦੇਵੀ ਉਹਨਾਂ ਤੇ ਸਦਾ ਮਿਹਰਬਾਨ ਹੈ। ਸਾਨੂੰ ਤਾਂ ਸੰਧੂ ਸਾਹਿਬ ਦੀ ਹਰ ਲਿਖਤ ਹੀ ਸਿਰਮੌਰ ਲਗਦੀ ਹੈ। ਕਾਰਨ ਕੁਝ ਵੀ ਹੋਵੇ।*

*ਸੰਧੂ ਸਾਹਿਬ ਦਾ ਹੋਣਹਾਰ ਸਪੁੱਤਰ ਸੁਪਨਦੀਪ ਸੰਧੂ ਕੈਨੇਡਾ ਦੀ ਧਰਤੀ ਤੇ ਰਹਿ ਰਿਹਾ ਹੈ। ਸਤ ਸਮੁੰਦਰੋਂ ਪਾਰ ਬੈਠਾ ਵੀ ਉਹ ਪੰਜਾਬੀ ਮਾਂ ਬੋਲੀ ਅਤੇ ਸਾਹਿਬ ਦੀ ਸੇਵਾ ਨੂੰ ਸਮਰਪਿਤ ਹੈ। ਉਸ ਦੀ ਸੰਪਾਦਨਾ ਵਿਚ ਨਿਕਲ ਰਿਹਾ ਪਰਚਾ ਸੀਰਤ ਹਰ ਪਖੋਂ ਹੀ ਹਰ ਮਨ ਪਿਆਰਾ ਹੈ। ਉਚ ਪਾਏ ਦੀਆਂ ਮਿਆਰੀ ਲਿਖਤਾਂ, ਛਪਾਈ, ਕਾਗਜ਼ ਅਤੇ ਦਿਖ ਸਭੋ ਕੁਝ ਆਕਰਸ਼ਕ ਹੈ। ਪੰਜਾਬੀ ਦੇ ਸਿਰਮੌਰ ਸਾਹਿਤਕਾਰ ਇਸ ਨਾਲ ਜੁੜੇ ਹੋਏ ਹਨ। ਇਹ ਰਚਨਾ ਵੀ ਅਸਾਂ "ਸੀਰਤ" ਪਰਚੇ ਵਿਚੋਂ ਲੈ ਕੇ ਇਥੇ ਛਾਪੀ ਹੈ। ਸੀਰਤ ਦੇ ਸੰਪਾਦਕ ਅਤੇ ਲੇਖ ਦੇ ਲੇਖਕ ਦਾ ਧੰਨਵਾਦ ਤਾਂ ਨਿਰਸੰਦੇਹ ਸਾਡੇ ਮਨਾਂ ਵਿਚ ਹੈ।*



Namdhari Elibrary NamdhariElibrary@gmail.com

# ਅੱਖੀਂ ਡਿੱਠੀ ਤੇ ਕੰਨੀਂ ਸੁਣੀ

*—ਸਾਧੂ ਸਿੰਘ ਕਿਸਾਨ*

ਸਮਾਂ : ੧੯੪੫

ਸਥਾਨ : ਹਿੰਦੂ ਚੱਕ (ਵਰਤਮਾਨ ਪਾਕਿਸਤਾਨ)

ਨੰਬਰਦਾਰ ਤਰਨ ਸਿੰਘ ਜੀ, ਆਪਣੇ ਖੂਹ ਨੇੜੇ, ਬੋਹੜ ਦੀ ਛਾਵੇਂ ਤਖਤਪੋਸ਼ ਤੇ ਬੈਠੇ ਹੋਏ, ਆਪਣੇ ਪੰਦਰਾਂ ਸਾਲ ਦੇ ਪੁੱਤਰ ਸਾਧੂ ਸਿੰਘ ਤੋਂ ਗੁਰਬਾਣੀ ਦਾ ਪਾਠ ਸੁਣ ਰਹੇ ਹਨ। ਇਹਨਾਂ ਦੇ ਪੱਕੇ ਜੋਟੀਦਾਰ ਜਥੇਦਾਰ ਗੁਰਬਚਨ ਸਿੰਘ ਅਤੇ ਸ. ਵਧਾਵਾ ਸਿੰਘ ਜੀ ਕੋਲ ਹੀ ਬੈਠੇ ਹਨ। ਪਿੰਡ ਵਲੋਂ ਇਕ ਬਹੁਤ ਬਿਰਧ, ਪੰਡਿਤ ਮੁਕੰਦ ਲਾਲ ਜੀ, ਸਹਿਜੇ-ਸਹਿਜੇ ਤੁਰੇ ਆ ਰਹੇ ਨੇ। ਇਹ ਤਿੰਨੇ ਪੰਡਿਤ ਜੀ ਬਾਰੇ, ਆਪੋ ਵਿਚ ਗੱਲਾਂ ਕਰਨ ਲੱਗਦੇ ਹਨ।

ਵਧਾਵਾ ਸਿੰਘ ਜੀ ਕਹਿੰਦੇ ਨੇ, "ਵੇਖੋ ਇਹ ਪੰਡਿਤ ਸੌ ਨੇੜੇ ਪੁਜ ਕੇ ਵੀ ਕਿਵੇਂ ਸਿੱਧਾ ਸਤੋਰ ਤੁਰਿਆ ਆ ਰਿਹਾ ਹੈ। ਇਕ ਸੱਠ ਸਾਲੇ ਪੁੱਤਰ ਬਿਨਾਂ, ਪਰਿਵਾਰ ਵਿਚ ਕੋਈ ਜੀਅ ਨਹੀਂ ਬਚਿਆ।" ਜਥੇਦਾਰ ਜੀ ਹੌਲੇ ਜਿਹੇ ਕਹਿੰਦੇ ਨੇ, "ਤੇ ਉਹ ਪੁੱਤਰ ਕਿਹੜਾ ਵਿਆਹਿਆ ਵਰਿਆ ਹੈ। ਵਿਧਾਵਾ ਸਿੰਘ ਜੀ ਥੋਹੜਾ ਹਸ ਕੇ, "ਵਿਆਹ ਕੀ ਹੋਵੇ? ਗੋਬਿੰਦ ਰਾਮ ਤੁਰਣ ਲਗਿਆਂ ਸੱਜੇ ਹੱਥ ਦੀ ਪਹਿਲੀ ਉਂਗਲੀ ਵਖਰੀ ਕਰ ਕੇ ਤੁਰਦਾ ਹੈ। ਜਿਹੜਾ ਆਪਣੀ ਉਂਗਲ ਦੂਜਿਆਂ ਨਾਲ ਨਹੀਂ ਰਲਣ ਦੇਂਦਾ, ਉਹ ਦੂਸਰਾ ਜੀਅ ਕਦੋਂ ਰਲਾ ਸਕਦਾ ਹੈ। ਦੋਵੇਂ ਪਿਓ ਪੁੱਤ ਛੜੇ ਮਲੰਗ ਹਨ। ਪੁੱਤ ਪਕਾਂਦਾ ਹੈ ਤੇ ਦੋਵੇ ਰਲ ਕੇ ਖਾ ਲੈਂਦੇ ਹਨ। ਪਰ ਹੈਣ ਦੋਵੇਂ ਭਲੇ ਪੁਰਸ਼। ਸੱਚੇ-ਸੁੱਚੇ ਅਤੇ ਰੱਬ ਦੇ ਭੈ ਵਾਲੇ।"

ਤਦੋਂ ਨੂੰ ਪੰਡਿਤ ਜੀ ਇਹਨਾਂ ਦੇ ਕੋਲ ਪੁਜਦੇ ਹਨ। ਚਾਰੇ ਉੱਠ ਕੇ ਬੜੇ ਸਤਿਕਾਰ ਨਾਲ ਜੀ ਆਇਆਂ ਕਹਿ ਕੇ ਉਹਨਾਂ ਲਈ ਥਾਂ ਵਿਹਲੀ ਕਰਦੇ ਹਨ। ਪੰਡਿਤ ਜੀ ਸੁੱਖੀ ਵਸਣ ਤੇ ਜਿਊਂਦੇ ਰਹਿਣ ਦੀ ਅਸੀਸ ਦੇ ਕੇ ਬੈਠਣ ਲੱਗਦੇ ਹਨ ਤਾਂ ਨੰਬਰਦਾਰ ਜੀ ਦੌੜ ਕੇ ਬੈਠਕ ਵਿਚੋਂ, ਤਹਿ ਕੀਤਾ ਹੋਇਆ ਖੇਸ ਲਿਆ ਕੇ ਵਿਛਾ ਦਿੱਤਾ। ਨਾਲ ਬੇਨਤੀ ਕੀਤੀ, "ਇਸ ਉਤੇ ਬੈਠਣ ਦੀ ਕਿਰਪਾ ਕਰੋ। ਤਖਤ ਪੋਸ਼ ਬਹੁਤ ਸਖ਼ਤ ਹੈ।"

ਪੰਡਿਤ ਜੀ ਬੈਠਦਿਆਂ ਹੋਇਆਂ ਆਪਣੇ ਨਾਲ, ਉਂਝ ਬੋਲ ਕੇ, "ਤਰਨ ਸਿੰਘ ਹੋਰਾਂ ਦੀਆਂ ਕਈ ਆਦਤਾਂ ਵੱਡੇ ਸਿੰਘ ਹੋਰਾਂ ਨਾਲ ਮਿਲਦੀਆਂ ਨੇ। ਸਿਰਫ ਜਵਾਨ ਉਹਨਾਂ ਜਿੱਡੇ ਨਹੀਂ ਹੋਵੇ। ਇਹ ਈ ਕੀਹ, ਉਹਨਾਂ ਜੇਡਾ ਜਵਾਨ ਤੇ ਅੱਜ ਕੱਲ ਨੇੜੇ-ਤੇੜੇ ਕੋਈ ਨਜ਼ਰ ਨਹੀਂ ਆਉਂਦਾ। ਜਿੱਥੇ ਬਹਿੰਦੇ, ਚੁਫੇਰ ਭਰਿਆਂ ਭਰਿਆਂ ਲੱਗਦਾ। ਮੇਰਾ ਕੱਦ ਕਾਠ ਵੇਖ ਕੇ, ਮੇਰੇ ਨਾਲ ਬੜਾ ਮੋਹ ਕਰਦੇ। ਕਹਿੰਦੇ ਪੰਡਤਾ ਦੋਵੇਂ ਵੇਲੇ ਆ ਕੇ ਦੁੱਧ ਨਾਲ ਰੱਜ ਲਿਆ ਕਰ।"



ਜਥੇਦਾਰ ਜੀ ਬੇਨਤੀ ਕਰਦੇ ਨੇ, "ਪੰਡਿਤ ਜੀ, ਵੱਡੇ ਬਾਪੂ ਜੀ ਨੂੰ ਸਿੰਘ ਜੀ ਕਿਓਂ ਆਖਿਆ ਜਾਂਦਾ ਸੀ?"

ਪੰਡਿਤ ਜੀ ਜ਼ਰਾ ਅੱਖਾਂ ਖੋਹਲ ਕੇ ਵੇਖਦੇ ਹੋਏ, "ਕਾਕਾ ਜੀ ਭਲੀ ਪੁੱਛੀ ਜੇ। ਸਿੰਘ ਜੀ ਦਾ ਸੁਭਾ, ਚੰਗਾ ਖੜਕੇ-ਦੜਕੇ ਵਾਲਾ ਸੀ। ਖਰੀ ਗੱਲ ਕਹਿਣੋਂ ਜ਼ਰਾ ਨਹੀਂ ਸਨ ਝਿਜਕਦੇ। ਮੋਟੀਆਂ ਲਾਲ ਅੱਖਾਂ ਤੇ ਮੁਛੈਹਰੇ ਕੁੰਡਲਾਂ ਵਾਲੇ। ਸ਼ੇਰ ਵਰਗੀ ਦਹਾੜ, ਵੇਖਿਆਂ ਡਰ ਆਵੇ। ਲੋਕਾਂ 'ਸਿੰਘ ਜੀ' ਨਾਂ ਪਾ ਦਿੱਤਾ। ਉਤੋਂ ਖਾਲਸਾ ਸਰਕਾਰ ਵਲੋਂ ਕਚਿਹਰੀ ਲਾਣ ਦਾ ਹੁਕਮ ਆ ਗਿਆ।

ਜਥੇਦਾਰ ਜੀ ਨੇ ਫਿਰ ਬੇਨਤੀ ਕੀਤੀ, "ਪੰਡਿਤ ਜੀ, ਤਾਂ ਫਿਰ ਅੱਜ ਸਾਨੂੰ ਵੱਡੇ ਬਾਪੂ ਜੀ ਦੇ ਨਾਮਧਾਰੀ ਸਜਣ ਦੀ ਸਾਖੀ ਸੁਣਾਓ। ਸੁਣਿਐ ਆਪ ਜੀ ਵੀ ਓਦੋਂ ਨਾਲ ਹੀ ਗਏ ਹੋਏ ਸੋ। ਪਰ ਪਹਿਲਾਂ ਆਪਣੀ ਆਰਜਾ ਬਾਰੇ ਚਾਨਣਾ ਪਾਓ ਕਿ ਸੈਂਕੜਾ ਪੂਰਾ ਹੋ ਗਿਐ ਜਾਂ ਅਜੇ ਕੁਝ ਕਸਰ ਹੈ?

ਪੰਡਿਤ ਜੀ ਥੋਹੜਾ ਮੁਸਕਰਾਂਦੇ ਹੋਏ, "ਮੈਨੂੰ ਮੇਰੇ ਵਰ੍ਹਿਆਂ ਸਾਲਾਂ ਦਾ ਤੇ ਪੂਰਾ ਪਤਾ ਨਹੀਂ। ਮੈਂ ਕੁਝ ਗੱਲਾਂ ਦੱਸਦਾਂ ਹਾਂ। ਉਹਨਾਂ ਤੋਂ ਅੰਦਜ਼ਾ ਲਾ ਲਓ ਕਿ ਸੈਂਕੜਾ ਹੋ ਗਿਐ ਜਾਂ ਨਹੀਂ। ਕਈ ਵਡੇਰੇ ਮੈਨੂੰ ਆਂਹਦੇ ਹੁੰਦੇ ਸਨ ਕਿ ਜਿੰਨੇ ਵਰ੍ਹੇ ਅੰਗਰੇਜ਼ਾਂ ਨੂੰ ਸਿੱਖਾਂ ਦਾ ਰਾਜ ਖੋਹਿਆਂ ਹੋ ਗਏ ਨੇ, ਏਨੇ ਕੁ ਵਰ੍ਹਿਆਂ ਦਾ ਤੂੰ ਹੋ ਗਿਐਂ।"

ਨੰਬਰਦਾਰ ਜੀ ਨੇ ਝੱਟ ਹਿਸਾਬ ਕਰ ਕੇ ਆਖਿਆ, "ਇਹਦਾ ਮਤਲਬ ਹੋਇਆ, ਆਪ ਜਾ ਜਨਮ ਸੰਨ ੧੯੫੦ ਤੋਂ ਸਾਲ ਵਧ ਘੱਟ ਦਾ ਹੈ। ਤੇ ਹੁਣ ਹੋਇਆ ੧੯੪੫, ਪੰਜ ਕੁ ਵਰ੍ਹੇ ਬਾਕੀ ਨੇ ਸੈਂਕੜਾ ਪੂਰਾ ਕਰਨ ਵਿਚ।"

ਵਧਾਵਾ ਸਿੰਘ ਜੀ ਹੱਥ ਤੇ ਹੱਥ ਮਾਰਦੇ ਹੋਏ, "ਪੰਜ ਵਰ੍ਹੇ ਕੀ ਹੋਏ ਪੰਡਿਤ ਜੀ ਅੱਗੋ। ਅਜੇ ਤਾਂ ਸਿਹਤ ਵਧੀਆ ਪਈ ਹੈ। ਪਰ ਪੰਡਿਤ ਜੀ! ਵੱਡੇ ਬਾਪੂ ਜੀ ਦੀ ਕਚਿਹਰੀ ਲੱਗਦੀ ਤਾਂ ਆਪ ਨੇ ਵੇਖੀ ਹੋਵੇਗੀ? ਉਹਨਾਂ ਦੀ ਕੋਈ ਗੱਲ ਵੀ ਸੁਣਾਓ!"



Namdhari Elibrary NamdhariElibrary@gmail.com

ਜਥੇਦਾਰ ਜੀ ਵਿਚੋਂ ਟੋਕਦੇ ਹੋਏ, "ਕਚਿਹਰੀ ਵਾਲੀ ਗੱਲ ਤਾਂ ਫੇਰ ਕਿਸੇ ਦਿਨ, ਅੱਜ ਤਾਂ ਕੂਕ ਪੁਣੇ ਵਾਲੀ ਸਾਖੀ ਹੀ ਸੁਣਾਂਗੇ।"

ਪੰਡਿਤ ਜੀ ਹੌਕਾ ਜਿਹਾ ਭਰਦੇ ਹੋਏ, "ਵੱਡੇ ਸਿੰਘ ਜੀ ਦੀ ਕਚਿਹਰੀ ਸਿੱਖ ਰਾਜ ਵੇਲੇ ਲੱਗਦੀ ਵੀ ਸੁਣਦੇ ਸਾਂ, ਫੇਰ ਅੰਗਰੇਜ਼ ਵੇਲੇ ਅਖੀਂ ਵੇਖੀ ਹੈ। ਜਦੋਂ ਉਹ ਕੂਕੇ ਬਣ ਗਏ ਤਾਂ ਅੰਗਰੇਜ਼ਾਂ ਪਤਾ ਨਹੀਂ, ਕਿਓਂ ਉਹ ਕਚਿਹਰੀ ਬੰਦ ਕਰ ਦਿੱਤੀ। ਸ਼ਾਇਦ ਸਿੰਘ ਜੀ ਦਾ ਕੂਕਾ ਬਣ ਜਾਣਾ ਚੰਗਾ ਨਾ ਲੱਗਿਆ ਹੋਵੇ। "

ਨੰਬਰਦਾਰ ਜੀ ਅਰਜ਼ ਕਰਣ ਵਾਂਗ , "ਪੰਡਿਤ ਜੀ! ਮੇਰੇ ਦਾਦਾ ਜੀ ਤੋਂ ਵੱਡੇ ਸਨ ਜਾਂ ਛੋਟੇ ?"

ਪੰਡਿਤ ਜੀ ਥੋਹੜਾ ਗੰਭੀਰ ਹੁੰਦੇ ਹੋਏ, "ਆਹ ਕਿਹੜੀਆਂ ਪੁਰਾਣੀਆਂ ਤੁਖਣੀਆਂ ਛੇੜ ਦਿੱਤੀਆਂ ਜੇ! ਸ. ਦਿਆਲ ਸਿੰਘ ਜੀ ਮੇਰੇ ਤੋਂ ਪੰਜ ਸੱਤ ਸਾਲ ਵੱਡੇ ਹੋਣਗੇ, ਪਰ ਚਲੇ ਤਾਂ ਮੇਰੇ ਤੋਂ ਬਹੁਤ ਪਹਿਲਾਂ ਗਏ ਨੇ। ਪੱਤਾ ਨਹੀਂ ਮੈਂ ਅਜੇ ਹੋਰ ਕੀਹ ਦੁੱਖ ਵੇਖਣ ਵਾਸਤੇ ਤੁਰਿਆ ਫਿਰਦਾ ਹਾਂ। ਸਾਡਾ ਆਪਸ ਵਿਚ ਹਾਣੀਆਂ ਵਾਲਾ ਜੋੜ ਸੀ।"

ਨੰਬਰਦਾਰ ਜੀ ਫੇਰ ਬੇਨਤੀ ਕਰਦੇ ਹਨ, "ਪੰਡਿਤ ਜੀ, ਆਪ ਦੀ ਤੰਦਰੁਸਤੀ ਅਤੇ ਲੰਮੀ ਉਮਰ ਦਾ ਕੀ ਭੇਦ ਹੈ ?"

ਪੰਡਿਤ ਜੀ, ਅੰਗੜਾਈ ਲੈਂਦੇ ਹੋਏ, "ਮੈਂ ਸ਼ੁਰੂ ਤੋਂ ਦੋ ਗਊਆਂ ਰੱਖਦਾ ਰਿਹਾਂ, ਜਿੰਨਾ ਵਾਸਤੇ ਪੱਠੇ ਹਮੇਸ਼ਾ ਸਿੰਘ ਜੀ ਦੇ ਟੱਕੋਂ ਵੱਢ ਕੇ ਲੈ ਔਣੇ ਅਤੇ ਹੱਥ ਦੇ ਟੋਕੇ ਨਾਲ ਕੁੱਤਰ ਕੇ ਪਾ ਦੇਣੇ। ਰੋਟੀ ਥੋਹੜੀ ਖਾਣੀ ਤੇ ਦੁੱਧ ਬਹੁਤਾ ਪੀਣਾ। ਦੁਕਾਨਦਾਰੀ ਨਾਲ ਮਿਹਨਤ ਮਜ਼ਦੂਰੀ ਵੀ ਕਰ ਲੈਣੀ।"

ਵਧਾਵਾ ਸਿੰਘ ਜੀ ਵਿਚੋਂ ਟੋਕਦੇ ਹੋਏ, "ਮਜ਼ਦੂਰੀ ਕਿਵੇਂ ਦੀ ?"

ਪੰਡਿਤ ਜੀ ਅਤੀਤ ਵਿਚੋਂ ਕੁਝ ਲੱਭਦੇ ਹੋਏ, "ਬੱਚਿਓ, ਤੁਹਾਨੂੰ ਕੀ ਪਤਾ ਹੈ, ਰੋਟੀ ਕਮਾਉਣੀ ਕਿੰਨੀ ਔਖੀ ਹੁੰਦੀ ਸੀ। ਵਾਢੀਆਂ ਕਰ ਕੇ, ਸਾਲ ਜੋਗੀ ਕਣਕ ਬਣਾ ਲੈਣੀ। ਫੇਰ ਵੱਡੀ ਨਹਿਰ ਦੀ ਪੁਟਾਈ ਸ਼ੁਰੂ ਹੋ ਗਈ। ਉਥੇ ਵੀ ਚਲੇ ਜਾਣਾ ਜਿਹੜੇ ਚਾਰ ਆਨੇ ਦਿਹਾੜੀ ਬਨਣੀ ਉਹ ਸ਼ਾਮ ਨੂੰ ਲੈ ਆਉਣੇ। ਇਹ ਨਹਿਰ ਤੇ ਸੂਆ ਮੇਰੇ ਹੱਥੀਂ ਪੁੱਟੇ ਹੋਏ ਨੇ।"

ਜਥੇਦਾਰ ਜੀ ਕਾਹਲੇ ਪੈਂਦੇ ਹੋਏ, "ਗੱਲਾਂ ਤਾਂ ਪੰਡਿਤ ਜੀ ਇਹ ਵੀ ਬੜੀਆਂ ਸੁਣਨ ਵਾਲੀਆਂ ਨੇ, ਜੋ ਫਿਰ ਕਦੀ ਸਹੀ ਪਰ ਅੱਜ ਤਾਂ ਵੱਡੇ ਬਾਪੂ ਜੀ ਦੀ ਸਾਖੀ ਜਰਾ ਖੋਲ੍ਹ ਕੇ ਸੁਣਾ ਦਿਓ।"

ਪੰਡਿਤ ਜੀ 'ਹੇ ਰਾਮ' ਕਹਿ ਕੇ, ਤਖ਼ਤ ਪੋਸ਼ ਤੇ ਪਾਸਾ ਬਦਲਦੇ ਹੋਏ, "ਰਾਮ ਜੀ ਤੁਹਾਨੂੰ ਸੁੱਖ ਦੇਵੇ! ਬੜੀ ਪੁਰਾਣੀ ਗੱਲ ਹੈ...... ਸੱਤਰ-ਅੱਸੀ ਵਰ੍ਹੇ ਹੋ ਗਏ ਹੋਣਗੇ। ਮੈਂ ਉਦੋਂ ਅੱਲੜ੍ਹ ਜਿਹਾ ਸਾਂ, ਮਸ ਫੁੱਟਦੀ ਪਈ ਸੀ। ਏਸੇ ਬੋਹੜ ਹੇਠ ਬੈਠਿਆਂ ਸ. ਦਿਆਲ ਸਿੰਘ ਜੀ ਨੇ, ਵੱਡੇ ਸਿੰਘ ਜੀ ਨੂੰ ਦੱਸਿਆ ਕਿ ਬਾਪੂ ਜੀ! ਇਸ ਵਰ੍ਹੇ ਹੋਲਾ ਮਾਨਾਂ ਵਾਲੇ ਸ੍ਰ. ਹੀਰਾ ਸਿੰਘ ਨੇ ਕਰਾਣਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਦੇਣ ਦੀ ਕਿਰਪਾ ਕਰਣਗੇ। ਮੈਨੂੰ ਉਥੇ ਪਹੁੰਚਣ ਦਾ ਹੁਕਮਨਾਮਾ ਆ ਗਿਆ ਹੈ। ਆਪ ਵੀ ਦਰਸ਼ਨ ਮੇਲਾ ਕਰਨ ਦੀ ਤਿਆਰੀ ਕਰ ਲਓ। ਵੱਡੇ ਸਿੰਘ ਜੀ ਨੂੰ ਸੁਣ ਕੇ ਚਾਅ ਚੜ੍ਹ ਗਿਆ। ਬੜਾ ਹੁੱਬ ਕੇ ਕਹਿਣ ਲੱਗੇ — "ਹੱਛਾ! ਬੜੀ ਚੰਗੀ ਗੱਲ ਹੈ ਪੁੱਤਰ ਜੀ! ਪਰ ਜਾਣ ਤੋਂ ਪਹਿਲਾਂ ਦੱਸ ਦਿਆ ਜੇ! ਕਿਉਂਕਿ ਇਕ ਰਾਤ ਰਾਹ ਵਿਚ ਵੀ ਲੱਗੇਗੀ।"

ਵਧਾਵਾ ਸਿੰਘ ਜੀ ਫਿਰ ਬੇਨਤੀ ਕਰਦੇ ਹਨ, "ਵਿਚੋਂ ਟੋਕਣ ਦਾ ਗੁੱਸਾ ਨਾ ਕਰੋ ਤਾਂ ਏਹ ਵੀ ਦੱਸੋ, ਪਈ ਨਾਲ ਹੋਰ ਕੌਣ ਕੌਣ ਗਿਆ ਸੀ ?"

ਪੰਡਿਤ ਜੀ ਚੌਹਾਂ ਵੱਲ ਵੇਖ ਕੇ, "ਬੱਚਿਓ ਏਹ ਟੋਕਣਾ ਨਹੀਂ ਸਗੋਂ ਏਹ ਤਾਂ ਹੁੰਗਾਰਾ ਭਰਨ ਵਾਲੀ ਗੱਲ ਹੈ। ਨਾਲੇ ਮੈਂ ਕੇਹੜਾ ਮੰਦਿਰ ਵਿਚ ਕਥਾ ਕਰਦਾ ਹਾਂ........ ਏਹ ਤੇ ਬੈਠੇ ਬੈਠੇ ਪੁਰਾਣੀਆਂ ਯਾਦਾਂ ਈ ਤਾਜ਼ੀਆਂ ਪਏ ਕਰਨੇ ਆਂ। ਜਾਣ ਵਾਲੇ ਵੱਡੇ ਸਿੰਘ ਜੀ ਘੋੜੀ ਤੇ ਸਵਾਰ ਹੋ ਗਏ। ਪੈਦਲ ਸ੍ਰ. ਦਿਆਲ ਸਿੰਘ ਜੀ, ਮਿਸਤਰੀ ਦਿਆਲ ਸਿੰਘ, ਡੇਰੇਦਾਰ ਭਾਈ ਜੀਊਣ ਸਿੰਘ, ਸ੍ਰ. ਵਧਾਵਾ ਸਿੰਘ ਕੀ ਪੱਤੀ ਵਾਲਾ ਆਲਾ ਸਿੰਘ ਵੀ ਤਿਆਰ ਹੋ ਗਏ। ਸਿੰਘ ਜੀ ਨੇ ਮੈਨੂੰ ਹੁਕਮ ਕੀਤਾ— ਚੱਲ ਪੰਡਤਾ! ਮਹਾਂਪੁਰਖਾਂ ਦੇ ਦੀਦਾਰ ਕਰਕੇ, ਜਨਮ ਸਵਾਰ ਲੈ। ਘੋੜੀ ਸਾਂਭਣ ਵਾਸਤੇ ਨਾਲ 'ਰਹਿਮਤ' ਨੂੰ ਲੈ ਲਿਆ। ਇਸ ਤਰ੍ਹਾਂ ਇਹ ਜਥਾ ਮਾਨਾਂ ਵਾਲੇ ਦਾ ਹੋਲਾ ਵੇਖਣ ਚੱਲ ਪਿਆ।

ਨੰਬਰਦਾਰ ਜੀ ਦਾ ਬੱਚਾ, ਪਾਠ ਛੱਡ ਕੇ ਸਾਖੀ ਸੁਣਦਾ ਹੋਇਆ ਹੌਲੇ ਜਹੇ ਜਥੇਦਾਰ ਜੀ ਨੂੰ ਕਹਿਣ ਲੱਗਾ— "ਉਦੋਂ ਪਿੰਡ ਵਿਚ ਹੋਰ ਕੋਈ ਘੋੜੀ ਨਹੀਂ ਸੀ ? ਪੰਡਤ ਜੀ ਸੁਣਕੇ ਫ਼ਰਮਾਇਆ—ਬੇਟਾ ਜੀ, ਏਹ ਤੇ ਨਹਿਰ ਦਾ ਪਾਣੀ ਪੈਣ ਕਰਕੇ ਲਹਿਰਾਂ-ਬਹਿਰਾਂ ਹੋ ਗਈਆਂ ਨੇ, ਤਾਂ ਪਿੰਡ ਵਿਚ ਕਈ ਘੋੜੀਆਂ ਤੁਸੀਂ ਵੇਖ ਰਹੇ ਓ! ਉਦੋਂ, ਇਕੋ ਸਿੰਘ ਜੀ ਕੋਲ ਘੋੜੀ ਹੁੰਦੀ ਸੀ, ਜਿਦ੍ਹੇ ਵਾਸਤੇ ਮਾਲ ਡੰਗਰ ਤੋਂ ਵੱਖਰਾ, ਇਕ ਨੌਕਰ ਕੱਲੀ ਘੋੜੀ ਲਈ ਰੱਖਿਆ ਹੋਇਆ ਸੀ। ਸਿੰਘ ਜੀ ਦੀ ਘੋੜੀ 'ਜਿਗਰੀ ਰਵਾਲ' ਬੜੀ ਵਧੀਆ ਤੁਰਦੀ ਸੀ।(ਜਿਗਰੀ ਰਵਾਲ, ਜੇਹੜੀ ਆਪਣੇ ਆਪ ਸਹਿਜੁਭਾ ਛੋਟੇ ਕਦਮੀਂ ਲਗਾਤਾਰ ਤੁਰਦੀ ਹੋਵੇ)। ਜੇ ਕਦੇ ਘੋੜੀ 'ਪੋਈਏ' ਪੈ ਜਾਣੀ (ਪੋਈਏ ਪੈਣਾ, ਦੌੜਨ ਤੋਂ ਪਹਿਲਾਂ ਚਾਰੇ ਪੈਰ ਵੱਖਰੇ-ਵੱਖਰੇ, ਬੜੇ ਖੁੱਲ੍ਹੇ-ਖੁੱਲ੍ਹੇ ਚੁਕਣੇ) ਅਸੀਂ ਭੱਜ ਕੇ ਵੀ ਪਿੱਛੇ ਰਹਿ ਜਾਣਾ। ਸਿੰਘ ਜੀ ਨੇ ਪਿਛਾਂਹ ਵੇਖ ਕੇ



Namdhari Elibrary NamdhariElibrary@gmail.com

ਘੋੜੀ ਫਿਰ 'ਰਾਮ' ਨਾਲ ਤੋਰਨ ਲੱਗ ਪੈਣਾਂ। (ਰਾਮ ਨਾਲ-ਸਹਿਜੇ ਸਹਿਜੇ) ਪਿੰਡੋਂ ਤੁਰੇ ਸਾਂ, ਸ਼ਾਮ ਨੂੰ 'ਉੱਗੂ ਚੱਕ' ਪੁੱਜ ਕੇ ਬਾਜਵਿਆਂ ਦੇ ਘਰੇ ਨਿਵਾਸ ਕੀਤਾ। ਰਾਤ ਉਨ੍ਹਾਂ ਸਾਡੀ ਬੜੀ ਸੇਵਾ ਕੀਤੀ। ਦੂਜੇ ਦਿਨ ਤੁਰਨ ਲੱਗਿਆ ਕਈ ਸਰੀਰ ਸਾਡੇ ਨਾਲ ਤੁਰ ਪਏ। ਰਸਤੇ ਵਿਚ ਹਰ ਪਿੰਡੋਂ ਸਿੰਘ ਜੀ ਦੇ ਜਾਣੂਆਂ, ਸਾਨੂੰ ਲੱਸੀ ਪਾਣੀ ਪਿਆ ਕੇ, ਫਿਰ ਸਾਡੇ ਨਾਲ ਹੋ ਜਾਣਾ। ਇਸ ਤਰ੍ਹਾਂ ਮਾਨਾਂ ਵਾਲੇ ਪੁੱਜਦਿਆਂ ਤੱਕ, ਸਾਡਾ ਜਥਾ ਚਾਲੀ-ਪੰਜਾਹ ਦਾ ਹੋ ਗਿਆ।"

ਨੰਬਰਦਾਰ ਜੀ ਨੇ ਸਵਾਲ ਕੀਤਾ, "ਐਡੇ ਮੇਲੇ ਵਿਚ ਡੇਰੇ ਦਾ ਕੀ ਪ੍ਰਬੰਧ ਹੋਇਆ?"

ਪੰਡਿਤ ਜੀ ਨੇ ਮੁਸਕਰਾਂਦੇ ਆਖਿਆ, "ਮੇਲੇ ਵਿਚ ਪੁੱਜਦਿਆਂ, ਕੁਦਰਤੋਂ ਮੇਲੇ ਵਾਲਾ ਸ੍ਰ. ਹੀਰਾ ਸਿੰਘ ਅੱਗੋਂ ਮਿਲ ਪਿਆ। ਸਿੰਘ ਜੀ ਨੂੰ ਜੱਫੀ ਪਾ ਕੇ ਮਿਲਿਆ। ਜਲ ਪਾਣੀ ਛਕਿਆ ਸੁਣਕੇ, ਨੌਕਰ ਤੇ ਘੋੜੀ ਘਰ ਭੇਜ ਕੇ, ਆਪ ਸਾਡੇ ਨਾਲ ਦੀਵਾਨ ਵਲ ਤੁਰ ਪਿਆ। ਮੇਲੇ ਵਿਚ ਜਣਾ-ਖਣਾ ਛੋਟੇ ਸ੍ਰ. ਦਿਆਲ ਸਿੰਘ ਜੀ ਦੀ ਪੈਰੀਂ ਹੱਥ ਲਾਵੇ। ਅਸੀਂ ਬੜੇ ਹੈਰਾਨ, ਕਿ ਏਹਨਾਂ ਦੀ ਕਿੰਨੀ ਵਾਕਫ਼ੀ ਏ!"

ਛੋਟੇ ਬੱਚੇ ਨੇ ਫਿਰ ਸਵਾਲ ਕੀਤਾ, "ਮੇਲੇ ਵਿਚ ਸੰਗਤ ਕਿੰਨੀ ਕੁ ਸੀ?"

ਪੰਡਿਤ ਜੀ ਨੇ ਦੋਵੇਂ ਬਾਹੀਂ ਖਿਲਾਰ ਕੇ ਅਸਮਾਨ ਵਲ ਵੇਖਦੇ ਹੋਏ, "ਜਿਵੇਂ ਹਨੇਰੀ ਰਾਤੇ, ਤਾਰਿਆਂ ਨੂੰ ਕੋਈ ਗਿਣਤੀ ਵਿਚ ਨਹੀਂ ਲਿਆ ਜਾ ਸਕਦਾ, ਉਵੇਂ ਚਿੱਟ-ਚਿਟੇਣ ਹੋਈ ਪਈ ਸੀ। ਇੰਜ ਲੱਗੇ ਜਿਵੇਂ ਸਾਰਾ ਪੰਜਾਬ ਕੂਕਾ ਬਣ ਗਿਆ ਹੋਵੇ। ਜਿਥੋਂ ਤੱਕ ਨਜ਼ਰ ਜਾਂਦੀ, ਜਿਵੇਂ ਸਮੁੰਦਰ ਵਿਚ ਉਬਾਲ ਆ ਗਿਆ ਹੋਵੇ। ਜਦੋਂ ਅਸੀਂ ਗੁਰੂ ਮਹਾਰਾਜ ਨੂੰ ਪਰਨਾਮ ਕਰਨ ਚੱਲੇ ਤਾਂ ਬੜੀਆਂ ਲੰਮੀਆਂ ਲੈਣਾਂ ਲੱਗੀਆਂ ਵੇਖੀਆਂ। ਅਸੀਂ ਸੋਚੀਏ, ਵੇਖੋ ਕਿੰਨੇ ਚਿਰ ਨੂੰ ਵਾਰੀ ਆਏਗੀ।

ਜਥੇਦਾਰ ਜੀ ਨੇ ਸਵਾਲ ਕੀਤਾ, "ਪੰਡਿਤ ਜੀ! ਆਪ ਨੂੰ ਸਤਿਗੁਰੂ ਜੀ ਦੀ ਪਛਾਣ ਕਿਵੇਂ ਹੋਈ?"

ਪੰਡਿਤ ਜੀ ਥੋੜ੍ਹਾ ਖਿੜਦੇ ਹੋਏ, "ਪਛਾਣ ਦੀ ਭਲੀ ਪੁੱਛੀ ਜੇ। ਗੱਲ ਆਖਣ ਵਾਲੀ ਭਾਵੇਂ ਨਹੀਂ, ਪਰ ਆਖਣੀ ਪਏਗੀ। ਵਾਰਸ ਨੇ ਜਿਵੇਂ ਆਖਿਆ ਸੀ-'ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ।' ਪਰ ਗੁਰੂ ਜੀ ਨੂੰ ਤਾਂ ਲੱਖਾਂ ਵਿਚੋਂ ਅਭੋਲ ਬੰਦਾ ਵੀ ਪਛਾਣ ਲੈਂਦਾ ਸੀ। ਅੱਗੋਂ ਸੁਣੋ! ਸੰਗਤਾਂ ਦੇ ਵਿਚਕਾਰ ਦੁਰਾਡੇ ਜਹੇ ਇੰਜ ਲੱਗਿਆ, ਜਿਵੇਂ ਗੁਰੂ ਮਹਾਰਾਜ ਕੁਝ ਉੱਚੇ ਥਾਂ ਤੇ ਬੈਠੇ ਹੋਣ।...... ਪਰ ਨਹੀਂ, ਨੇੜੇ ਗਿਆਂ ਪਤਾ ਲੱਗਾ, ਮਹਾਰਾਜ ਉਂਝ ਹੀ ਸੰਗਤ ਵਿਚੋਂ ਏਨੇ ਲੰਮੇ ਉੱਚੇ ਕਿ ਦੂਰੋਂ ਹੀ ਦਰਸ਼ਨ ਹੋ ਰਹੇ ਸਨ। ਜਦੋਂ ਹੋਰ ਨੇੜੇ ਗਏ ਤਾਂ ਗੁਰੂ ਜੀ ਦੇ ਚੇਹਰੇ ਵਲ ਨਜ਼ਰ ਨਾ ਟਿਕੇ। ਜਿਵੇਂ ਉੱਗਦਾ ਸੂਰਜ ਡਲ੍ਹਕਾਂ ਮਾਰਦਾ ਪਿਆ ਹੋਵੇ। ਬੱਚਿਓ, ਕੀ ਦੱਸਾਂ ਤੇ ਕਿਵੇਂ ਦੱਸਾਂ-'ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪ੍ਰਵਾਨ' ਵਾਲੀ ਗੱਲ ਸੀ। ਮੈਨੂੰ ਲੱਗੇ ਜਿਵੇਂ ਮੇਰੇ ਤੇ ਜਾਦੂਈ ਮਦਹੋਸ਼ੀ ਤਾਰੀ ਹੋ ਰਹੀ ਹੋਵੇ। ਦਿਲ ਡਾਹਢਾ ਕਰਕੇ ਪਰਨਾਮ ਕੀਤੀ। ਸਿਰ ਚੁਕਿਆ ਤੇ ਕੀ ਵੇਖਦਾ ਹਾਂ, ਗੁਰੂ ਜੀ ਵੱਡੇ ਸਿੰਘ ਜੀ ਨੂੰ ਕਹਿ ਰਹੇ ਨੇ-"ਆਓ ਸਰਦਾਰ ਅਤਰ ਸਿੰਘ ਜੀ।" ਮੈਂ ਹੈਰਾਨ ਕਿ ਗੁਰੂ ਜੀ ਨੂੰ, ਸਿੰਘ ਜੀ ਦੇ ਨਾਂ ਦਾ ਕਿਵੇਂ ਪਤਾ ਹੈ। ਫਿਰ ਹੁਕਮ ਹੋਇਆ, — "ਸੂਬਾ ਲੱਖਾ ਸਿੰਘ ਸ੍ਰ. ਜੀ ਨੂੰ ਆਪਣੇ ਕੋਲ ਬਿਠਾ ਲਓ।" ਫਿਰ ਗੁਰੂ ਜੀ ਸ੍ਰ. ਦਿਆਲ ਸਿੰਘ ਜੀ ਨੂੰ ਕਹਿ ਰਹੇ ਸਨ-"ਲੈ ਆਏ ਹੋ ਨਿਆਂਕਾਰ ਜੀ ਨੂੰ।"

ਜਥੇਦਾਰ ਜੀ ਨੇ ਸ਼ੰਕਾ ਜਾਹਰ ਕੀਤੀ ਕਿ, "ਪੰਡਤ ਜੀ ਏਨਾ ਕੁਝ ਵੇਖਣ ਸੁਣਨ ਵਾਸਤੇ ਏਨੀ ਭੀੜ ਵਿਚ ਤੁਸੀਂ ਕਿਥੇ ਖੜੋਤੇ ਰਹਿ ਸਕੇ?"

ਪੰਡਿਤ ਜੀ ਥੋੜ੍ਹਾ ਸੁਚੇਤ ਹੁੰਦੇ ਹੋਏ —"ਤੁਹਾਡੀ ਗੱਲ ਠੀਕ ਹੈ, ਪਰ ਮੈਂ ਛੋਟੇ ਸਰਦਾਰ ਜੀ ਦੇ ਨੇੜੇ ਲੱਗ ਕੇ ਖੜੋਤਾ ਰਿਹਾ। ਪ੍ਰਬੰਧਕਾਂ ਸੋਚਿਆ, ਏਹਨਾਂ ਵਿਚੋਂ ਹੋਏਗਾ, ਸੋ ਮੈਨੂੰ ਕਿਸੇ ਕੁਝ ਨਾ ਕਿਹਾ। ਫਿਰ ਗੁਰੂ ਮਹਾਰਾਜ ਨੇ ਫਰਮਾਇਆ-"ਸੂਬਾ ਲੱਖਾ ਸਿੰਘ ਜੀ, ਸ੍ਰ. ਜੀ ਦੇ ਕੰਨ ਵਿਚ ਗੁਰ-ਮੰਤਰ ਦੇ ਦਿਓ...... ਪਰ ਮਸਤਾਨੇ ਨਹੀਂ ਕਰਨਾ, ਕਿਉਂਕਿ ਏਹਨਾਂ ਤੋਂ ਬੜੇ ਕੰਮ ਲੈਣੇ ਹਨ।"

ਨੰਬਰਦਾਰ ਜੀ ਨੇ ਸਵਾਲ ਉਠਾਇਆ ਕਿ, "ਪੰਡਿਤ ਜੀ, ਵੱਡੇ ਬਾਪੂ ਜੀ ਨੂੰ ਨਾਮ ਦੀ ਦਾਤ ਬਿਨ ਮੰਗੇ ਹੀ ਮਿਲ ਗਈ?"

ਪੰਡਿਤ ਜੀ ਨੇ ਤੱਤ ਫੱਟ ਉਤਰ ਮੋੜਿਆ, "ਨਹੀਂ ਛੋਟੇ ਸਿੰਘ ਜੀ" (ਸਿੰਘ ਜੀ ਦਾ ਲਕਬ, ਵੱਡੇ ਬਾਪੂ ਜੀ ਤੋਂ ਬਾਅਦ ਸੰਤ ਦਿਆਲ ਸਿੰਘ ਜੀ ਅਤੇ ਸ. ਸੰਤ ਸਿੰਘ ਜੀ ਸਮੇਂ ਕੁਝ ਘੱਟ ਬੋਲਿਆ ਜਾਂਦਾ ਸੀ ਜੋ ਹੁਣ ਸ. ਤਰਨ ਸਿੰਘ ਜੀ ਵੇਲੇ ਫਿਰ ਉਵੇਂ ਹੀ ਪ੍ਰਚੱਲਤ ਹੋ ਗਿਆ ਹੈ)। 'ਸਿੰਘ ਜੀ' ਸ਼ਬਦ ਬਾਰੇ ਨੰਬਰਦਾਰ ਜੀ ਦੇ ਬੇਟੇ ਨੇ ਹੌਲੇ ਜਿਹੇ ਜਥੇਦਾਰ ਜੀ ਦੇ ਕੰਨ ਵਿਚ ਪੁੱਛਿਆ ਤਾਂ ਪੰਡਿਤ ਜੀ ਨੇ ਸਮਝਾਇਆ, "ਛੋਟੇ ਸਰਦਾਰ ਜੀ ਨੇ ਪਰਨਾਮ ਕਰਦਿਆਂ ਹੀ ਗੁਰੂ ਜੀ ਅੱਗੇ ਬੇਨਤੀ ਕਰ ਦਿੱਤੀ ਸੀ ਕਿ ਮੇਰੇ ਪਿਤਾ ਜੀ ਨੂੰ ਨਾਮ ਦੀ ਬਖਸ਼ਿਸ਼ ਕੀਤੀ ਜਾਏ। ਤਾਂ ਹੀ ਸੂਬਾ ਜੀ ਨੂੰ ਹੁਕਮ ਕੀਤਾ ਗਿਆ ਸੀ ਗੁਰੂ ਮਹਾਰਾਜ ਵਲੋਂ। ਅਤੇ ਫਿਰ ਜਿਵੇਂ ਬੜੇ ਜਾਣਕਾਰ ਗੱਲਾਂ ਕਰਦੇ ਹਨ ਸਿੰਘ ਜੀ ਨੇ ਅਰਜ ਕੀਤੀ 'ਜੀ ਮੈਨੂੰ ਕੋਈ ਸਿਖਿਆ ਦਿੱਤੀ ਜਾਇ, ਕਿਉਂ ਜੁ ਮੈਂ ਅਣਜਾਣ ਜੱਟ ਹਾਂ' ਤਾਂ ਮਹਾਰਾਜ ਨੇ ਕਿਰਪਾ ਕੀਤੀ ਕਿ ਸੋਭਾ ਤਾਂ ਅੱਗੇ ਸੁਣੀ ਹੋਈ ਹੈ, ਫਿਰ ਵੀ



Namdhari Elibrary NamdhariElibrary@gmail.com

ਨਿਆਂ ਕਰਨ ਲਗਿਆ ਧੜਾ ਨਹੀਂ ਮਾਰਨਾ, ਗਰੀਬ ਮਾਰ ਨਹੀਂ ਕਰਨੀ, ਉਸ ਵੱਡੇ ਨਿਆਂਕਾਰ ਨੂੰ ਹਰ ਵੇਲੇ ਹਾਜ਼ਰ ਨਾਜ਼ਰ ਜਾਣ ਕੇ ਫੈਸਲੇ ਕਰਣੇ। ਅੰਗਰੇਜ਼ ਦੇ ਦਬਾ ਹੇਠ ਨਹੀਂ ਔਣਾ ਅਤੇ ਮਰਿਆਦਾ ਬਾਰੇ ਆਪਣੇ ਬੇਟੇ ਦਿਆਲ ਸਿੰਘ ਤੋਂ ਅਗਵਾਈ ਲੈਣੀ।"

ਵਧਾਵਾ ਸਿੰਘ ਨੇ ਸ਼ੰਕਾ ਜ਼ਾਹਰ ਕੀਤੀ, "ਪੰਡਿਤ ਜੀ ਏਨੀਆਂ ਗੱਲਾਂ ਆਪ ਨੂੰ ਚੇਤੇ ਕਿਵੇਂ ਰਹਿ ਗਈਆਂ ?"

ਥੋੜ੍ਹਾ ਮੁਸਕਰਾ ਕੇ ਰੰਗ ਵਿਚ ਹੋ ਕੇ ਪੰਡਿਤ ਜੀ ਕਹਿਣ ਲੱਗੇ, "ਉਹ ਨਜ਼ਾਰਾ ਈ ਐਸਾ ਸੀ ਜਿਦ੍ਹੇ ਵਰਗਾ ਨਾ ਪਹਿਲਾਂ ਵੇਖਿਆ ਸੀ ਨਾ ਬਾਦ ਵੇਖਿਆ ਹੈ। ਇਸ ਕਰ ਕੇ ਇੰਨ ਬਿੰਨ ਅੱਜ ਵੀ ਅੱਖਾਂ ਸਾਹਮਣੇ ਆ ਰਿਹਾ ਹੈ। ਅੱਗੇ ਹੋਰ ਸੁਣੋ! ਮੈਂ ਥੋੜ੍ਹਾ ਚੇਤੰਨ ਹੋ ਕੇ ਧਿਆਨ ਕੀਤਾ ਕਿ ਵੱਡੇ ਸਿੰਘ ਜੀ ਜੋ ਅਨੇਕਾਂ 'ਚੋਂ ਏਕ ਸਨ, ਗੁਰੂ ਮਹਾਰਾਜ ਦੇ ਕੋਲ ਬੈਠੇ ਹਨ। ਦੋਵੇਂ ਇਕੋ ਜਿੰਨੇ ਜਵਾਨ, ਇਕੋ ਜਿਹੇ ਸੋਹਣੇ, ਪਰ ਸਿੰਘ ਜੀ ਜ਼ਰਾ ਭਾਰੇ, ਗੁਰੂ ਜੀ ਪਤਲੇ ਸਿੱਧੇ। ਦੋਹਾਂ ਦੇ ਅੱਧ ਚਿੱਟੇ ਸੋਹਣੇ ਦਾਹੜੇ। ਸਿੰਘ ਜੀ ਦਾ ਲਾਲ ਗੋਰਾ ਰੰਗ, ਗੁਰੂ ਜੀ ਦਾ ਕਣਕ ਵੰਨਾਂ, ਭਲਕਾਂ ਮਾਰਦਾ ਗੁਲਾਬੀ ਰੰਗ ਪਰ ਗੁਰੂ ਜੀ ਦੀ ਗਰਦਨ ਸਿੰਘ ਜੀ ਤੋਂ ਹੀ ਨਹੀਂ, ਕੁਲ ਦੁਨੀਆ ਤੋਂ ਲੰਮੀ ਝੰਮੀ ਸੀ। ਦਸਤਾਰ ਵਿਚ ਲਿਸ਼ਕਾਂ ਮਾਰਦਾ ਖੰਡਾ ਜਿਵੇਂ ਵਿਸ਼ਨੂੰ ਭਗਵਾਨ ਦੇ ਸੀਸ ਤੇ ਸੁਦਰਸ਼ਨ ਚੱਕਰ ਚਮਕਦਾ ਹੋਵੇ।" (ਕੋਲ ਬੈਠਿਆਂ 'ਚੋਂ ਕੋਈ ਸਵਾਲ ਕਰਨ ਲੱਗਾ, ਤਾਂ ਪੰਡਿਤ ਜੀ ਖੁਦ ਮਸਤੀ ਵਿਚ ਗੜੂੰਦ ਹੋ ਹੱਥ ਦੇ ਇਸ਼ਾਰੇ ਨਾਲ ਰੋਕ ਦਿੱਤਾ) "ਵੇਖਿਆ ਤੇ ਨਹੀਂ, ਪੜ੍ਹਿਆ ਜਾਂ ਸੁਣਿਆ ਹੈ, ਭਗਵਾਨ ਚਤਰਭੁੱਜ ਹੁੰਦਾ ਹੈ। ਏਥੇ ਸਾਖਿਆਤ ਦੋ ਲੰਮੀਆਂ ਭੁਜਾਂ ਵਾਲਾ ਵਿਸ਼ਨੂੰ ਭਗਵਾਨ ਵੇਖਿਆ"।

ਨੰਬਰਦਾਰ ਜੀ ਨੇ ਵੀ ਉਸੇ ਮਸਤੀ ਵਿਚ ਹੋ ਕੇ ਕਿਹਾ, "ਪੰਡਿਤ ਜੀ ਧੰਨ ਜਨਮ ਹੈ ਆਪਦਾ, ਜਿਹਨਾਂ ਸਾਨੂੰ ਵੀ ਉਹ ਸਮਾਂ ਸਾਕਾਰ ਕਰ ਦਿੱਤਾ ਹੈ।

ਪੰਡਿਤ ਜੀ ਉਸੇ ਰੌਂ ਵਿਚ ਅੱਗੇ ਵਖਿਆਨ ਜਾਰੀ ਕਰਦੇ ਹਨ, ਜਿਵੇਂ ਕੋਈ ਅੰਤਰ ਸਮਾਧੀ ਸਥਿਤ ਸੰਤ ਅਗੰਮੀ ਬੋਲੇ ਕਰਦਾ ਹੋਵੇਂ, "ਉਸੇ ਰਾਤ ਸਾਨੂੰ ਹੋਲੇ ਵਾਲੇ ਸਰਦਾਰ ਦੇ ਘਰ ਵਖਰਾ ਡੇਰਾ ਮਿਲ ਗਿਆ। ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਦੀਵਾਨ ਸਥਾਨ ਤੇ ਗਏ। ਸਵੇਰੇ ਕੀਰਤਨ ਦਾ ਸਾਝਰੇ ਹੀ ਭੋਗ ਪੈ ਗਿਆ। ਲੰਗਰ ਛਕਦਿਆਂ ਹੋਲੇ ਦੇ ਜਲੂਸ ਦੀ ਤਿਆਰੀ ਹੋਣ ਲੱਗ ਪਈ। ਗੁਰੂ ਮਹਾਰਾਜ ਹਾਥੀ ਤੇ ਸਵਾਰ ਹੋਏ। ਸੁਨਹਿਰੀ ਤਿੱਲੇ ਨਾਲ ਕਢਾਈ ਕੀਤਾ ਗੁਰਾਂ ਦਾ ਚੋਗਾ ਝਿਲਮਿਲ ਪਿਆ ਕਰਦਾ ਸੀ। ਕੁਝ ਮੁਖੀਏ ਸਿੰਘ ਜਿਹਨਾਂ ਨੂੰ ਸੂਬੇ ਆਖਿਆ ਜਾਂਦਾ ਸੀ, ਘੋੜੀਆਂ ਤੇ ਸਵਾਰ ਹੋ ਕੇ ਪਿੱਛੇ ਪਿੱਛੇ ਤੁਰ ਪਏ ਜਿਨ੍ਹਾਂ ਵਿਚ ਸਾਡੇ ਸਿੰਘ ਜੀ ਵੀ ਸਨ। ਅੱਜ ਸਿੰਘ ਜੀ ਨੂੰ ਅਨੋਖਾ ਈ ਰੂਪ ਚੜ੍ਹਿਆ ਸੀ। ਚਾਦਰੇ ਦੀ ਜਗ੍ਹਾ ਸਿਰਫ ਕਛਹਿਰਾ, ਸਿਰ ਤੇ ਗੋਲ ਦਸਤਾਰਾ, ਮਸਾਂ ਈ ਪਛਾਣ ਵਿਚ ਆਏ। ਹਾਥੀ ਪਿੱਛੇ ਘੋੜੀਆਂ ਪਿੱਛੇ ਸੰਗਤ ਦਾ ਠਾਠਾਂ ਮਾਰਦਾ, ਹਿਲੋਰੇ ਲੈਂਦਾ ਚਿੱਟਾ ਸਮੁੰਦਰ। ਨਚਦੀਆਂ ਘੋੜੀਆਂ ਨੇ ਅਨੋਖਾ ਈ ਰੰਗ ਬੰਨਿਆ ਹੋਇਆ ਸੀ।

ਤਾਂਹੀਓਂ ਇਕ ਪਾਸੇ ਰੌਲਾ ਪੈ ਗਿਆ। ਕਿਸੇ ਘੋੜੀ ਦੀ ਫੇਟ ਨਾਲ ਇਕ ਮੁਸਲਮਾਨ ਬੱਚਾ ਥਾਂ 'ਤੇ ਹੀ ਚਿੱਤ ਹੋ ਗਿਆ। ਸਾਰੇ ਹਾਹਾਕਾਰ ਮਚ ਗਈ। ਹੋਲੇ ਵਾਲੇ ਸਰਦਾਰ ਦਾ ਰੰਗ ਚਿੱਟਾ ਹੋ ਗਿਆ। ਪਤਾ ਨਹੀਂ ਅੰਗਰੇਜ਼ ਕੀ ਕਰ ਦੇਣਗੇ! ਪੁਲਿਸ ਕੁੱਟ-ਕੁੱਟ ਕੇ ਭੀੜ ਨੂੰ ਬੱਚੇ ਤੋਂ ਦੂਰ ਕਰਨ ਲੱਗ ਪਈ। ਗਰੀਬਣੀ ਜਿਹੀ ਬੁੱਢੀ ਮਾਈ, ਬੱਚੇ ਨੂੰ ਗੋਦ ਵਿਚ ਲੈ ਕੇ, ਡੂੰਨ-ਵੱਟਾ ਹੋਈ ਦੇ ਅਥਰੂ ਅੱਖਾਂ ਵਿਚ ਭਰੇ ਪਏ ਸਨ। ਇਕ ਅੰਗਰੇਜ਼ ਅਫ਼ਸਰ ਮਾਈ ਦੇ ਨੇੜੇ ਹੋ ਕੇ ਪੁਚਕਾਰਨ ਲੱਗਾ – "ਮਾਈ। ਟੁਮਾਰਾ ਬੇਟਾ, ਰਾਮ ਸਿੰਘ ਕੂਕਾ ਨੇ ਮਾਰ ਡੀਆ ?"

ਗੋਰੇ ਦੀ ਗੱਲ ਸਮਝ ਕੇ ਮਾਈ ਨੇ ਸਿਰ ਚੁੱਕ ਕੇ, ਉਸ ਗੋਰੇ ਵੱਲ ਇਝ ਵੇਖਿਆ, ਜਿਵੇਂ ਕਹਿ ਰਹੀ ਹੋਵੇ – "ਬਾਂਦਰ ਮੂੰਹਿਆਂ ਕੀ ਬਕਨਾ ਪਿਆਂ ਏਂ ?"

ਨੰਬਰਦਾਰ ਨੇ ਫਿਰ ਖੁਸ਼ੀ ਪ੍ਰਗਟ ਕੀਤੀ, "ਧੰਨ ਓ ਪੰਡਿਤ ਜੀ! ਜਿਨ੍ਹਾਂ ਨੂੰ ਉਹ ਸਮਾਂ ਵੇਖਣਾ ਨਸੀਬ ਹੋਇਆ।"

ਪੰਡਿਤ ਜੀ ਪ੍ਰਸੰਨ ਹੋਂਦੇ ਹੋਏ – "ਬੰਦੂਕਧਾਰੀ ਘੋੜ-ਸਵਾਰ ਪੁਲਸੀਆਂ ਨੇ ਸਾਡੇ ਸਾਰੇ ਘੋੜੀਆਂ ਵਾਲੇ ਘੇਰੇ ਵਿਚ ਲੈ ਲਏ।"

ਪੰਡਿਤ ਜੀ ਨੇ ਕਿਹਾ, "ਬਾਅਦ ਵਿਚ ਸਿੰਘ ਜੀ ਨੇ ਸਾਨੂੰ ਦੱਸਿਆ ਕਿ ਘੋੜ-ਸਵਾਰ ਪੁਲਸ਼ੀਆਂ ਵਿਚ ਇਕ ਮੇਰਾ ਜਾਣੂੰ ਨਿਕਲ ਪਿਆ, ਨੇੜੇ ਹੋ ਕੇ ਮੈਨੂੰ ਕਹਿਣ ਲੱਗਾ – ਜਿਹੜਾ ਕਹਿ ਦਏਗਾ ਕਿ ਰਾਮ ਸਿੰਘ ਕੂਕੇ ਦੀ ਘੋੜੀ ਨਾਲ ਬੱਚਾ ਮਰਿਆ ਹੈ– ਉਸਨੂੰ ਬੜਾ ਇਨਾਮ ਤੇ ਰੁਤਬਾ ਮਿਲੇਗਾ। ਮੈਂ ਆਖਿਆ– ਭੌਂਦੂਆ! ਔਹ ਵੇਖ, ਸਤਿਗੁਰੂ ਜੀ ਤਾਂ ਹਾਥੀ ਤੇ ਸਵਾਰ, ਏਧਰ ਹੀ ਆ ਰਹੇ...... ਤੂੰ ਆਪਣੀ ਇਹ ਬਕਵਾਸ ਕਰਕੇ, ਇਨਾਮ ਕਿਉਂ ਨਹੀਂ ਹਾਸਲ ਕਰ ਲੈਂਦਾ ?"

ਵਧਾਵਾ ਸਿੰਘ ਤੇ ਜਥੇਦਾਰ ਜੀ ਦੋਵੇਂ ਇਕੱਠੇ ਹੀ– "ਵਾਹਵਾ ਵਾਹਵਾ, ਪੰਡਿਤ ਜੀ!" ਤਾਂ ਪੰਡਿਤ ਜੀ ਸਾਖੀ ਅੱਗੇ ਤੋਰਦੇ ਹਨ–

"ਅਗਲੀ ਗੱਲ ਬੱਚਿਓ ਧਿਆਨ ਲਾ ਕੇ ਸੁਣੋ – ਸਤਿਗੁਰੂ ਜੀ ਮਾਂ-ਪੁੱਤ ਦੇ ਕੋਲ ਆ ਕੇ ਹਾਥੀ ਤੋਂ ਉਤਰੇ। ਇਕਦਮ ਬੱਚੇ ਨੂੰ ਮਾਂ ਦੀ ਗੋਦ ਵਿਚੋਂ, ਬਾਹੋਂ ਫੜ ਕੇ ਹੁਕਮ ਕੀਤਾ : ਉੱਠ ਬੇਟੇ, ਮਾਂ ਨੂੰ ਧੀਰਜ ਦੇਹ!...... ਤੇ ਬੱਚਾ, ਜਿਵੇਂ ਨੀਂਦਰੋਂ ਜਾਗਿਆ



Namdhari Elibrary NamdhariElibrary@gmail.com

ਹੋਵੇ, ਆਕੜ ਭੰਨ ਕੇ, ਦੋਵੇਂ ਬਾਹੀਂ ਮਾਂ ਦੇ ਗਲ਼ ਪਾ ਲਈਆਂ। ਮਾਈ ਪਹਿਲਾਂ-ਪਹਿਲਾਂ ਤਾਂ ਭੌਰ-ਭੌਰ ਹੋਈ ਵੇਖਦੀ ਰਹਿ ਗਈ। ਜਦੋਂ ਕੁਝ ਸੁਰਤ ਪਰਤੀ, ਬੱਚੇ ਨੂੰ ਭੁੱਲ ਕੇ, ਪਹਿਲਾਂ ਮਹਾਰਾਜ ਦੇ ਪੈਰਾਂ ਨਾਲ ਚਿਮਟ ਕੇ, ਯਾ ਅੱਲ੍ਹਾ! ਯਾ ਖ਼ੁਦਾ! ਕਰਦੀ ਰਹੀ। ਫਿਰ ਉੱਠ ਕੇ ਹੋਕਾ ਦੇਣ ਲੱਗ ਪਈ — "ਓ ਭੁੱਲਿਓ ਲੋਕੋ! ਵੇਖੋ! ਆਹ ਖ਼ੁਦ ਖ਼ੁਦਾ ਤੁਹਾਡੇ ਸਾਹਮਣੇ ਖੜੋਤਾ ਜੇ! ਐਵੇਂ ਆਲੇ-ਦੁਆਲੇ ਨਾ ਟੱਕਰਾਂ ਮਾਰਦੇ ਫਿਰੋ! ਏਹ ਵੇਲਾ ਫਿਰ ਹੱਥੋਂ ਨਹੀਂ ਜੇ ਆਉਣਾ। ਆਓ, ਆਪਣੀ ਆਕਬਤ ਸਵਾਰ ਲਓ!!

ਜਿਹੜੇ ਅਫਸਰ ਮਾਂ ਨੂੰ ਕਹਿ ਰਹੇ ਸਨ— "ਮਹਾਰਾਜ ਦੀ ਘੋੜੀ ਨਾਲ ਮਾਰਿਆ ਕਹਿ ਦੇ" ਉਹਨਾਂ ਦੇ ਮੂੰਹ ਹੁਣ ਇਸ ਤਰ੍ਹਾਂ ਲਟਕ ਗਏ ਸਨ, ਜਿਵੇਂ ਉਹਨਾਂ ਦੇ ਆਪਣੇ ਬੱਚੇ ਮਰ ਗਏ ਹੋਣ।

ਮੇਲੇ ਵਾਲਾ ਸਰਦਾਰ, ਆਪਣੀ ਚਿੱਟੀ ਦਸਤਾਰ ਸਿਰੋਂ ਲਾਹ ਕੇ, ਹੱਥ ਵਿਚ ਫੜੀ, ਕਮਲਾ ਹੋਇਆ, "ਧੰਨ ਸਤਿਗੁਰੂ ਰਾਮ ਸਿੰਘ..... ਧੰਨ ਸਤਿਗੁਰੂ ਰਾਮ ਸਿੰਘ" ਕਰਦਾ ਫਿਰੇ।

ਸਾਰੀ ਸੰਗਤ ਨੇ ਜੈਕਾਰਿਆਂ ਦੀ ਗੂੰਜ ਨਾਲ ਜਾਪੇ, ਜਿਵੇਂ ਅਸਮਾਨ ਵੀ ਗੂੰਜ ਰਿਹਾ ਹੋਵੇ।

ਅੰਗਰੇਜ਼, ਪੁਲਿਸ, ਬੰਦੂਕਧਾਰੀ ਘੋੜ-ਸਵਾਰ..... ਪਤਾ ਨਹੀਂ ਕਿਧਰ ਨੂੰ ਛੂ-ਮੰਤਰ ਹੋ ਗਏ। ਗੁਰੂ ਮਹਾਰਾਜ ਦੀ ਜੈ ਜੈਕਾਰ ਦਾ ਉਹ ਸਮਾਂ ਜਦੋਂ ਮੇਰੇ ਚੇਤੇ ਆ ਜਾਂਦਾ ਹੈ ਤਾਂ ਮੇਰਾ ਤਨ-ਮਨ ਸਵਾਦ-ਸਵਾਦ ਹੋ ਜਾਂਦਾ ਹੈ।"

ਪੰਡਿਤ ਜੀ ਹੋਕਾ ਭਰਦੇ ਹੋਏ, "ਏਹ ਭਾਰਤੀ ਅਤੇ ਬਦੇਸ਼ੀ ਕੁੱਤਿਆਂ ਬਿੱਲਿਆਂ ਨੇ ਰਲ ਕੇ...... ਗੁਰੂ ਮਹਾਰਾਜ ਨੂੰ......ਪਤਾ ਨਹੀਂ ਕਿਥੇ ਲਿਜਾ ਕੇ ਗੁੰਮ ਕਰ ਦਿੱਤਾ ਹੈ....... ਅੱਜ ਤੱਕ ਕੋਈ ਉੱਘ-ਸੁੱਘ ਨਹੀਂ ਨਿਕਲੀ।

ਪਰ ਇਕ ਗੱਲ ਦੀ ਮੈਨੂੰ ਅੱਜ, ਹੁਣ ਤੀਕ ਵੀ ਸਮਝ ਨਹੀਂ ਆਈ ਕਿ ਏਨੇ ਕਰਾਮਾਤੀ ਮਹਾਂਪੁਰਖ ਹੁੰਦਿਆਂ — ਉਦੋਂ ਈ ਬਿੱਲਿਆਂ ਦਾ ਬੇੜਾ ਕਿਉਂ ਨਾ ਮੰਝਦਾਰ ਡੋਬਿਆ ?"

## ਮਾਨਾ ਵਾਲੇ ਦਾ ਹੋਲਾ

*—ਹਰਨਾਮ ਸਿੰਘ ਬਗਲੀ*

ਮਾਨਾਂ ਵਾਲੇ ਦੇ ਹੋਲੇ ਦਾ ਹਾਲ ਥੋੜਾ ਏਹ ਵੀ ਸੁਣੋ ਲਾਕੇ ਜਰਾ ਧਿਆਨ ਵੀਰੋ
ਕੱਠ ਬਹੁਤ ਭਾਰੀ ਹੋਇਆ ਓਸ ਥਾਂ ਤੇ ਭੀੜ ਦੇ ਮਚੇ ਘਮਸਾਨ ਵੀਰੋ
ਘੋੜਿਆਂ ਉਤੇ ਥੇ ਸਿੰਘ ਸਰਦਾਰ ਸਾਥੀ ਹਾਥੀ ਉਤੇ ਸਤਿਗੁਰ ਕਲਾਵਾਨ ਵੀਰੋ
ਖਲਕਤ ਹੋਰ ਭਾਰੀ ਪੈਦਲ ਤਰਫ ਚਾਰੋਂ ਸਜੀ ਬਹੁਤ ਜਲੂਸ ਦੀ ਸ਼ਾਨ ਵੀਰੋ
ਗਿਆਨੀ ਸਿੰਘ ਦੇ ਘੋੜੇ ਦੀ ਵੱਟ ਖਾਕੇ ਲੜਕਾ ਮਰ ਗਿਆ ਇਕ ਨਾਦਾਨ ਵੀਰੋ
ਰੰਗ ਵਿਚ ਹੀ ਆਣਕੇ ਭੰਗ ਪੈ ਗਯਾ ਭਾਨਾ ਵਰਤਿਆ ਆਨ ਭਗਵਾਨ ਵੀਰੋ
ਸੁੰਬ ਖਾਇਕੇ ਘੋੜੇ ਦਾ ਵਿਚ ਛਾਤੀ ਲੜਕਾ ਛਡ ਗਿਆ ਤੁਰਤ ਪ੍ਰਾਨ ਵੀਰੋ
ਮਾਈ ਬਾਪ ਉਸ ਬਚੇ ਦੇ ਆਣ ਓਥੇ ਲਗੇ ਮਛੀਆਂ ਵਾਂਗ ਤੜਫਾਨ ਵੀਰੋ
ਤੁਹਮਤ ਥੱਪ ਕੇ ਬੱਚੇ ਦੀ ਸਤਿਗੁਰਾਂ ਤੇ ਨਿੰਦਕ ਲੋਕ ਲਗੇ ਜੱਲੀ ਪਾਨ ਵੀਰੋ
ਕਿਸੇ ਦਸਿਆ ਜਾਇਕੇ ਸਤਿਗੁਰਾਂ ਨੂੰ ਮੁੰਡੇ ਮਰੇ ਦਾ ਕੁਲ ਬਿਆਨ ਵੀਰੋ
ਸਤਿਗੁਰ ਛੇੜ ਹਾਥੀ ਪਹੁੰਚੇ ਤੁਰਤ ਓਥੇ ਮੁੰਡਾ ਪਿਆ ਸੀ ਜਹਾਂ ਬੇਜਾਨ ਵੀਰੋ
ਉਠ ਬੱਚਿਆ ਸਤਿਗੁਰਾਂ ਹੁਕਮ ਕੀਤਾ ਚਰਨ ਮੁੰਡੇ ਨੂੰ ਗੁਰੂ ਛੁਹਾਨ ਵੀਰੋ
ਮੁੰਡਾ ਉਠਕੇ ਭੱਜਿਆ ਮਾਉਂ ਵੰਨੀ ਖੜਾ ਦੇਖਦਾ ਕੁਲ ਜਹਾਨ ਵੀਰੋ
ਮੋਇਆ ਹੋਇਆ ਜੀਵਾਲਿਆਂ ਸਤਿਗੁਰਾਂ ਨੇ ਹੱਕੋਂ ਬਹੁਤ ਭਾਰੀ ਮੇਹਰਵਾਨ ਵੀਰੋ
ਪੁਸਤਕ ਵਧਨ ਕਰਕੇ ਸਾਰਾ ਨਹੀਂ ਲਿਖਦਾ ਹੈ ਏਹ ਬਹੁਤ ਵੱਡਾ ਦਾਸਤਾਨ ਵੀਰੋ
ਸਾਰਾ ਲਿਖੂੰਗਾ ਫੇਰ ਹਰਨਾਮ ਸਿੰਘ-ਹਾਲੇ ਥੋੜਾ ਹੀ ਕਰੋ ਪ੍ਰਵਾਨ ਵੀਰੋ।



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006

Mobile Phone : *S. Charanjit Singh 9810556398*
*S. Satvinder Singh 9811095210*





Namdhari Elibrary NamdhariElibrary@gmail.com

# ਇਤਿਹਾਸਕਾਰ ਸ. ਨਾਹਰ ਸਿੰਘ ਨਾਲ ਅਭੁੱਲ ਸਫਰ

*—ਮਾਸਟਰ ਅਮਰੀਕ ਸਿੰਘ*



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਮੈਂ ਇਕ ਵੇਰਾਂ ਸ. ਨਾਹਰ ਸਿੰਘ ਹਿਸੋਟਰੀਅਨ ਨਾਲ ਸ਼ਿਮਲੇ ਗਿਆ ਸਾਂ। ਉਥੇ ਸੈਂਟ੍ਰਲ ਲਾਇਬਰੇਰੀ ਵਿਚ ਕੋਈ ਰੀਕਾਰਡ ਦੇਖਣਾ ਸੀ। ਰਾਤ ਅਸੀਂ ਸ. ਅਵਤਾਰ ਸਿੰਘ ਜੀ ਰੀਟਾਇਰਡ ਐਸ.ਡੀ.ਓ ਸਾਹਿਬ ਦੇ ਘਰ ਠਹਿਰੇ। ਨਿੰਮ੍ਰਤਾ ਦੇ ਸਰੂਪ ਸਨ ਇਹ ਸੱਜਣ। ਰਾਤੀਂ ਖ਼ੂਬ ਪ੍ਰੇਮ ਨਾਲ ਸਾਡੀ ਸੇਵਾ ਕੀਤੀ ਸਾਰੇ ਜੀਆਂ ਨੇ। ਕਿੰਨੇ ਪਿਆਰੇ ਸਨ ਇਹ ਪ੍ਰਵਾਰ ਦੇ ਜੀ।

ਸਵੇਰੇ ਕਰੀਬ ਬਾਰਾਂ ਵਜੇ ਅਸੀਂ ਸਾਰੇ ਲਾਇਬਰੇਰੀ ਪੁੱਜੇ, ਲਾਇਬਰੇਰੀਅਨ ਨੇ ਸਾਡੀ ਪੋਸ਼ਾਕ ਵੇਖ ਕੇ ਉਰਦੂ ਦੀ ਲਿਖੀ ਪੁਸਤਕ ਖੋਜ ਕੇ ਮੇਜ਼ ਤੇ ਰੱਖੀ ਹੋਈ ਸੀ। ਇਹ ਪੁਸਤਕ ਲੁਧਿਆਣੇ ਦੇ ਇਕ ਮੁਸਲਮਾਨ ਲਿਖਾਰੀ ਮੀਆਂ ਮੁਹੰਮਦ ਲਤੀਫ ਦੀ ਲਿਖੀ ਹੋਈ ਸੀ। ਇਸ ਦਾ ਨਾਮ ਸੀ, "ਤਾਰੀਖੇ ਪੰਜਾਬ"। ਲਾਇਬਰੇਰੀਅਨ ਨੇ ਓਹੀ ਪੇਜ ਖੋਲ੍ਹ ਕੇ ਰੱਖੇ ਹੋਏ ਸਨ ਜਿੰਨ੍ਹਾਂ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਹੀ ਲਿਖਿਆ ਹੋਇਆ ਸੀ। ਉਸ ਨੇ ਇਸ਼ਾਰਾ ਕੀਤਾ ਉਹ ਪੜ੍ਹਨ ਵਾਸਤੇ ਪਰ ਸਾਡੇ ਵਿਚੋਂ ਮੇਰੇ ਤੋਂ ਬਗ਼ੈਰ ਕੋਈ ਵੀ ਉਰਦੂ ਪੜਣਾ ਨਹੀਂ ਸੀ ਜਾਣਦਾ। ਮੈਨੂੰ ਇਸ਼ਾਰਾ ਹੋਇਆ ਕਿ "ਪੜ੍ਹੋ ਕੀ ਲਿਖਿਆ ਹੈ"?

ਮੈਂ ਪੁਸਤਕ ਦੇ ਖੱਬੇ ਪਾਸਿਓਂ ਉਸ ਸਫ਼ੇ ਨੂੰ ਪੜਣਾ ਸ਼ੁਰੂ ਕੀਤਾ, ਜੋ ਕੁਝ ਲਿਖਿਆ ਸੀ ਉਸ ਦਾ ਸਾਰ ਕੁਝ ਇਸ ਤਰ੍ਹਾਂ ਸੀ-

"ਸਿੱਖ ਰਾਜ ਦੇ ਖ਼ਤਮ ਹੋਣ ਤੋਂ ਬਾਅਦ ਲੁਧਿਆਣੇ ਦੇ ਪਿੰਡ ਭੈਣੀ ਵਿਚੋਂ ਇਕ ਐਸੀ ਆਵਾਜ਼ ਬੁਲੰਦ ਹੋਈ ਜਿਸ ਨੇ ਪੰਜਾਬ ਦੀ ਇਕ ਤਰ੍ਹਾਂ ਕਾਇਆ ਕਲਪ ਕਰ ਕੇ ਰੱਖ ਦਿੱਤੀ, ਇਹ ਆਵਾਜ਼ ਸੀ ਭਾਈ (ਸਤਿਗੁਰੂ) ਰਾਮ ਸਿੰਘ ਦੀ। ਇਕ ਆਮ ਲੋਕਾਂ ਵਿਚੋਂ ਉਠ ਕੇ ਪੰਜਾਬ ਦੇ ਲੋਕਾਂ ਵਿਚ ਐਸੀ ਜਾਗ੍ਰਿਤੀ ਲਿਆਂਦੀ ਕਿ ਇਕ ਵੇਰਾਂ ਸਾਰਾ ਪੰਜਾਬ ਉਸ ਦੇ ਝੰਡੇ ਥੱਲੇ ਆ ਗਿਆ। ਲੱਗਦਾ ਸੀ ਕਿ ਹਿੰਦੂ ਕੀ ਮੁਸਲਮਾਨ ਕੀ ਸਿੱਖ ਸਭ ਚਿੱਟੇ ਬਸਤਰ ਪਾ ਕੇ ਕੂਕਾ ਬਣ ਗਏ ਸੀ।"

ਇਤਨਾਂ ਕੁ ਪੜ੍ਹ ਕੇ ਮੇਰੀ ਉਤਸੁਕਤਾ ਹੋਰ ਵੱਧੀ ਅਗੋਂ ਪੜ੍ਹਣ ਦੀ, ਮੇਰੇ ਸਾਥੀ ਮੈਨੂੰ ਬੁਲਾ ਰਹੇ ਸਨ ਪਰ ਮੈਂ ਉਹਨਾਂ ਨੂੰ ਆਖਿਆ ਕਿ "ਆਪ ਸਾਰੇ ਆਪਣਾ ਕੰਮ ਨਬੇੜ ਕੇ ਏਥੇ ਹੀ ਆ ਜਾਇਓ ਮੈਂ ਤਾਂ ਤੁਹਾਨੂੰ ਏਥੇ ਹੀ ਖੜਾ ਮਿਲਾਂਗਾ।'

ਅਗਲੇ ਸਫ਼ੇ ਦੇ ਸ਼ੁਰੂ ਵਿਚ ਹੀ ਲਿਖਿਆ ਸੀ "ਭਾਈ (ਸਤਿਗੁਰੂ) ਰਾਮ ਸਿੰਘ ਦੇ ਵਕਤ ਜਿੰਨੀ ਖ਼ਲਕਤ ਉਸਦੇ ਮਗਰ ਰਹੀ ਉਨੀ ਸ਼ਾਇਦ ਕਿਸੇ ਵੀ ਗੁਰੂ ਦੇ ਸਮੇਂ ਨਾ ਲੱਗੀ ਹੋਵੇ। ਪੰਜਾਬ ਵਿਚ ਜਿਵੇਂ ਇਕ ਚਿੱਟਾ ਇਨਕਲਾਬ ਆ ਗਿਆ ਹੋਵੇ"।

ਮੈਂ ਗਦ-ਗਦ ਹੋ ਰਿਹਾ ਸਾਂ ਅਤੇ ਆਪਣੇ ਸਤਿਗੁਰੂ ਦੀ ਵਡਿਆਈ ਇਕ ਮੁਸਲਮਾਨ ਸੱਜਣ ਦੇ ਹੱਥੋਂ ਲਿਖੀ ਪੜ੍ਹ ਕੇ। ਮੈਂ ਨਤਮਸਤਕ ਹੋਇਆ ਸਤਿਗੁਰੂ ਰਾਮ ਸਿੰਘ ਜੀ ਨੂੰ ਅਤੇ ਉਸ ਮੁਹਤਰਿਮ ਲੇਖਕ ਮੁਹੰਮਦ ਲਤੀਫ ਨੂੰ।

ਉਸ ਸਫ਼ੇ ਤੇ ਉਂਗਲੀ ਰੱਖ ਕੇ ਮੈਂ ਪੁਸਤਕ ਦਾ ਸਰਵਰਕ ਵੇਖਣ ਲੱਗਾ ਤਾਂ ਲਾਇਬਰੇਰੀਅਨ ਦੀ ਆਵਾਜ਼ ਆਈ, "ਤੁਸੀਂ ਨਹੀਂ ਮੈਂ ਦਿਖਾਂਦਾ ਹਾਂ ਪੁਸਤਕ ਬਹੁਤ ਵਡੇਰੀ ਹੋ ਚੁੱਕੀ ਹੈ ਬਹੁਤ ਧਿਆਨ ਨਾਲ ਇਹਦੇ ਸਫੇ ਉਲਟਣੇ ਪੈਂਦੇ ਹਨ।"

ਉਸ ਨੇ ਪੁਸਤਕ ਦਾ ਸਰਵਰਕ ਵਾਲਾ ਪੇਜ ਕੱਢ ਦਿੱਤਾ। ਅਡੋਲ ਸਫ਼ੇ ਉਲਟ ਕੇ, 'ਸਰਵਰਕ ਤੇ ਲਿਖਿਆ ਸੀ, "ਤਾਰੀਖੇ ਪੰਜਾਬ" ਮੁਸੱਨਫ ਮੁਹੰਮਦ ਲਤੀਫ" ਨਾਲ ਹੋਰ ਕੁਝ ਵੀ ਨਹੀਂ ਸੀ ਲਿਖਿਆ ਲੇਖਕ ਬਾਰੇ। ਪੱਥਰ ਦੇ ਛਾਪੇ ਨਾਲ ਛਪੀ ਜਾਪਦੀ ਸੀ। ਲਾਹੌਰ ਹੀ ਛਪੀਂ ਸੀ ਸ਼ਾਇਦ ਮੈਂ ਹੈਰਾਨ ਹੋਇਆ ਲੇਖਕ ਦਾ ਕੋਈ ਅਤਾ ਪਤਾ ਨਹੀਂ ਸੀ ਲਿਖਿਆ। ਲਾਲ ਸਿਆਹੀ ਨਾਲ ਉਹ ਨੋਟ ਲਿਖਿਆ ਸੀ ਕਿ ਇਹ ਪੁਸਤਕ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਈ ਸੀ। ਖ਼ੈਰ! ਮੈਂ ਉਸ ਸੱਜਣ ਨੂੰ ਅਰਜ਼ ਕੀਤੀ, "ਮੈਨੂੰ ਫੇਰ ਉਹੀ ਸਫ਼ਾ ਜ਼ਰਾ ਕਢ ਦਿਓ" ਬੜੇ ਠਰੰਮੇ ਨਾਲ ਉਹ ਪੇਜ ਫੇਰ ਆ ਗਿਆ ਸਫ਼ੇ ਦਾ ਨੰਬਰ ਮੈਨੂੰ ਬਿਲਕੁਲ ਯਾਦ ਨਹੀਂ ਰਿਹਾ। ਲਿਖਿਆ ਸੀ, "ਭਾਈ ਰਾਮ ਸਿੰਘ ਕੋਲ ਪਤਾ ਨਹੀਂ ਕੀ ਜਾਦੂ ਸੀ ਕਿ ਉਹਦੇ ਕੋਲ ਆਇਆ ਕੋਈ ਵੀ ਬੰਦਾ ਉਹਦਾ ਅਸਰ ਕਬੂਲਣੋਂ ਨਹੀਂ ਸੀ ਰਹਿ ਸਕਦਾ। ਉਹਦੇ ਚਿਹਰੇ ਦਾ ਨੂਰ ਐਸਾ ਸੀ ਕਿ ਹਰ ਸ਼ਖਸ ਉਹਦੇ ਕੋਲ ਆ ਕੇ ਮੁਨੱਵਰ ਹੋ ਜਾਂਦਾ ਸੀ", ਹਿੰਦੂ, ਮੁਸਲਮ, ਸਿੱਖ ਆਪਣੇ-ਆਪਣੇ ਧਰਮਾਂ ਵਿਚ ਰਹਿ ਕੇ ਕੂਕੇ ਜਾਂ ਨਾਮਧਾਰੀ ਬਣ ਸਕਦੇ ਸਨ"।



Namdhari Elibrary NamdhariElibrary@gmail.com

ਉਸ ਨੇ ਲੋਕਾਂ ਦੀ ਸਿਰਫ ਸਿਆਸੀ ਸੂਝ-ਬੂਝ ਹੀ ਨਹੀਂ ਸੀ ਉਜਾਗਰ ਕੀਤੀ ਸਗੋਂ ਉਹਨਾਂ ਦਾ ਸਮਾਜਕ ਜੀਵਨ ਅਤੇ ਰਹਿਣ-ਸਹਿਣ ਦਾ ਢੰਗ ਹੀ ਬਦਲ ਦਿੱਤਾ ਸੀ, ਹਰ ਸ਼ਖਸ ਇਕ ਨਿਯਮ ਬੱਧ ਤੇ ਸਾਫ਼ ਸੁਥਰਾ ਜੀਵਨ ਬਿਤਾਣ ਦਾ ਢੰਗ ਸਿੱਖ ਰਿਹਾ ਸੀ, ਅੰਗਰੇਜ਼ਾਂ ਨਾਲ ਨਫਰਤ ਜਨੂਨ ਦੀ ਹੱਦ ਤੱਕ ਸੀ। ਸਰਕਾਰੀ ਸਕੂਲ ਵਿਚ ਬੱਚੇ ਪੜ੍ਹਾਣੇ, ਬਦੇਸ਼ੀ ਕਪੜੇ ਨਹੀਂ ਪਹਿਨਣੇ, ਉਹਨਾਂ ਦੀ ਨਹਿਰ ਦਾ ਪਾਣੀ ਤੱਕ ਨਹੀਂ ਇਸਤੇਮਾਲ ਕਰਨਾ। ਚਿੱਠੀਆਂ ਸਰਕਾਰੀ ਡਾਕ ਵਿਚ ਨਹੀਂ ਪਾਣੀਆਂ ਏਥੋਂ ਤੱਕ ਕਿ ਅੰਗਰੇਜ਼ੀ ਸਰਕਾਰ ਦੀ ਬਣਾਈ ਸੜਕ ਤੇ ਵੀ ਨਹੀਂ ਚੱਲਣਾ ਰੇਲ ਤੇ ਸਫਰ ਕਰਨਾ ਤਾਂ ਇਕ ਪਾਸੇ ਰਿਹਾ। ਸਵੇਰੇ ਉੱਠ ਕੇ ਇਸ਼ਨਾਨ ਕਰਨਾ, ਖੁਦਾ ਦਾ ਨਾਮ ਸੁਆਸ ਸੁਆਸ ਲੈਣਾ, ਆਪਣੇ ਹੱਥੀਂ ਪਕਾ ਕੇ ਖਾਣਾ ਖਾਣਾ। ਦੇਸੀ ਖੱਦਰ ਦੇ ਕਪੜੇ ਪਹਿਨਣੇ।

ਮੈਂ ਹਾਲੇ ਇਹ ਕੁਝ ਪੜ੍ਹ ਹੀ ਰਿਹਾ ਸਾਂ ਕਿ ਮੇਰੇ ਸਾਥੀ ਅੱਗੋਂ ਆਪਣਾ ਕੰਮ ਨੇਪਰੇ ਚਾੜ੍ਹ ਕੇ ਆ ਗਏ, ਕਹਿਣ ਲੱਗੇ, "ਛੱਡ ਯਾਰ! ਤੂੰ ਉਰਦੂ ਦੀ ਪੁਸਤਕ ਵਿਚ ਹੀ ਅਜੇ ਤੱਕ ਗੜੂੰਦ ਹੋਇਆ ਪਿਆ ਹੈਂ।"

ਮੇਰੀ ਜਿਵੇਂ ਜਾਗ ਖੁਲ ਗਈ। ਉਭੜ ਵਾਹੇ ਮੈਂ ਉਤਰ ਦਿੱਤਾ, "ਮੈਨੂੰ ਤਾਂ ਇਹ ਪੁਸਤਕ ਕੁਰਾਨ ਸ਼ਰੀਫ਼ ਨਾਲੋਂ ਪਵਿਤਰ ਲੱਗ ਰਹੀ ਏ ਸੰਤ ਜੀ। ਜਿਸ ਵਿਚ ਮੀਆ ਮੁਹੰਮਦ ਲਤੀਫ਼ ਨੇ ਮੇਰੇ ਸਤਿਗੁਰੂ ਦੀ ਐਸੀ ਵਡਿਆਈ ਕੀਤੀ ਏ ਜੋ ਅਸੀਂ ਨਾਮਧਾਰੀ ਵੀ ਨਹੀਂ ਕਰ ਸਕਦੇ। ਕਾਸ਼ ਮੈਂ ਏਥੇ ਰਹਿ ਕੇ ਇਹਦੀ ਨਕਲ ਆਪਣੇ ਨਾਲ ਲੈਜਾ ਸਕਦਾ। ਮੈਂ ਆਪਣੇ ਪੂਜਯ ਪਿਤਾ ਜੀ (ਸੰਤ ਕਰਤਾਰ ਸਿੰਗ ਲਾਏਪੁਰੀਏ) ਦਾ ਅੰਤਰ ਹਿਰਦਿਓਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਮੈਨੂੰ ਸਾਰੇ ਲੋਕਾਂ ਦੇ ਰੋਕਦਿਆਂ ਉਰਦੂ ਪੜ੍ਹਾ ਦਿੱਤਾ ਸੀ, ਕਿਉਂਕਿ ਉਦੋਂ ਨਾਮਧਾਰੀ ਆਪਣੇ ਬਚਿਆਂ ਨੂੰ ਸਰਕਾਰੀ ਸਕੂਲਾਂ ਵਿਚੋਂ ਪੜ੍ਹਾਣਾ ਇਕ ਗੁਨਾਹ ਵਰਗਾ ਸਮਝਦੇ ਸਨ।

ਮੈਨੂੰ ਯਾਦ ਆਇਆ ਇਕ ਵੇਰਾਂ ਮੈਂ ਸਕੂਲੋਂ ਆ ਰਿਹਾ ਸਾਂ। ਰਸਤੇ ਵਿਚ ਨਾਮਧਾਰੀਆਂ ਦਾ ਇਕ ਜੱਥਾ ਮਿਲ ਗਿਆ। ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਮੈਂ ਸਰਕਾਰੀ ਸਕੂਲ ਪੜ੍ਹਦਾ ਹਾਂ ਤਾਂ ਉਹ ਮੇਰੇ ਨਾਲ ਹੀ ਸਾਡੇ ਘਰ ਆ ਗਏ। ਜਲਪਾਣੀ ਤੋਂ ਬਾਅਦ ਸੰਤ ਅਰੂੜ ਸਿੰਘ ਜੀ ਜੋ ਗੁਜਰਾਂਵਾਲੇ ਜਿਲੇ ਦੇ ਸੂਬੇ ਸਨ ਤੇ ਜਥੇ ਦੇ ਨਾਲ ਪਿੰਡਾਂ ਵਿਚ ਪਰਚਾਰ ਹਿਤ ਤੁਰੇ ਹੀ ਰਹਿੰਦੇ ਸਨ। ਇਹਨਾਂ ਦੇ ਜੀਵਨ ਬਾਰੇ ਬਹੁਤ ਕੁਝ ਲਿਖਣ ਜੋਗਾ ਹੈ ਪਰ ਇਹ ਫੇਰ ਕਦੇ ਲਿਖਾਂਗਾ।

ਸੂਬਾ ਜੀ ਨੇ ਮੇਰੇ ਪਿਤਾ ਜੀ ਨੂੰ ਉਲ੍ਹਾਮਾ ਦਿੱਤਾ, "ਬਈ ਕਰਤਾਰ ਸਿੰਘ ਜੀ ਜੇ ਤੁਸੀਂ ਹੀ ਬੱਚਿਆਂ ਨੂੰ ਅੰਗਰੇਜ਼ ਦੇ ਸਕੂਲ ਵਿਚ ਪੜ੍ਹਾਣ ਲੱਗ ਪਏ ਤਾਂ ਅਸੀਂ ਹੋਰ ਕਿਸੇ ਨੂੰ ਕੀ ਆਖਾਂਗੇ। ਤੁਸੀਂ ਸੰਤ ਤਰਨ ਸਿੰਘ ਵਹਿਮੀ ਦੇ ਸਾਕ ਸਬੰਧੀ ਹੋ। ਤੁਹਾਡਾ ਬੱਚਾ ਅੰਗਰੇਜ਼ੀ ਸਕੂਲ ਵਿਚ ਪੜ੍ਹ ਕੇ ਸਿੱਖ ਕਿਵੇਂ ਰਹਿ ਸਕੇਗਾ। ਨਾਲੇ ਉਹ ਅੰਗਰੇਜ਼ ਜੋ ਸਾਡੇ ਪਿਆਰੇ ਪ੍ਰੀਤਮ ਨੂੰ ਸਮੁੰਦਰੋਂ ਪਾਰ ਲੈ ਗਿਆ ਏ ਉਹਦੇ ਸਕੂਲ ਵਿਚ ਅਸੀਂ ਬੱਚਿਆਂ ਨੂੰ ਪੜ੍ਹਾਈਏ ਇਹ ਚੰਗੀ ਗੱਲ ਨਹੀਂ।"

ਮੇਰੇ ਪਿਤਾ ਜੀ ਅਜੇ ਕੁਝ ਆਖਣ ਹੀ ਲੱਗੇ ਸਨ ਕਿ ਕੋਨੇ ਬੈਠੇ ਸੰਤ ਨਿਹਾਲ ਸਿੰਘ ਜੀ ਘਰਜਾਖ ਵਾਲੇ ਬੋਲ ਪਏ, "ਸੂਬਾ ਜੀ ਏਸ ਕਾਕੇ ਨੂੰ ਪੜ੍ਹ ਲੈਣ ਦਿਓ ਖੌਰੇ ਕਿਤੇ ਕੰਮ ਆਵੇਗਾ"। ਤੇ ਆਪਣੇ ਸੁਭਾ ਅਨੁਸਾਰ ਗੱਲ ਹਾਸੇ ਵਿਚ ਪਾ ਦਿੱਤੀ, ਖੈਰ ਕਿਸੇ ਤਰ੍ਹਾਂ ਇਹ ਜਥਾ ਚਲਾ ਗਿਆ। ਤੇ ਮੈਂ ਥੋੜ੍ਹਾ ਬਹੁਤ ਪੜ੍ਹ ਗਿਆ ਮੈਂ ਅਹਿਸਾਨ ਮੰਦ ਹਾਂ ਸੰਤ ਨਿਹਾਲ ਸਿੰਘ ਜੀ ਦਾ (ਇਹ ਸੰਤ ਨਿਹਾਲ ਸਿੰਘ ਜੀ ਕਰਨੈਲ ਸਿੰਘ ਜੀ ਦੇ ਦਾਦਾ ਜੀ ਸਨ। ਕਰਨੈਲ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਡੀ ਗਾਰਡਾਂ ਵਿਚ ਸ. ਗੁਰਦੇਵ ਸਿੰਘ ਮਦਾਰ ਨਾਲ ਰਹੇ ਹਨ। ਸ. ਕਰਨੈਲ ਸਿੰਘ, ਸ. ਹਰਭਜਨ ਸਿੰਘ ਜੀ ਚੀਮਾ ਰਿਟਾਇਰਡ ਕਰਨਲ ਢੋਂਠਲ ਵਾਲਿਆਂ ਕਾ ਭਣੇਵਾਂ ਹੈ। ਅੱਜਕੱਲ੍ਹ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਲੁਧਿਆਣਾ ਵਿਚ ਗਾਰਡਾਂ ਦੇ ਮੁੱਖੀ ਹਨ) ਜਿਨ੍ਹਾਂ ਦਾ ਕਿਹਾ ਸੂਬਾ ਜੀ ਮੋੜ ਨਹੀਂ ਸਕੇ। ਕਿਉਂਕਿ ਜੇ ਮੈਨੂੰ ਮੇਰੇ ਪਿਤਾ ਜੀ ਪੜ੍ਹਣੋਂ ਹਟਾ ਲੈਂਦੇ ਤਾਂ ਮੈਂ ਅੱਜ ਮੁਹੰਮਦ ਲਤੀਫ਼ ਦੀ ਉਰਦੂ ਲਿਖਤ ਕਿਵੇਂ ਪੜ੍ਹ ਸਕਦਾ। ਸੰਤ ਨਿਹਾਲ ਸਿੰਘ ਦੇ ਸ਼ਬਦ ਅੱਜ ਸਾਰਥਕ ਹੋ ਗਏ ਜਾਪਦੇ ਹਨ।" ਰਹਿਣ ਦਿਓ ਏਸ ਕਾਕੇ ਨੂੰ ਪੜ੍ਹ ਲੈਣ ਦਿਉ ਖੌਰੇ ਕਿਤੇ ਕੰਮ ਆਵੇਗਾ।"

ਹਾਂ ਤੇ ਮਜਬੂਰਨ ਮੈਂ ਆਪਣੇ ਸਾਥੀਆਂ ਸਮੇਤ ਲਾਇਬਰੇਰੀਓਂ ਬਾਹਰ ਆ ਗਿਆ। ਪਰ ਮਨ ਮੇਰਾ ਹਾਲੇ ਵੀ ਪੁਸਤਕ ਦੇ ਪੰਨੇ ਪੜ੍ਹੀ ਜਾ ਰਿਹਾ ਸੀ। ਸ਼ਿਮਲਿਓਂ ਚੱਲ ਕੇ ਅਸਾਂ ਚੰਡੀਗੜ੍ਹ ਆਉਣਾ ਸੀ। ਕਾਰ ਵਿਚ ਬੈਠਿਆਂ ਮੈਂ ਉਸੇ ਪੁਸਤਕ ਵਿਚ ਹੀ ਵਹਿ ਰਿਹਾ ਸਾਂ ਕਿ ਮੈਥੋਂ ਅੱਗੇ ਬੈਠੇ ਸ. ਨਾਹਰ ਸਿੰਘ ਜੀ ਨੇ ਆਖਿਆ, "ਕਾਕ ਕੀ ਸੋਚ ਰਿਹਾ ਹੈਂ"।

"ਜੀ ਅੱਜ ਮੈਂ ਜਿਹੜੀ ਮੁਹੰਮਦ ਲਤੀਫ਼ ਦੀ ਲਿਖੀ ਪੁਸਤਕ ਪੜ੍ਹ ਕੇ ਆਇਆ "ਤਾਰੀਖੇ ਪੰਜਾਬ"। ਉਸ ਨੇ ਮੈਨੂੰ ਬੜਾ ਕੁਝ ਸੋਚਣ ਤੋਂ ਮਜਬੂਰ ਕਰ ਦਿੱਤਾ ਹੈ"। ਮੈਂ ਉੱਤਰ ਦਿੱਤਾ।

ਹਾਂ ਕਾਕਾ ਜੀ ਉਦੋਂ ਮੈਂ ਹਾਲੇ ਕਾਕਾ ਹੀ ਸਾਂ। ਮੁਹੰਮਦ ਲਤੀਫ਼ ਨੇ ਉਸ ਵਕਤ ਨਾਮਧਾਰੀਆਂ ਤੇ ਸਤਿਗੁਰੂ ਰਾਮ ਸਿੰਘ ਬਾਰੇ ਲਿਖਿਆ ਜਦੋਂ ਉਹਨਾਂ ਦਾ ਨਾਮ ਲੈਣਾ ਵੀ ਜੁਰਮ ਮੰਨਿਆ ਜਾਂਦਾ ਸੀ। ਮੈਂ ਉਸ ਪੁਸਤਕ ਦਾ ਹਵਾਲਾ ਆਪਣੀ ਪੁਸਤਕ



Namdhari Elibrary NamdhariElibrary@gmail.com

ਨਾਮਧਾਰੀ ਇਤਿਹਾਸ ਵਿਚ ਦੇ ਰਿਹਾ ਹਾਂ।"

"ਸਰਦਾਰ ਜੀ - ਕਮਾਲ ਕਰ ਦਿੱਤੀ ਏ ਉਸ ਖੁਦਾ ਦੇ ਬੰਦੇ ਨੇ, ਇਤਨਾਂ ਬੇ-ਬਾਕ ਤੇ ਸਪਸ਼ਟ ਆਪਣਾ ਆਦਮੀ ਸ਼ਾਇਦ ਨਾਂ ਲਿਖ ਸਕਦਾ।"

"ਇਹ ਗੱਲ ਨਹੀਂ ਅਮਰੀਕ ਸਿੰਘ ਲਿਖਣ ਵਾਲਿਆਂ ਲਿਖਿਆ ਹੀ ਹੈ। ਆਲਮ ਨਿਧਾਨ ਸਿੰਘ ਜੀ ਨੇ ਕ੍ਰਾਂਤਕਾਰੀ ਸਤਿਗੁਰੂ, ਇੰਦਰ ਸਿੰਘ ਚਕਰਵਰਤੀ ਨੇ ਬਹੁਤ ਜ਼ੋਰ ਦਾਰ ਲਿਖਿਆ ਹੈ, ਹੁਣ ਮੈਂ ਵੀ ਜੋ ਕੁਝ ਲਿਖ ਰਿਹਾ। ਤੱਥਾਂ ਦੇ ਆਧਾਰ ਤੇ ਹੀ ਲਿਖ ਰਿਹਾ ਹਾਂ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਤੇ ਪ੍ਰੇਰਨਾ ਦੁਆਰਾ।"

ਸ. ਨਾਹਰ ਸਿੰਘ ਆਪਣੇ ਰੋ ਵਿਚ ਹੀ ਬੋਲੀ ਜਾ ਰਹੇ ਸਨ, "ਮੈਂ ਹੈਰਾਨ ਹੁੰਦਾ ਹਾਂ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਕਿਵੇਂ ਸਿਫ਼ਰ ਤੋਂ ਸਿੱਖੀ ਸਾਜਣੀ ਪਈ, ਸਿਆਸੀ ਮਸਲਾ ਤਾਂ ਅਲਗ ਬਾਤ ਏ। ਉਹਨਾਂ ਨੂੰ ਤਾਂ ਲੋਕਾਂ ਨੂੰ ਬੈਠਣ ਉੱਠਣ ਸੌਣ, ਜਾਗਣ ਦੇ ਸੁਧਰੇ ਹੋਏ ਢੰਗ ਦੱਸਣੇ ਪਏ। ਏਸ ਤਰ੍ਹਾਂ ਲੱਗਦਾ ਏ ਕਿ ਉਦੋਂ ਉਹਨਾਂ ਨੂੰ ਹੱਥ ਧੋਣ ਨਹਾਉਣ ਦਾ ਵੀ ਪਤਾ ਨਹੀਂ ਸੀ, ਕਿਵੇਂ ਦਾਤਨ ਕਰਨੀ ਹੈ, ਕਿਵੇਂ ਚੁਲਾ ਕਰਨਾ ਹੈ। ਜੰਗਲ ਪਾਣੀ ਕਿਵੇਂ ਜਾਣਾ ਹੈ। ਕਦੋਂ ਇਸ਼ਨਾਨ ਕਰਨਾ ਹੈ, ਗੱਲ ਕੀਹ ਨਿੱਕੀ ਨਿੱਕੀ ਗੱਲ ਲੋਕਾਂ ਨੂੰ ਦੱਸਣੀ ਤੇ ਸਮਝਾਣੀ ਪਈ, ਮੈਂ ਤਾਂ ਕਹਿਣਾ ਕਿ ਹੋਰ ਕਿਸੇ ਵੀ ਗੁਰੂ ਨੂੰ ਆਪਣੀ ਸਿੱਖੀ ਸਾਜਣ ਲਈ ਏਨੀ ਮਿਹਨਤ ਨਹੀਂ ਕਰਨੀ ਪਈ, ਮੇਰਾ ਤਾਂ ਅੰਦਾਜ਼ਾ ਏ ਵਾਈ ਸਿੱਖ ਜਿਹੜੇ ਸਤਿਗੁਰੂ ਜੀ ਨੂੰ ਮਿਲੇ ਉਹ ਵੀ ਏਨੀ ਕਰੜੀ ਮਰਿਆਦਾ ਵਿਚ ਨਹੀਂ ਹੋਣੇ।"

ਗੱਲ ਲੰਮੀ ਹੁੰਦੀ ਵੇਖ ਮੈਂ ਨਾਹਰ ਸਿੰਘ ਜੀ ਨੂੰ ਪੁੱਛਿਆ, "ਸ੍ਰੀ ਸਤਿਗੁਰੂ ਜੀ ਨੇ ਜਿਹੜੀ ਮਰਿਯਾਦਾ ਰਾਏ ਸਿੰਘ ਹੱਥੀਂ ਨਦੇੜੋਂ ਮੰਗਵਾਈ ਸੀ ਮੇਰਾ ਖਿਆਲ ਏ ਉਹ ਵੀ ਮੋਟੀਆਂ-ਮੋਟੀਆਂ ਗੱਲਾਂ ਹੋਣਗੀਆਂ। ਐਨੀ ਬਰੀਕੀ ਨਾਲ ਤਾਂ ਉਹਨਾਂ ਆਪ ਹੀ ਲੋਕਾਂ ਨੂੰ ਸਿਖਿਆ ਦਿੱਤੀ ਹੋਵੇਗੀ।"

"ਬਿਲਕੁਲ ਠੀਕ! ਫੌਜ ਵਿਚ ਰਹਿਣ ਕਰਕੇ ਉਹ ਅਨੁਸ਼ਾਸਨ ਦੇ ਪੱਕੇ ਧਾਰਨੀ ਸਨ ਤੇ ਦੂਜਿਆਂ ਨੂੰ ਵੀ ਏਸੇ ਕਰਕੇ ਹੀ ਨਿਯਮ ਬੱਧ ਜੀਵਨ ਜੀਣ ਦੀ ਸਿਖਿਆ ਦੇਂਦੇ ਸਨ।"

ਗੱਡੀ ਜਾ ਰਹੀ ਸੀ ਆਪਣੀ ਸਪੀਡ ਨਾਲ ਤੇ ਉਨੀ ਹੀ ਤੇਜ਼ ਗਤੀ ਨਾਲ ਸਾਡੀ ਵਾਰਤਾਲਾਪ ਚਲ ਰਹੀ ਸੀ। ਪਹਾੜੀਆਂ ਤੋਂ ਉਤਰਦੀ ਤੇ ਚੜ੍ਹਦੀ ਦੇ ਹਲਾਰੇ ਤਾਂ ਅਸੀਂ ਮਹਿਸੂਸ ਕਰ ਰਹੇ ਸਾਂ ਪਰ ਏਸ ਗਲੋਂ ਬੇਖਬਰ ਸਾਂ ਕਿ ਕਿੰਨਾ ਕੁ ਆ ਗਏ ਹਾਂ ਤੇ ਕਿੰਨਾਂ ਕੁ ਸਫਰ ਬਾਕੀ ਹੈ।

ਗੱਲ ਫੇਰ ਸ਼ੁਰੂ ਕਰਦਿਆਂ ਮੈਂ ਕਿਹਾ ਮੈਂ ਸੁਣਿਆ ਹੈ ਕਿ "ਸ੍ਰੀ ਸਤਿਗੁਰੂ ਜੀ ਸਫਾਈ ਦੇ ਏਨੇਂ ਪਾਬੰਦ ਸਨ ਕਿ ਲੱਗੇ ਦੀਵਾਨ ਵਿਚ ਉਹ ਨਹੁੰ ਲਾਹੁਣ ਵਾਲੇ ਨੇਹਰਣੇ ਵਾਲੇ ਨੂੰ ਰੱਖਦੇ ਸਨ। ਜੋ ਆਈ ਸੰਗਤ ਦੇ ਨਹੁੰ ਕਟਦਾ ਸੀ, ਜਿਸਦੇ ਦੰਦ ਗੰਦੇ ਹੁੰਦੇ ਉਹਨੂੰ ਕਰੜਾਈ ਨਾਲ ਦੰਦ ਸਾਫ਼ ਕਰਨ ਲਈ ਪੱਕੀ ਕੀਤੀ ਜਾਂਦੀ ਸੀ, ਗਿੱਲੇ ਕੇਸਾਂ ਨੂੰ ਬੰਨ੍ਹ ਲੈਣ ਤੋਂ ਵਰਜਦੇ ਸਨ, ਤਾਂਕਿ ਬਦਬੂ ਨਾ ਆਵੇ।"

"ਹਾਂ, ਹਾਂ ਮੈਲੇ ਕਪੜਿਆਂ ਵਾਲਿਆਂ ਨੂੰ ਸੰਗਤ ਵਿਚੋਂ ਉਠਾਣ ਦੀ ਨੌਬਤ ਵੀ ਆ ਜਾਂਦੀ ਸੀ। ਕੇਸੀ ਨਹਾਉਣ ਦੀ ਪੂਰੀ ਹਿਦਾਇਤ ਸੀ ਤੇ ਏਸੇ ਲਈ ਸਵਾ ਪਹਿਰ ਰਾਤੀਂ ਉੱਠ ਕੇ ਇਸ਼ਨਾਨ ਕਰਨ ਦਾ ਹੁਕਮ ਸੀ ਤਾਂਕਿ ਸਵੇਰ ਹੋਣ ਤੱਕ ਬੰਦਾ ਤਿਆਰ ਬਰ ਤਿਆਰ ਹੋ ਕੇ ਆਪਣੇ ਕਾਰ ਵਿਹਾਰ ਲੱਗ ਸਕੇ। ਲੋਕਾਂ ਨੂੰ ਸਿੱਧਾ ਗੁਰਮੁਖੀ ਦਸਤਾਰਾ ਸਜਾਣ ਦਾ ਢੰਗ ਦੱਸਿਆ। ਇਹ ਵੀ ਦੱਸਿਆ ਕਿ ਕਛਹਿਰਾ ਗੋਡੇ ਦੀ ਚਪਣੀ ਤੋਂ ਦੋ ਉਂਗਲ ਉਚਾ ਤੋਂ ਕਛਿਹਰੇ ਦੀ ਬਰੀ ਤੋਂ ਦੋ ਉਂਗਲ ਉੱਚਾ ਕੁੜਤਾ ਹੋਣਾ ਚਾਹੀਦਾ ਹੈ। ਕੁੜਤੇ ਦੀ ਕਛਹਿਰੇ ਦੀ ਤੇ ਅਤੇ ਪਾਜਾਮੇ ਦੀ ਕਾਟ ਵੀ ਦੱਸਣੀ। ਉਨ ਦੀ ਮਾਲਾ ਬਨਾਉਣ ਦਾ ਢੰਗ ਵੀ ਤਾਂ ਉਹਨਾਂ ਦਾ ਆਪਣ ਹੀ ਹੈ। ਗੱਲ ਕੀਹ ਜੀਵਨ ਦਾ ਕੋਈ ਪੱਖ ਵੀ ਐਸਾ ਨਹੀਂ, ਜਿਸ ਉਪਰ ਉਹਨਾਂ ਦੀ ਮਿਹਰ ਦੀ ਛਾਪ ਨਾ ਹੋਵੇ। ਕਿਰਪਾਨ ਦੀ ਹੁਣ ਲੋੜ ਨਾ ਦੱਸ ਕੇ ਛੋਟੀ ਕਿਰਪਾਨ ਤੇ ਖੰਡੇ ਕੰਘੇ ਨਾਲ ਰੱਖ ਕੇ ਕਕਾਰ ਪੂਰੇ ਕਰਨਾ ਦੱਸਿਆ। ਉਨ ਦੀ ਚਿਟੀ ਮਾਲਾ ਦੇ ਇਕ ਸੋ ਅੱਠ ਮਣਕਿਆਂ ਨੇ ਤੋਪ ਦੇ ਗੋਲਿਆਂ ਦਾ ਕੰਮ ਕੀਤਾ ਜਿੰਨ੍ਹਾਂ ਨੇ ਵਿਸ਼ਾਲ ਅੰਗਰੇਜ਼ੀ ਰਾਜ ਨੂੰ ਭਾਰਤ ਵਿਚੋਂ ਹਿਲਾ ਕੇ ਰੱਖ ਦਿੱਤਾ।"

ਥੋੜ੍ਹੀ ਦੇਰ ਸਰਦਾਰ ਨਾਹਰ ਸਿੰਘ ਚੁੱਪ ਹੋ ਗਏ। ਮੈਂ ਇਹ ਵਾਰਤਾ ਲੜੀ ਟੁੱਟਦੀ ਵੇਖ ਕੇ ਫੇਰ ਗੱਲ ਸ਼ੁਰੂ ਕੀਤੀ ਸਰਦਾਰ ਜੀ! ਸ੍ਰੀ ਸਤਿਗੁਰੂ ਰਾਮ ਜੀ ਨੇ ਸਾਰੇ ਸਮਾਜ ਦੇ ਹਰ ਪੱਖ ਨੂੰ ਸੁਧਾਰਨ ਦਾ ਵੱਡਾ ਪਲਾਨ ਕਿੱਥੇ ਬਹਿ ਕੇ ਬਨਾਇਆ ਹੋਵੇ ਗਾ। ਮੈਂ ਹੈਰਾਨ ਹਾਂ ਉਹਨਾਂ ਦੀ ਸਮਾਜ ਸੁਧਾਰਕ ਪਾਲਿਸੀ ਨੂੰ ਹਜ਼ਾਰਾਂ ਪੰਨੇ ਲਿਖ ਕੇ ਵੀ ਬਿਆਨ ਕਰਨਾ ਕਠਨ ਹੀ ਨਹੀਂ ਅਸੰਭਵ ਹੈ।"

"ਹੋਰ ਕੀ? ਏਸ ਸਮਾਜ ਸੁਧਾਰ ਵਿਚੋਂ ਹੀ ਉਹਨਾਂ ਦੀ ਸਿਆਸੀ ਸੂਝ ਦਾ ਪਤਾ ਲੱਗਦਾ ਹੈ। ਕੁੜੀ ਮਾਰ ਨੜੀ ਮਾਰ, ਹਰ ਨਸ਼ੇ ਤੋਂ ਪਰਹੇਜ਼, ਵੱਟਾ ਕਰਨਾ, ਸਭ ਤੋਂ ਉਹਨਾਂ ਸਖਤੀ ਨਾਲ ਲੋਕਾਂ ਨੂੰ ਮਨਾ ਕੀਤਾ। ਪਰਾਇਆ ਹੱਕ ਖਾਣੋਂ ਵਰਜਿਆ, "ਸਰਦਾਰ ਜੀ ਭਾਵਕ ਹੋ ਗਏ ਸਨ ਤੇ ਲਗਾਤਾਰ ਕਹੀ ਜਾ ਰਹੇ ਸਨ ਜਿਵੇਂ ਕਿਸੇ ਵੱਡੇ ਇਕੱਠ ਵਿਚ ਭਾਸ਼ਨ ਦੇ ਰਹੇ ਹੋਣ।

"ਅਮਰੀਕ ਸਿੰਘ ਸਾਡੇ ਲੋਕਾਂ ਦੀ ਬਦਕਿਸਮਤੀ ਸਮਝੋ ਕਿ ਉਹਨਾਂ ਅੰਗਰੇਜ਼ਾਂ ਦੇ ਪਿੱਠੂ ਬਣ ਕੇ ਏਸ-ਲਹਿਰ ਅੱਗੇ ਰੋੜੇ ਅਟਕਾਏ , ਜੇ ਇਹ ਨਾਂ ਹੁੰਦਾ ਤਾਂ ਅੱਜ ਪੰਜਾਬ ਦਾ ਇਤਿਹਾਸ



Namdhari Elibrary NamdhariElibrary@gmail.com

ਹੋਰ ਹੁੰਦਾ, ਪਰ............ "ਸਰਦਾਰ ਜੀ ਨੇ ਇਕ ਲੰਮਾ ਹੌਕਾ ਲਿਆ' ਕਹਿਣ ਲੱਗੇ, "ਬੁਰਾ ਹੋਵੇ ਖੁਦਗੁਰਜ਼ ਤੇ ਲਾਲਚੀ ਲੋਕਾਂ ਦਾ ਜੋ ਆਪਣੀ ਵਕਤੀ ਐਸ਼ ਪ੍ਰਸਤੀ ਹੋ ਛੋਟੇ ਲਾਲਚਾਂ ਪਿੱਛੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਸਲ ਨਿਸ਼ਾਨੇ ਨੂੰ ਨਹੀਂ ਸਮਝ ਸਕੇ।'

ਗੱਡੀ ਇਕ ਉੱਬੜ ਖਾਬੜ ਰਸਤੇ ਤੋਂ ਲੰਘ ਰਹੀ ਸੀ, ਜਿਸ ਕਰ ਕੇ ਕੁਝ ਚਿਰ ਸਾਡੀ ਲੜੀ ਫੇਰ ਟੁੱਟ ਗਈ।

ਮੈਂ ਨਹੀਂ ਸਾਂ ਚਾਹੁੰਦਾ ਏਸ ਮੌਕੇ ਨੂੰ ਚੁੱਪ ਕਰਕੇ ਗਵਾਣਾ ਸੋ ਮੈਂ ਗੱਲ ਫੇਰ ਸ਼ੁਰੂ ਕੀਤੀ।

"ਸਰਦਾਰ ਜੀ ਸਤਿਗੁਰੂ ਜੀ ਦਾ ਉੱਚਾ ਆਚਰਨ ਤੇ ਉੱਚਾ ਨਿਸ਼ਾਨਾ ਹੀ ਸੀ। ਜਿਸ ਨੇ ਉਸ ਵਕਤ ਦੇ ਪੰਜਾਬ ਦੇ ਲੋਕਾਂ ਨੂੰ ਆਪਣੇ ਮਗਰ ਲਾ ਲਿਆ। ਉਨ੍ਹਾਂ ਦਾ ਜੇ ਸਾਰਾ ਮਨਸੂਬਾ ਸਫਲ ਹੋ ਜਾਂਦਾ ਤਾਂ ਅਸੀਂ ਹੋਰ ਸੋ ਸਾਲ ਅੰਗ੍ਰੇਜ਼ ਦੇ ਗੁਲਾਮ ਨਾ ਰਹਿੰਦੇ।"

"ਬਿਲਕੁਲ ਠੀਕ; ਅੰਗ੍ਰੇਜ਼ ਬੜੇ ਚਾਲਾਕ ਸਨ। ਉਨ੍ਹਾਂ ਲੋਕਾਂ ਨੂੰ ਉਤੇਜਤ ਕਰਨ ਲਈ ਥਾਂ-ਥਾਂ ਬੁਚੜ ਖਾਨੇ ਖੋਲ ਦਿੱਤੇ ਤੇ ਸ਼ਰੇਆਮ ਗਊਆਂ ਕਤਲ ਕਰਵਾ ਕੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਇਆ ਜਿਸ ਤੋਂ ਪੰਜਾਬ ਦੇ ਲੋਕ ਭੜਕ ਉੱਠੇ ਤੇ ਗਊ ਕਾਤਲਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਸ੍ਰੀ ਸਤਿਗੁਰੂ ਜੀ ਨੇ ਭੜਕੇ ਸਿੱਖਾਂ ਨੂੰ ਰੋਕਿਆ ਵੀ ਕਿ ਹਾਲੇ ਵਕਤ ਨਹੀਂ। ਜਦੋਂ ਆਇਆ ਮੈਂ ਦੱਸਾਂਗਾ ਪਰ ਖਾਲਸੇ ਜੋਸ਼ ਵਿਚ ਆ ਕੇ ਕਾਬੂ ਵਿਚ ਨਾ ਰਹੇ। ਅੰਮ੍ਰਿਤਸਰ ਰਾਏਕੋਟ, ਮਾਲੇਰਕੋਟਲੇ ਭਾਰੀ ਗਿਣਤੀ ਵਿਚ ਬੁੱਚੜ ਮਾਰ ਮੁਕਾਏ। ਪਰ ਮਾਮਲਾ ਬੁੱਚੜਾਂ ਨੂੰ ਮਾਰਨਾਂ ਅੰਗ੍ਰੇਜ਼ ਸਰਕਾਰ ਦੇ ਕਾਨੂੰਨ ਦੀ ਜਾਣਬੁੱਝ ਕੇ ਉਲੰਘਣਾ ਕਰਨੀ ਸੀ। ਜਿਸ ਨੂੰ ਨਾ ਬਰਦਾਸ਼ਤ ਕਰਦੇ ਹੋਏ ਬਹਾਦਰ ਨਾਮਧਾਰੀ ਫਾਂਸੀਆਂ 'ਤੇ ਚੜ੍ਹ ਗਏ, ਤੋਪਾਂ ਅੱਗੇ ਉਡਾਏ ਗਏ ਬਿਨਾਂ ਮੁਕੱਦਮਾ ਚਲਾਇਆਂ। ਸੂਰਮੇ ਸ਼ਹੀਦ ਤੋਪਾਂ ਦੇ ਸਾਹਮਣੇ ਖੜ੍ਹੇ ਹੋ ਕੇ ਤੂੰਬਾ-ਤੂੰਬਾ ਹੋ ਕੇ ਉੱਡ ਗਏ। ਅਮਰੀਕ ਸਿੰਘ ਕਿਤੇ ਸੌਂ ਤਾਂ ਨਹੀਂ ਗਿਆ ? ਮੈਨੂੰ ਝੂਣ ਕੇ ਸਰਦਾਰ ਜੀ ਨੇ ਪੁੱਛਿਆ। "ਮੈਂ ਤਾਂ ਜਦੋਂ ਨਾਮਧਾਰੀ ਮਸਤਾਨਿਆਂ ਦੀ ਗੱਲ ਛੇੜ ਲੈਂਦਾਂ ਆਪ ਮਸਤਾਨਾ ਹੋ ਜਾਂਦਾ ਹਾਂ।"

"ਨਹੀਂ ਸਰਦਾਰ ਜੀ ਤੁਹਾਡੇ ਅਨਮੋਲ ਬਚਨ ਸੁਣਦਿਆਂ ਭਲਾ ਕੌਣ ਸੌਂ ਸਕਦਾ ਹੈ।"

"ਹਾਂ ਤੇ ਸੁਣ ਕਾਕਾ" ਸਰਦਾਰ ਜੀ ਨੇ ਫੇਰ ਇਤਿਹਾਸ ਦੀ ਲੜੀ ਜੋੜ ਦਿੱਤੀ।

"ਜਦੋਂ ਗੋਰਾਂ ਦੀ ਸਰਕਾਰ ਨੇ ਸਮਝਿਆ ਕਿ ਸ੍ਰੀ ਸਤਿਗੁਰੂ ਜੀ ਜੇ ਪੰਜਾਬ ਜਾਂ ਭਾਰਤ ਵਿਚ ਹੀ ਰਹੇ ਤਾਂ ਸਾਨੂੰ ਛੇਤੀ ਹੀ ਵਾਪਸ ਆਪਣੇ ਵਤਨ ਜਾਣਾ ਪਵੇਗਾ ਸੋ ਉਨ੍ਹਾਂ ਦੀ ਵਡਿੱਤਣ, ਸਿਆਸੀ ਸੂਝ ਬੂਝ ਤੋਂ ਡਰਦਿਆਂ ਉਨ੍ਹਾਂ ਨੂੰ ਪਰਦੇਸ ਜਲਾ ਵਤਨ ਕਰ ਦਿੱਤਾ।"

"ਠੀਕ ਏ ਸਰਦਾਰ ਜੀ, ਪਰ ਕਈ ਲੇਖਕਾਂ ਨੇ ਲਿਖਿਆ ਹੈ ਕਿ ਮਾਲੇਰਕੋਟਲੇ ਸਿੰਘਾਂ ਨੂੰ ਤੋਪਾਂ ਨਾਲ ਬੰਨ੍ਹ ਕੇ ਉਡਾਇਆ ਗਿਆ" ਮੈਂ ਸਵਾਲ ਕੀਤਾ।

"ਛੱਡ ਯਾਰ ਇਹ ਸਭ ਝੂਠ ਏ। ਜੇ ਉਹ ਤੋਪਾਂ ਨਾਲ ਬੰਨ੍ਹ ਕੇ ਉਡਾਏ ਗਏ ਸਨ ਤਾਂ ਵਰਿਆਮ ਸਿੰਘ ਵੇਮਾਂ ਜੋੜ ਕੇ ਕੱਦ ਕਿਵੇਂ ਪੂਰਾ ਕਰਦਾ ? ਬਿਸ਼ਨ ਸਿੰਘ ਕਾਵਨ ਦੀ ਦਾੜ੍ਹੀ ਕਿਵੇਂ ਜਾ ਫੜ੍ਹਦਾ, ਰਤਨ ਸਿੰਘ ਫਾਂਸੀ ਦੇ ਫੱਟੇ 'ਤੇ ਖਲੋ ਕੇ ਕਿਵੇਂ ਆਖਦਾ "ਉਦੋਂ ਬਿੱਲਿਆ ਅਸੀਂ ਕਿਸੇ ਜੱਟੀ ਦੇ ਘਰ ਫੇਰ ਜੰਮ ਕੇ ਤੈਨੂੰ ਭਾਰਤ ਵਿਚ ਕੱਢ ਕੇ ਹੀ ਦਮ ਲਵਾਂਗੇ। ਅੰਮ੍ਰਿਤਸਰ ਵਾਲੇ ਸ਼ਹੀਦ ਹਥੀਂ ਫਾਂਸੀ ਗਲ ਪਾਉਂਦੇ ਨਹੀਂ ਸੁਣਿਆ ? ਇਹ ਲੇਖਕ ਤਾਂ ਉਹ ਹੀ ਹਨ ਜੋ ਅੰਗ੍ਰੇਜ਼ਾਂ ਦੇ ਪੱਕੇ ਪਿੱਠੂ ਸਨ। ਤੇ ਸਰਕਾਰ ਪਾਸੋਂ ਉੱਚ ਪਦਵੀਆਂ ਤੇ ਜਾਗੀਰਾਂ ਲੈਂਦੇ ਸਨ। ਇਤਿਹਾਸ ਨੂੰ ਵਿਗਾੜਨ ਬਦਲੇ।"

ਸਾਡੀਆਂ ਇਨ੍ਹਾਂ ਗੱਲਾਂ ਦਾ ਸਿਲਸਿਲਾ ਪਤਾ ਨਹੀਂ ਕਿੰਨਾ ਚਿਰ ਚਲਦਾ ਰਹਿੰਦਾ ਜੇ ਡਰਾਈਵਰ ਕੁੰਦਨ ਸਿੰਘ ਨੱਕਦੀ ਗੱਡੀ ਨੂੰ ਬਰੇਕ ਨਾ ਲਾ ਦੇਂਦਾ। ਅਸਾਂ ਵੇਖਿਆ ਕਿ ਅਸੀਂ ਸਾਰਾ ਚੰਡੀਗੜ੍ਹ ਲੰਘ ਕੇ ਸੰਤ ਮੰਗਲ ਸਿੰਘ ਜੀ ਦੇ ਘਰ ਅੱਗੇ ਖੜੇ ਸਾਂ। ਕੁੰਦਨ ਸਿੰਘ ਹੋਰੀਂ ਕਹਿ ਰਹੇ ਸਨ, "ਸਰਦਾਰ ਜੀ ਤੁਸਾਂ ਤਾਂ ਅੱਜ ਕਈ ਭੁਲੇਖੇ ਮੇਰੇ ਵੀ ਦੂਰ ਕਰ ਦਿੱਤੇ ਹਨ।

ਸੰਤਾਂ ਮੰਗਲ ਸਿੰਘ ਜੀ ਦੇ ਸਪੁੱਤਰਾਂ ਹਰਵਿੰਦਰ ਸਿੰਘ , ਹਰਭਜਨ ਸਿੰਘ ਸਲੂਜਾ ਨੇ ਸਾਡਾ ਸਵਾਗਤ ਕੀਤਾ। ਜੋ ਅਜੇ ਬਹੁਤ ਛੋਟੇ ਬੱਚੇ ਸਨ ਤੇ ਅੱਜ ਕੱਲ੍ਹ ਤਾਂ ਉਹ ਕਾਰਾਂ ਦੇ ਵੱਡੇ ਵਪਾਰੀ ਬਣ ਚੁੱਕੇ ਹਨ। ਸੰਤ ਮੰਗਲ ਸਿੰਘ ਜੀ ਸਵਰਗ ਸੁਧਾਰ ਚੁੱਕੇ ਹਨ ਪਰ ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਸੰਗਤ 'ਤੇ ਉਸੇ ਤਰ੍ਹਾਂ ਆਸਥਾ ਰਖਦੇ ਹਨ ਜਿਵੇਂ ਸੰਤ ਮੰਗਲ ਸਿੰਘ ਜੀ। ਚੰਡੀਗੜ੍ਹ ਦਾ ਵਿਸ਼ਾਲ ਨਾਮਧਾਰੀ ਗੁਰਦੁਆਰਾ ਸੰਤ ਮੰਗਲ ਸਿੰਘ ਹੁਰਾਂ ਦੀ ਹੀ ਦੇਣ ਹੈ ਸੰਗਤ ਨੂੰ।

## ਰੁਬਾਈ

ਵਿਰਲਾ ਹੀ ਕੋਈ ਬੁੱਝ ਸਕਦਾ ਹੈ, ਜ਼ਿੰਦਗੀ ਦੀ ਅਹਿਮੀਅਤ।
ਬਹੁਤੀ ਦੁਨੀਆਂ ਕੂੜ ਬੋਲਦੀ, ਕੋਈ ਕਹੇ ਅਸਲੀਅਤ।
ਖ਼ੁਦਗਰਜ਼ੀ ਦਾ ਦੌਰ ਨਿਕੰਮਾ, ਦੁਰਲਭ ਦਿਲੀ ਮੁਹੱਬਤ;
'ਨਵਰਾਹੀ' ਅਹਿਸਾਸ ਪਵਿੱਤਰ ਸ਼ਾਇਰ ਦੀ ਮਲਕੀਅਤ।



Namdhari Elibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਵੱਖ-ਵੱਖ ਥਾਵਾਂ ਤੇ ਸ਼ਰਧਾ ਸਹਿਤ ਮਨਾਇਆ ਗਿਆ। ਉਸ ਦੀਆਂ ਪ੍ਰਾਪਤ ਰਿਪੋਰਟਾਂ।

## ਵ੍ਰਿਸ਼ਾਲ ਨਾਮਧਾਰੀ ਨਗਰ ਕੀਰਤਨ

ਸਿਰਸਾ, ੧੯ ਫਰਵਰੀ ੨੦੦੭ –ਐਲਨਾਬਾਦ (ਸਿਰਸਾ) ਦੀ ਨਾਮਧਾਰੀ ਸਾਧ ਸੰਗਤ ਵਲੋਂ, ਸਥਾਨਕ ਸੂਬਾ ਬਲਦੇਵ ਸਿੰਘ, ਬਾਬਾ ਛਿੰਦਾ ਲੱਲੀ, ਰਾਜ ਸਿੰਘ, ਗੁਰਮੀਤ ਸਿੰਘ ਅਤੇ ਸੁਖਦੇਵ ਸਿੰਘ ਪ੍ਰਧਾਨ ਨਾਮਧਾਰੀ ਵਿਦਿਅਕ ਜਥਾ ਅਤੇ ਬਾਕੀ ਭਾਈਚਾਰੇ ਦੇ ਸਹਿਯੋਗ ਨਾਲ ਅਤੇ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਸ਼ੀਰਵਾਦ ਲੈ ਕੇ ਆਏ ਸੰਤ ਕਸ਼ਮੀਰ ਸਿੰਘ, ਜਸਵਿੰਦਰ ਸਿੰਘ ਲਾਡੀ ਅਤੇ ਸੂਰਤਪਾਲ ਸਿੰਘ ਦੀ ਸ਼ਿਰਕਤ ਸਮੇਤ ਇਕ ਵਿਸ਼ਾਲ, ਨਾਮਧਾਰੀ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ।

ਇਹ ਨਗਰ ਕੀਰਤਨ ਬਸੰਤ ਦੇ ਦਿਨ ੧੮੧੬ ਈ. ਵਿਚ ਸ੍ਰੀ ਭੈਣੀ ਸਾਹਿਬ ਵਿਖੇ ਪ੍ਰਗਟ ਹੋਣ ਵਾਲੇ ਨਾਮਧਾਰੀ ਪੰਥ ਦੇ ਬਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਵੀ ਅਤੇ ਸਤਿਗੁਰੂ ਜੀ ਦੁਆਰਾ ੧੨ ਅਪ੍ਰੈਲ ੧੮੫੭ ਵੀਂ ਨੂੰ, ਨਾਮਧਾਰੀ ਸੰਤ ਖਾਲਸੇ ਦੀ ਪੁਨਰ ਸਥਾਪਨਾ ਦੀ ੧੫੦ ਵੀਂ ਵਰ੍ਹੇ ਗੰਢ ਨੂੰ ਵੀ ਸਮਰਪਿਤ ਸੀ। ਨਗਰ ਕੀਰਤਨ, ਜਿਸ ਵਿਚ ਸਭ ਤੋਂ ਅੱਗੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਸ਼ਾਲ ਚਿੱਤਰ ਵਾਲੀ ਜੀਪ, ਉਸ ਦੇ ਪਿੱਛੇ ਸ਼ੁੱਧ ਸਫੈਦ ਨਾਮਧਾਰੀ ਬਾਣੇ ਵਿਚ ਸਟੀਲ ਦੇ ਲਿਸ਼ਕਦੇ ਖੰਡਿਆਂ ਨਾਲ ਸਜੇ ਸਫੇਦ ਧਵਜ ਵਾਲੇ ਨਿਸ਼ਾਨ ਸਾਹਿਬ ਸਨ, ਅਤੇ ਪਿੱਛੇ ਸਾਧ ਸੰਗਤ ਮੋਟਰ ਸਾਈਕਲ, ਸਕੂਟਰ, ਜੀਪ, ਕਾਰ, ਬੱਸ, ਟਰੈਕਟਰ, ਟਰਾਲੀ ਆਦਿ ਇਕ ਸੈਂਕੜਾ ਦੇ ਕਰੀਬ ਵਾਹਨਾ ਵਿਚ ਸੁਸੱਜਿਤ ਸੀ। ਇਸ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖਿਆ ਦਰਸਾਉਂਦੇ ਮਾਟੋ ਵੀ ਸਨ।

ਨਗਰ ਕੀਰਤਨ ਸਵੇਰੇ ਦਸ ਕੂ ਵਜੇ ਐਲਨਾਬਾਦ ਦੀ ਨਾਮਧਾਰੀ ਧਰਮਸ਼ਾਲਾ ਵਿਚੋਂ ਸ਼ੁਰੂ ਹੋ ਕੇ, ਮੁਮੇਰਾਂ ਰੋਡ, ਬਾਈ ਪਾਸ, ਸਿਰਸਾ ਰੋਡ ਅਤੇ ਐਲਨਾਬਾਦ ਦੇ ਮੇਨ ਬਾਜ਼ਾਰ ਵਿਚੋਂ ਲੰਘ ਕੇ ਸਤਿਗੁਰੂ ਰਾਮ ਸਿੰਘ ਚੋਕ ਮੌਜੂ ਵਾਲੀ ਢਾਣੀ, ਤਲਵਾੜਾ ਖੁਰਦ, ਥੋਬਰੀਆਂ, ਮਿਰਜ਼ਾਪੁਰ, ਅੰਮ੍ਰਿਤਸਰ ਖੁਰਦ, ਅੰਮ੍ਰਿਤਸਰ ਕਲਾਂ, ਪਰਤਾਪ ਨਗਰ, ਬੁੱਢੀ ਮਾੜੀ ਦੇ ਸਤਿਗੁਰੂ ਪਰਤਾਪ ਸਿੰਘ ਚੌਕ, ਮੌਜੂ ਖੇੜਾ, ਕਿਰਪਾਲ ਪੱਟੀ, ਸ਼ੇਖੂ ਖੇੜਾ, ਹਿਮਾਊਂ ਖੇੜਾ, ਰੱਤਾ ਖੇੜਾ, ਕੁੱਤੇ ਵੱਢ ਹੁੰਦਾ ਹੋਇਆ ਸ਼ਾਮ ਦੇ ਸਾਢੇ ਕੂ ਪੰਜ ਵਜੇ ਪ੍ਰੇਮ ਨਗਰ ਵਿਖੇ ਲੰਗਰ ਛਕ ਕੇ ਸਮਾਪਤ ਹੋਇਆ।

ਜਲੂਸ ਦੇ ਅੱਗੇ-ਅੱਗੇ ਐਲਨਾਬਾਦ ਦੀ ਗੱਤਕਾ ਟੀਮ ਆਪਣੇ ਜੋਹਰ ਵਿਖਾ ਰਹੀ ਸੀ, ਢੋਲ ਨਗਾਰੇ ਵੱਜ ਰਹੇ ਸਨ, ਮੋਟਰ ਸਾਈਕਲਾਂ ਵਾਲੇ ਯੁਵਕ ਵੀ ਕਰਤਬ ਕਰ ਰਹੇ ਸਨ। ਵੱਖ-ਵੱਖ ਵਾਹਨਾਂ ਤੇ ਸਜੇ ਹੋਏ ਸਿੰਘਾਂ ਤੇ ਬੀਬੀਆਂ ਦੇ ਜਥੇ ਸ਼ਬਦ ਕੀਰਤਨ ਕਰ ਰਹੇ ਸਨ। ਸਾਰਾ ਮਾਹੌਲ "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਧੰਨ ਸਤਿਗੁਰੂ ਰਾਮ ਸਿੰਘ ਅਤੇ ਧੰਨ ਸਤਿਗੁਰੂ ਜਗਜੀਤ ਸਿੰਘ ਦੀਆਂ ਗੂੰਜਾਰਾਂ ਨਾਲ ਗੂੰਜ ਰਿਹਾ ਸੀ।

ਵੱਖ-ਵੱਖ ਥਾਵਾਂ ਤੇ ਇਸ ਨਗਰ ਕੀਰਤਨ ਨੂੰ ਸੰਬੋਧਿਤ ਕਰਦੇ ਹੋਏ ਕਿਸਾਨ ਆਗੂ ਕਾਮਰੇਡ ਸੁਵਰਨ ਸਿੰਘ ਵਿਰਕ ਨੇ ਕਿਹਾ ਕਿ ਆਪਣੇ ਇਤਿਹਾਸ ਨਾਲ ਸਬੰਧਿਤ ਤਿੰਨ ਸ਼ਤਾਬਦੀਆਂ ਅਸੀਂ ਮਨਾ ਰਹੇ ਹਾਂ। ਪਹਿਲੇ ਸੈਨਿਕ ਵਿਦਰੋਹ ਅਤੇ ਨਾਮਧਾਰੀ ਪੰਥ ਦੀ ਸਥਾਪਨਾ ਦੀਆਂ ੧੫੦ ਸੋ ਸਾਲਾ ਅਤੇ ਸ਼ਹੀਦ ਭਗਤ ਸਿੰਘ ਦੀ ਪਹਿਲੀ ਜਨਮ ਸ਼ਤਾਬਦੀ। ਇਕ ਲਹਿਰ ਤੋਂ ਦੂਸਰੀ ਲਹਿਰ ਪ੍ਰੇਰਣਾ ਲੈਂਦੀ ਹੈ। ਨਾਮਧਾਰੀ ਜਾਂ ਕੂਕਾ ਅੰਦੋਲਨ ਬਾਹਰੀ ਤੌਰ ਤੇ ਭਾਵੇਂ ਧਾਰਮਿਕ ਪੁਨਰ ਜਾਗਰਤੀ ਦੀ ਲਹਿਰ ਸੀ ਪਰ ਹਕੀਕਤ ਵਿਚ ਇਹ ਮਜ਼ਦੂਰਾਂ, ਕਿਸਾਨਾਂ, ਦਸਤਕਾਰਾਂ ਅਤੇ ਸਾਬਕਾ ਸੈਨਿਕਾਂ ਦੀ ਅੰਗਰੇਜ਼ ਬਸਤੀਵਾਦ ਵਿਰੋਧੀ ਲਹਿਰ ਸੀ। ਲਹਿਰ ਦੇ ਨਾਇਕ ਸਤਿਗੁਰੂ ਰਾਮ ਸਿੰਘ ਮਨੁੱਖੀ ਮਨੋਂਵਿਗਿਆਨ ਦੇ ਮਰਮੱਗ ਸਨ। ਉਹ ਪਹਿਲੇ ਭਾਰਤੀ ਦਾਰਸ਼ਨਿਕ ਸਨ, ਜਿਹਨਾਂ ਅੰਗਰੇਜ਼ੀ ਸੰਸਥਾਵਾਂ ਅਤੇ ਮਾਲ ਦਾ ਬਾਈਕਾਟ ਕਰਨ ਦਾ ਨਾਹਰਾ ਦਿੱਤਾ। ਉਹ ਔਰਤ ਜਾਤੀ ਦੀ ਮੁਕੰਮਲ ਬੰਦ-ਖਲਾਸੀ ਦੇ ਹਮਾਇਤੀ ਸਨ ਅਤੇ ਨਸ਼ਾ-ਮੁਕਤ ਸਮਾਜ ਦੇ ਇਛੁੱਕ ਸਨ। ਉਹ ਧਰਮ-ਨਿਰਪੱਖ ਅਤੇ ਜਨਵਾਦੀ, ਸਮਾਜਵਾਦੀ ਜੀਵਨ ਮੁੱਲਾਂ ਦੇ ਧਾਰਨੀ ਸਨ। ਕੂਕਾ ਅੰਦੋਲਨ ਤੋਂ ਗ਼ਦਰ ਪਾਰਟੀ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਆਦਿ ਵੀ ਪ੍ਰਭਾਵਿਤ ਹੋਏ। ਅੱਜ ਵੀ ਅਸੀਂ ਸਮਤਾਵਾਦੀ ਵਿਵਸਥਾ ਲਈ ਸੰਘਰਸ਼ ਕਰਕੇ ਹੀ ਸਤਿਗੁਰੂ ਰਾਮ ਸਿੰਘ ਨਾਲ ਆਪਣਾ ਬੇਹਤਰ ਨਾਤਾ ਜੋੜ ਸਕਦੇ ਹਾਂ।

ਇਸ ਮੌਕੇ ਤੇ ਕੀਰਤਨ ਕਰਨ ਵਾਲਿਆਂ ਵਿਚ ਜਲੀ ਸਿੰਘ ਗੋਰਾਇਆ, ਜਥੇਦਾਰ ਸੁੱਚਾ ਸਿੰਘ, ਜਥੇਦਾਰ ਪਾਲਾ ਸਿੰਘ ਸ੍ਰੀ ਭੈਣੀ ਸਾਹਿਬ, ਛੋਟਾ ਸਿੰਘ ਕਵੀਸ਼ਰ, ਗੁਰਨਾਮ ਸਿੰਘ, ਜਸਪਾਲ ਸਿੰਘ ਕਥਾ ਵਾਚਕ, ਸੂਬਾ ਸੋਨੂੰ ਜੀ ਸ਼ਾਮਲ ਸਨ।



Namdhari Elibrary NamdhariElibrary@gmail.com

ਪ੍ਰਸਿੱਧ ਕਿਸਾਨ ਨੇਤਾ ਕਾ. ਜਸਵੰਤ ਸਿੰਘ ਜੋਸ਼ ਨੇ ਵੀ ਨਗਰ ਕੀਰਤਨ ਵਿਚ ਹਾਜ਼ਰੀ ਭਰੀ। ਸਤਿਗੁਰੂ ਰਾਮ ਸਿੰਘ ਦੇ ਜੀਵਨ ਦਰਸ਼ਨ ਬਾਰੇ ਕਵੀਸ਼ਰ ਬਹਾਲ ਸਿੰਘ ਰੋਡਿਆਂ ਵਾਲੇ ਦੇ ਸ਼ਗਿਰਦ ਕਵੀਸ਼ਰ ਛੋਟਾ ਸਿੰਘ ਦੇ ਇਹ ਸ਼ਬਦ ਭਾਵਪੂਰਤ ਸਨ ਜੋ ਉਹਨਾਂ ਫਰੰਗੀ ਹਾਕਮਾਂ ਨੂੰ ਕਹੇ ਸਨ—

"ਅਸਾਂ ਕੱਟਣੇ ਨੇ ਦਿਨ ਚਾਰ—
ਕੱਟਾਂਗੇ ਮਸ਼ਾਲ ਬਾਲ ਕੇ।"

ਵੱਖ-ਵੱਖ ਪਿੰਡਾਂ ਦੀਆਂ ਨਾਮਧਾਰੀ ਅਤੇ ਗੈਰ ਨਾਮਧਾਰੀ ਸੰਗਤਾਂ ਨੇ ਦੁੱਧ, ਚਾਹਟੇ, ਫਲ, ਮਠਿਆਈਆਂ ਅਤੇ ਪੁਸ਼ਪ ਵਰਖਾਂ ਨਾਲ ਸੰਗਤਾਂ ਦਾ ਭਰਪੂਰ ਸਵਾਗਤ ਕੀਤਾ।

ਇਸ ਤੋਂ ਪਹਿਲਾਂ ੧ ਫਰਵਰੀ ੨੦੦੭ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੇ ਸਬੰਧ ਵਿਚ ਪਿੰਡ ਸੰਤ ਨਗਰ ਤੋਂ ਨਾਮਧਾਰੀ ਚੇਤਨਾ ਮਾਰਚ ਆਰੰਭ ਹੋ ਕੇ ਜਗਜੀਤ ਨਗਰ, ਦਮਦਮਾ, ਕਰੀਵਾਲਾ, ਹਾਰਨੀਆਂ, ਖੂਹ ਅਮਰਤਸਰੀਆਂ ਆਦਿਕ ਤੋਂ ਹੁੰਦਾ ਹੋਇਆ ਸ਼ਾਮ ਨੂੰ ਸੰਤ ਨਗਰ ਵਾਪਸ ਪੁੱਜਾ। ਕਰੀਵਾਲਾ ਦੇ ਬੱਸ ਸਟੈਂਡ ਤੇ ਭਾਰੀ ਦੀਵਾਨ ਸਜਿਆ। ਸ. ਸੁਵਰਨ ਸਿੰਘ ਵਿਰਕ ਨੇ ਵਲਵਲੇ ਭਰਪੂਰ ਭਾਸ਼ਣ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਇਤਿਹਾਸ ਅਤੇ ਕਾਰਜ ਖੇਤਰ ਤੇ ਚਾਨਣਾ ਪਾਇਆ। ਸੰਤ ਪੂਰਨ ਸਿੰਘ ਸੰਤ ਨਗਰ, ਸ. ਹਰਮੀਤ ਸਿੰਘ ਚੇਅਰਮੈਨ, ਸ. ਸੁਖਦੇਵ ਸਿੰਘ ਮੈਂਬਰ ਕਾਲਜ ਕਮੇਟੀ, ਸੂਬਾ ਬਲਕਾਰ ਸਿੰਘ ਆਦਿਕ ਨੇਤਾਵਾਂ ਨੇ ਭਰਪੂਰ ਸ਼ਿਰਕਤ ਕੀਤੀ। ਸੰਗਤਾਂ ਵਿਚ ਭਾਰੀ ਉਤਸ਼ਾਹ ਅਤੇ ਜੋਸ਼ ਸੀ।

ਰਿਪੋਰਟ :ਸਾਧੂ ਸਿੰਘ ਕਿਸਾਨ,
ਸ੍ਰੀ ਰਾਮਪੁਰ (ਬੁੱਢੀ ਮਾੜੀ)

## ਬੰਡਾ (ਯੂ.ਪੀ.) ਵਿਖੇ ਬਸੰਤ ਸਮਾਗਮ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਸਦਕਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਨਾਮਧਾਰੀ ਧਰਮਸ਼ਾਲਾ ਬੰਡਾ ਵਿਖੇ ਹਰ ਸਾਲ ਦੀ ਤਰ੍ਹਾਂ ਮਨਾਇਆ ਗਿਆ। ਮਲਿਕ ਫਾਰਮ, ਮਾਡਲ ਫਾਰਮ ਤੇ ਗੋਲਾ ਤੋਂ ਆਏ ਪਾਠੀ ਸਿੰਘਾਂ ਨੇ ਸੁੱਚ ਸੋਧ ਰੱਖ ਕਰ ਅਖੰਡਪਾਠ ਪੂਰਨ ਮਰਿਯਾਦਾ ਨਾਲ ਅਰੰਭ ਕਰਕੇ ਭੋਗ ਪਾਇਆ। ਉਪਰੰਤ ਪੂਰਾ ਦਿਨ ਦੀਵਾਨ ਲੱਗਾ, ਜਿਸ 'ਚ ਅਜੀਤ ਸਿੰਘ ਜਥੇਦਾਰ ਮਲਿਕ ਫਾਰਮ, ਸ੍ਰੀ ਭੈਣੀ ਸਾਹਿਬ ਤੋਂ ਆਏ ਜਥੇਦਾਰ ਬਲਵੀਰ ਸਿੰਘ, ਜਥੇਦਾਰ ਸਰਬਵੀਰ ਸਿੰਘ (ਰਾੜੇ ਵਾਲੇ) ਜਰਾ ਕੋਠੀ ਤੋਂ ਪੀਲੀ ਭੀਤ, ਸੰਤ ਕਪੂਰ ਸਿੰਘ ਹਰੀਪੁਰ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਮੁਰਝਾ ਗਈ ਸਿੱਖ ਫੁਲਵਾੜੀ ਨੂੰ ਸੁਰਜੀਤ ਕਰਨ ਲਈ, ਮੁੜ ਗੁਰੂ ਗੋਬਿੰਦ ਸਿੰਘ ਜੀ ਦੇ ਚਲਾਏ ਹੋਏ ਰਾਸਤੇ ਤੇ ਚੱਲਣਾ ਸਿਖਾਇਆ। ਖੰਡੇ ਬਾਟੇ ਦਾ ਅੰਮ੍ਰਿਤ ਸਿੰਘਾਂ ਤੇ ਸਿੰਘਣੀਆਂ ਨੂੰ ਛਕਾਇਆ। ਆਦਿ ਗ੍ਰੰਥ ਜੀ ਦੀਆਂ ਬੀੜਾਂ ਨੂੰ ਪ੍ਰਕਾਸ਼ ਕਰਕੇ ਸਤਿਕਾਰ ਕਰਨਾ ਦਸਿਆ। ਸਮਾਜ ਚ ਆਈਆਂ ਬੁਰਾਈਆਂ ਨੂੰ ਦੂਰ ਕਰਨ ਲਈ ਸਾਨੂੰ ਸਾਦਾ ਜੀਵਨ ਮਾਸ ਸ਼ਰਾਬ ਤੋਂ ਰਹਿਤ ਹੋ ਕੇ ਨਾਮ ਸਿਮਰਨ ਕਰਨਾ ਦੱਸਿਆ ਦਾਜ ਦਹੇਜ ਤੋਂ ਰਹਿਤ ਸਮੂਹਿਕ ਵਿਆਹ ਜੋ ਅੱਜ ਤੱਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਵਿਚ ਹੋ ਰਹੇ ਹਨ। ਅੰਗਰੇਜ਼ਾਂ ਤੋਂ ਦੇਸ਼ ਨੂੰ ਅਜ਼ਾਦ ਕਰਨ ਲਈ ਨਾਮਿਲਵਰਤਨ ਲਹਿਰ ਕੂਕਾ ਲਹਿਰ ਚਲਾ ਕਰ ਦੇਸ਼ ਨੂੰ ਅਜ਼ਾਦ ਕਰਨ ਚ ਪੂਰਾ ਸਹਿਯੋਗ ਦਿੱਤਾ ਉਹਨਾਂ ਦੇ ਨਾਮਧਾਰੀ ਸਿੰਘਾਂ ਨੇ ਗਊਆਂ ਨੂੰ ਅਜ਼ਾਦ ਕਰਾਕੇ ਆਪ ਹੱਸ-ਹੱਸ ਫਾਂਸੀਆਂ ਦੇ ਰੱਸੇ ਚੁੰਮੇ ਤੇ ਮਲੇਰਕੋਟਲੇ ਚ ਨੱਠ-ਨੱਠ ਕੇ ਤੋਪਾਂ ਦੇ ਅਗੇ ਹੋ ਕਰ ਸ਼ਹੀਦੀ ਜਾਮ ਪੀਤਾ। ਜਥੇਦਾਰਾਂ ਨੇ ਕਿਹਾ ਕਿ ਸਾਨੂੰ ਵੀ ਮਾਸ ਸ਼ਰਾਬ ਦਾ ਤਿਆਗ ਕੇ ਨਾਮ ਸਿਮਰਨ ਕਰ ਕੇ ਆਪਣਾ ਜਨਮ ਸਫਲਾ ਕਰਨਾ ਚਹੀਦਾ ਹੈ। ਕਾਕਾ ਅਜੀਤ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦੀ ਕਵਿਤਾ ਪੜ੍ਹੀ। ਸੰਤ ਕੁਲਦੀਪ ਸਿੰਘ ਨਾਮਧਾਰੀ ਨੇ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ। ਜਥੇਦਾਰਾਂ ਨੂੰ ਸਰੋਪੇ ਦੇਕਰ ਸਨਮਾਨਿਤ ਕੀਤਾ ਗਿਆ। ਦੂਰ-ਦੂਰ ਤੋਂ ਆਈ ਸਾਧ ਸੰਗਤ ਦੀ ਬੰਡੇ ਦੇ ਦੁਕਾਨਦਾਰਾਂ ਨੇ ਅਤੇ ਸਾਧ ਸੰਗਤ ਨੇ ਸੇਵਾ ਕੀਤੀ। ਗੁਰੂ ਕਾ ਲੰਗਰ ਵਰਤਾਇਆ ਗਿਆ।

—ਰਵਿੰਦਰ ਸਿੰਘ ਮਠਾਰੂ ਬੰਡਾ

## ਜੰਲਧਰ

ਸੈਂਟਰਲ ਟਾਊਨ ਜਲੰਧਰ ਦੀ ਨਾਮਧਾਰੀ ਧਰਮਸਾਲਾ ਵਿਚ ਮਿਤੀ ੨੮ ਜਨਵਰੀ ਐਤਵਾਰ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜਾ ਪ੍ਰਕਾਸ਼ ਉਤਸਵ ਇਲਾਕੇ ਦੀ ਸਮੁੱਚੀ ਸਾਧ ਸੰਗਤ ਵੱਲੋਂ ਮਨਾਇਆ ਗਿਆ। ੨੭ ਜਨਵਰੀ ਸਨਿਚਰਵਾਰ ਸ਼ਾਮ ਨੂੰ ਪਹਿਲਾ ਦੀਵਾਨ ਸਜਿਆ। ਨਾਮ ਸਿਮਰਨ ਉਪਰੰਤ ਜਥੇਦਾਰ ਹਜ਼ਾਰਾ ਸਿੰਘ ਜੀ— ਸੰਤ ਬਲਬੀਰ ਸਿੰਘ ਜੀ ਜ.ਸੁਰਿੰਦਰ ਸਿੰਘ ਛਿੰਦਾ ਨੇ ਹੱਲੇ ਦਾ ਦੀਵਾਨ ਸਜਾਇਆ।

੨੮ ਤਾਰੀਖ ਅਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਰਸ ਭਿੰਨਾ ਕੀਰਤਨ ਸੰਤ ਬਲਬੀਰ ਸਿੰਘ, ਜਗਦੀਸ਼ ਸਿੰਘ, ਸੰਤੋਖ ਸਿੰਘ, ਜਤਿੰਦਰਪਾਲ ਸਿੰਘ, ਸੁਖਦੇਵ ਸਿੰਘ, ਸੁਰਿੰਦਰ ਸਿੰਘ, ਬਲਵਿੰਦਰ ਸਿੰਘ ਹੋਰਾਂ ਦੇ ਰਾਗੀ ਜਥੇ ਨੇ ਕੀਤਾ। ਬਸੰਤ ਦੀ ਵਾਰ ਦੇ ਕੀਰਤਨ ਬਾਅਦ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾਇਆ ਗਿਆ। ਕੜਾਹ ਪ੍ਰਸ਼ਾਦ ਅਤੇ ਲੰਗਰ ਵਿਤਰਨ ਤੋਂ ਬਾਅਦ ਦਿਨ ਦਾ ਦੀਵਾਨ ਦੁਬਾਰਾ ਆਰੰਭ ਹੋ ਗਿਆ। ਮੁੱਖ ਦੀਵਾਨ ਸ਼੍ਰੀ ਭੈਣੀ ਸਾਹਿਬ ਤੋਂ ਸ਼੍ਰੀ ਸਤਿਗੁਰੂ ਜੀ ਦੀ ਆਗਿਆ ਸਹਿਤ ਪਧਾਰੇ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁਲਾ ਜੀ ਦੇ ਜਥੇ ਦਾ ਸੀ, ਜਿਨ੍ਹਾਂ ਸਤਿਗੁਰੂ ਜੀ ਦੇ ਆਗਮਨ ਦੀ ਖੁਸ਼ੀ ਵਿਚ ਸ਼ਬਦ ਗਾਇਣ ਕੀਤੇ ਅਤੇ ਅੰਤ ਵਿਚ ਸੰਗਤ ਦੇ ਆਗ੍ਰਹਿ ਤੇ 'ਪਿਰ ਦੇਖਣ ਕੀ ਆਸ ਵਾਲਾ, ਸ਼ਬਦ ਪੂਰੇ



Namdhari Elibrary NamdhariElibrary@gmail.com

ਵਜਦ ਵਿਚ ਪੜਿਆ। ਇਸ ਤੋਂ ਪਹਿਲਾਂ ਸੰਤਾਂ ਦੇ ਸਪੁੱਤਰ ਸੰਤ ਅਜੈਪਾਲ ਸਿੰਘ ਨੇ ਸੁਤੰਤਰ ਤਬਲਾ ਵਾਦਨ ਦਾ ਵੀ ਵਧੀਆ ਪ੍ਰਦਰਸ਼ਨ ਕੀਤਾ। ਸੰਤ ਗੁਰਲਾਲ ਸਿੰਘ ਜੀ ਨੇ ਹੱਲੇ ਦਾ ਦੀਵਾਨ ਲਾ ਕੇ ਰੰਗ ਬੰਨ੍ਹ ਦਿੱਤਾ। ਸੰਤ ਬਲਬੀਰ ਸਿੰਘ ਮੌਜੀ, ਅਤੇ ਨੌਜਵਾਨ ਜਥੇਦਾਰ ਸੰਤ ਸੁਰਿੰਦਰ ਸਿੰਘ ਛਿੰਦਾ ਨੇ ਵੀ ਹੱਲੇ ਦੇ ਦੀਵਾਨ ਦੁਆਰਾ ਗੁਰੂ ਜੱਸ- ਗੁਰੂ ਇਤਿਹਾਸ ਸਰਵਣ ਕਰਾਇਆ।

ਡਾ. ਹਰਭਜਨ ਸਿੰਘ ਮਠਾੜੂ ਨਵਾਂ ਸ਼ਹਿਰ ਅਤੇ ਸੰਤ ਬਚਿੱਤਰ ਸਿੰਘ ਜੀ ਨੇ ਸ਼ਬਦ ਕੀਰਤਨ ਅਤੇ ਗੀਤਾਂ ਰਾਹੀਂ ਆਪਣੀ ਹਾਜ਼ਰੀ ਲੁਆਈ। ਪ੍ਰਸਿੱਧ ਕਵੀ ਸ. ਚਰਨ ਸਿੰਘ ਸੀਚੇਵਾਲਵੀ ਨੇ ਆਪਣੀਆਂ ਪ੍ਰਭਾਵਸ਼ਾਲੀ ਕਵਿਤਾਵਾਂ ਰਾਹੀਂ ਆਪਣਾ ਯੋਗਦਾਨ ਪਾਇਆ। ਸੂਬਾ ਜੁਗਿੰਦਰ ਸਿੰਘ ਅਤੇ ਸੰਪਾਦਕ ਵਰਿਆਮ ਜਗਦੀਸ਼ ਸਿੰਘ ਨੇ ਸਤਿਗੁਰੂ ਜੀ ਦੇ ਇਤਿਹਾਸ ਤੇ ਚਾਨਣਾ ਪਾਇਆ। ਨਾਮਧਾਰੀ ਵਿਦਿਅਕ ਜੱਥਾ ਜਲੰਧਰ ਅਤੇ ਦੁਆਬਾ ਸਿਟੀ ਯੂਥ ਕਲੱਬ ਨੇ ਸੇਵਾ ਕਾਰਜਾਂ ਵਿਚ ਵੱਧ ਚੜ੍ਹ, ਕੇ ਹਿੱਸਾ ਪਾਇਆ। ਸੇਵਾ ਕਰਨ ਵਾਲੇ ਨੌਜਵਾਨਾਂ ਅਤੇ ਪ੍ਰੋਗਰਾਮ ਵਿਚ ਭਾਗ ਲੈਣ ਵਾਲਿਆਂ ਦਾ ਮਾਨ-ਸਨਮਾਨ ਕੀਤਾ ਗਿਆ। ਲੰਗਰ ਗੁਰੂ ਕਾ ਅਤੁੱਟ ਵਰਤਦਾ ਰਿਹਾ।

## ਜੰਮੂ

ਜੰਮੂ ਵਿਚ ਨਾਮਧਾਰੀ ਸੰਗਤਾਂ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਇਸ ਵਾਰ ਐਤਵਾਰ ੧੧ ਫਰਵਰੀ ਨੂੰ ਸਦਾ ਵਾਂਗ ਬਹੁਤ ਉਤਸ਼ਾਹ ਅਤੇ ਚੜ੍ਹਦੀ ਕਲਾ ਵਿਚ ਮਨਾਇਆ ਗਿਆ। ਅਮ੍ਰਿਤ ਵੇਲੇ ਹੀ ਨਾਮਧਾਰੀ ਧਰਮਸ਼ਾਲਾ ਵਿਚ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਇਕਬਾਲ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਕੀਤਾ। ਬਸੰਤ ਦੀ ਵਾਰ ਗਾਇਣ ਬਾਅਦ ਸਤਿਗੁਰੂ ਜੀ ਦੇ ਦਰਸ਼ਨਾਂ ਨਮਿਤ ਅਤੇ ਹੋਰ ਕਾਰਜਾਂ ਨਮਿਤ ਪਾਠਾਂ ਦੇ ਭੋਗ ਪਏ ਗਏ। ਸਵੇਰ ਦੇ ਲੰਗਰ ਬਾਅਦ ਦੀਵਾਨ ਮੁੜ ਆਰੰਭ ਹੋਇਆ। ਜਥੇਦਾਰ ਇਕਬਾਲ ਸਿੰਘ ਜੀ ਨੇ ਭਰਪੂਰ ਹੱਲੇ ਦਾ ਦੀਵਾਨ ਸਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਇਤਿਹਾਸ ਸਰਵਣ ਕਰਾ ਕੇ ਅਤੇ ਸ਼ਬਦ ਕੀਰਤਨ ਕਰ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਇਸ ਸਮੇਂ ਜੰਮੂ ਕਸ਼ਮੀਰ ਸਰਕਾਰ ਦੇ ਮੰਤਰੀ ਗੁਲਚੈਨ ਸਿੰਘ ਚਰਕ, ਐਮ. ਐਲ. ਏ. ਯੋਗੇਸ਼ ਸਾਹਨੀ ਅਤੇ ਐਸ. ਪੀ. ਵਰਮਾ ਗਾਂਧੀ ਵਾਦੀ ਨੇਤਾ, ਪ੍ਰਧਾਨ ਸਦਭਾਵਨਾ ਕੇ ਸਿਪਾਹੀ ਅਤੇ ਹੋਰ ਸਜਣ ਵੀ ਗੁਰੂ ਪੁਰਬ ਵਿਚ ਭਾਗ ਲੈਣ ਲਈ ਪੁੱਜੇ। ਇਸ ਅਵਸਰ ਤੇ ਨਾਮਧਾਰੀ ਬੱਚੀਆਂ ਨੇ ਹੱਲੇ ਦੇ ਦੀਵਾਨ ਦੁਆਰਾ ਗੁਰ ਇਤਿਹਾਸ ਸੁਣਾ ਕੇ ਪ੍ਰਭਾਵਸ਼ਾਲੀ ਕੀਰਤਨ ਕੀਤਾ। ਇਸ ਬਾਅਦ ਡਾਕਟਰ ਤਰਨ ਸਿੰਘ ਹੋਰਾਂ ਦੇ ਕੁਸ਼ਲ ਸਟੇਜ ਪ੍ਰਬੰਧ ਵਿਚ ਵਿਆਖਿਆਨ ਹੋਏ। ਸਭ ਤੋਂ ਪਹਿਲਾਂ ਸ. ਜਗਦੀਸ਼ ਸਿੰਘ ਵਰਿਆਮ ਜਨਰਲ ਸੈਕਟਰੀ ਨਾਮਧਾਰੀ ਦਰਬਾਰ ਨੇ ਨਾਮਧਾਰੀ ਸਮਾਜ ਵੱਲੋਂ ਸਿਰਜੇ ਸ਼ਾਨਦਾਰ ਇਤਿਹਾਸ ਦਾ ਵਰਨਣ ਕੀਤਾ ਇਸ ਤੋਂ ਬਾਅਦ ਆਏ ਨੇਤਾਗਣਾਂ ਨੇ ਬਹੁਤ ਸ਼ਰਧਾ ਅਤੇ ਸਿਆਣਪ ਨਾਲ ਸਤਿਗੁਰੂ ਜੀ ਦੇ ਆਗਮਨ ਪੁਰਬ ਦੀ ਵਧਾਈ ਵੀ ਦਿੱਤੀ ਅਤੇ ਸਤਿਗੁਰੂ ਜੀ ਵੱਲੋਂ ਦੇਸ਼ ਦੀ ਆਜ਼ਾਦੀ ਸੰਗਰਾਮ ਵਿਚ ਨਿਭਾਈ ਮੋਢੀ ਭੂਮਿਕਾ ਦਾ ਭਾਵ ਪੂਰਤ ਬਿਆਨ ਕੀਤਾ। ਸਾਧ ਸੰਗਤ ਵੱਲੋਂ ਆਏ ਨੇਤਾ ਗਣਾਂ ਦਾ ਢੁਕਵਾਂ ਮਾਨ ਸਨਮਾਨ ਕੀਤਾ ਗਿਆ। ਦੁਪਹਿਰ ਬਾਅਦ ਤਕ ਚਲੇ ਦੀਵਾਨ ਦੇ ਭੋਗ ਉਪਰੰਤ ਸਭ ਨੇ ਮਿਲ ਬੈਠ ਕੇ ਲੰਗਰ ਗੁਰੂ ਕਾ ਸ਼ਰਧਾ ਨਾਲ ਛੱਕਿਆ।

ਫੇਰ ਲੌਢੇ ਵੇਲੇ ਹੀ ਮੁੜ ਤੀਸਰਾ ਦੀਵਾਨ ਸ਼ੁਰੂ ਹੋਇਆ ਜਿਸ ਵਿਚ ਬੱਚਿਆਂ ਨੇ ਲੜੀਵਾਰ ਸੰਗੀਤ, ਕੀਰਤਨ, ਹੱਲੇ ਦੇ ਦੀਵਾਨ, ਭਾਸ਼ਨ, ਕਵਿਤਾਵਾਂ ਅਤੇ ਗੀਤਾਂ ਦਾ ਇਕ ਲਮਾ ਸਿਲਸਿਲਾ ਜਾਰੀ ਰੱਖਿਆ ਜੋ ਰਾਤ ਤਕ ਜਾਰੀ ਰਿਹਾ।

ਰਾਤ ਦਾ ਲੰਗਰ ਛੱਕ ਕੇ ਸਮਾਗਮ ਦੀ ਸਮਾਪਤੀ ਹੋਈ। ਸਾਰਾ ਪ੍ਰੋਗਰਾਮ ਸੂਬਾ ਸੁਖਦੇਵ ਸਿੰਘ, ਪ੍ਰਧਾਨ ਸੰਤ ਕਰਤਾਰ ਸਿੰਘ, ਚੇਅਰਮੈਨ ਪਰਬੰਧਕ ਕਮੇਟੀ ਸ. ਕਰਮ ਸਿੰਘ ਹੋਰਾਂ ਦੀ ਦੇਖ ਰੇਖ ਅਤੇ ਸੁਚੱਜੇ ਪ੍ਰਬੰਧ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਸੰਪੰਨ ਹੋਇਆ।

## ਚੰਡੀਗੜ੍ਹ

ਸਤਿਗੁਰੂ ਰਾਮ ਸਿੰਘ ਜੀ ਦਾ ਪਾਵਨ ਪ੍ਰਕਾਸ਼ ਦਿਹਾੜਾ ਚੰਡੀਗੜ੍ਹ ਸ਼ਹਿਰ 'ਚ ਮਨਾਇਆ ਗਿਆ। ਇਸ ਪ੍ਰੋਗਰਾਮ ਦਾ ਆਯੋਜਨ ਨਾਮਧਾਰੀ ਧਰਮਸ਼ਾਲਾ ਚੰਡੀਗੜ੍ਹ ਵਿਖੇ ਨਾਮਧਾਰੀ ਸੰਗਤ ਮੋਹਾਲੀ, ਚੰਡੀਗੜ੍ਹ ਵੱਲੋਂ ਸਰਬਸ੍ਰੀ ਸੂਬਾ ਸੰਤ ਗੁਰਮੁਖ ਸਿੰਘ, ਸੂਬਾ ਸੰਤ ਪਰਮਜੀਤ ਸਿੰਘ, ਜਥੇਦਾਰ ਸੰਤ ਜੋਗਾ ਸਿੰਘ ਅਤੇ ਪ੍ਰਧਾਨ ਸੰਤ ਹਰਭਜਨ ਸਿੰਘ ਸਲੂਜਾ ਹੋਰਾਂ ਦੀ ਅਗਵਾਈ ਹੇਠ ਕੀਤਾ ਗਿਆ। ਜਿਸ ਵਿਚ ਚੰਡੀਗੜ੍ਹ, ਮੋਹਾਲੀ, ਪਟਿਆਲਾ, ਕਾਲਕਾ, ਚੁੰਨੀ, ਚੜੀ, ਅਸੰਧ, ਕਰਨਾਲ, ਸਿਰਸਾ, ਪਾਣੀਪਤ ਤੋਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੇ ਪਹਿਲੇ ਦਿਨ ਸ਼ਾਮ ਦੇ ਦੀਵਾਨਾਂ ਵਿਚ ਨਾਮ ਦਾ ਸਿਮਰਨ, ਹੱਲੇ ਦੇ ਦੀਵਾਨ, ਅਲਾਹੀ ਕੀਰਤਨ ਕੀਤੇ ਗਏ। ਰਾਤ ਨੂੰ ਇਕ ਵਿਸ਼ੇਸ਼ ਕਵੀ ਦਰਬਾਰ ਆਯੋਜਿਤ ਕੀਤਾ ਗਿਆ।

ਅਗਲੇ ਦਿਨ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਸੰਤ ਜੋਗਿੰਦਰ ਸਿੰਘ ਮੁਕਤਾ ਅਤੇ ਸੰਤ ਦਵਿੰਦਰ ਸਿੰਘ ਚੰਡੀਗੜ੍ਹ ਵਾਲਿਆਂ ਦੇ ਜਥੇ ਨੇ ਕੀਤਾ। ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਅਖੰਡ ਪਾਠਾਂ ਦੇ ਭੋਗ ਪਾਏ ਗਏ। ਅਰਦਾਸ ਉਪਰੰਤ ਹੁਕਮਨਾਮੇ ਪਿੱਛੋਂ ਫੇਰ ਚੰਡੀਗੜ੍ਹ, ਮੋਹਾਲੀ ਦੇ ਨਿੱਕੇ ਬੱਚਿਆਂ ਨੇ ਭਾਸ਼ਣ, ਗੀਤ, ਕਵਿਤਾਵਾਂ, ਸ਼ਬਦ ਗਾਇਨ ਕੀਤੇ। ਸੰਤ ਹਰਭਜਨ ਸਿੰਘ ਗੁਰਦਾਸਪੁਰ ਨੇ ਕਥਾ-ਵੀਚਾਰ ਸਤਿਗੁਰੂ ਰਾਮ ਸਿੰਘ ਜੀ ਬਾਰੇ ਗੁਰ-ਇਤਿਹਾਸ ਦਾ ਵਿਸਥਾਰ ਸਹਿਤ ਚਾਨਣਾ ਪਾਇਆ।



Namdhari Elibrary NamdhariElibrary@gmail.com

ਜਥੇਦਾਰ ਦਵਿੰਦਰ ਸਿੰਘ ਨੇ ਹੌਲੇ ਦੇ ਦੀਵਾਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਵੇਰੇ ਦੀ ਸਟੇਜ ਸਕੱਤਰ ਦੀ ਸੇਵਾ ਕਰਨ ਵਾਲੇ ਜਥੇਦਾਰ ਸੰਤ ਬਲਵਿੰਦਰ ਸਿੰਘ ਨੇ ਬੜੀ ਹੀ ਵੈਰਾਗਮਈ ਸ਼ੈਲੀ ਵਿਚ ਵਧਾਈਆਂ ਦਿੱਤੀਆਂ। ਸੰਤ ਅਮੋਲਕ ਸਿੰਘ ਨੇ ਗੀਤ ਗਾਇਆ। ਅਤੇ ਸੰਤ ਜੋਗਿੰਦਰ ਸਿੰਘ ਮੁਕਤਾ ਨੇ ਸਤਿਗੁਰੂ ਜੀ ਪ੍ਰਤੀ ਸ਼ਰਧਾ ਪ੍ਰਗਟ ਕਰਦੇ ਹੋਏ ਵੱਖਰੇ ਅੰਦਾਜ਼ ਵਿਚ ਦੀਵਾਨ ਸਜਾਇਆ।

ਇਸ ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ 'ਤੇ ਸੂਬਾ ਬਲਵਿੰਦਰ ਸਿੰਘ ਅਤੇ ਸੰਤ ਅਮਰੀਕ ਸਿੰਘ ਸ੍ਰੀ ਭੈਣੀ ਸਾਹਿਬ ਤੋਂ ਆ ਕੇ ਵਿਸ਼ੇਸ਼ ਸ਼ਿਰਕਤ ਕੀਤੀ। ਉਪਰੰਤ ਨਿੱਕੇ ਨਿੱਕੇ ਬੱਚਿਆਂ ਨੇ ਕਵਿਤਾਵਾਂ, ਗੀਤ, ਭਾਸ਼ਣ ਤੇ ਸ਼ਬਦ ਸੁਣਾਏ।

## ਕਵੀ ਦਰਬਾਰ

ਚੰਡੀਗੜ ੨੭ ਜਨਵਰੀ ੨੦੦੭ ਸ਼ਾਮ ਨੂੰ ਚੰਡੀਗੜ੍ਹ ਸੈਕਟਰ ੩੦ ਬੀ ਵਿਖੇ ਨਾਮਧਾਰੀ ਗੁਰਦੁਆਰਾ ਸਾਹਿਬ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮੇਂ ਸਥਾਨਕ ਕਵੀਆਂ ਅਤੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਕਵੀ ਸੱਜਣਾਂ ਨੇ ਇਕ ਸ਼ਾਨਦਾਰ ਕਵੀ ਦਰਬਾਰ ਦਾ ਆਯੋਜਨ ਕੀਤਾ। ਹੇਠ ਲਿਖੇ ਕਵੀ ਸੱਜਣਾਂ ਨੇ ਭਾਗ ਲਿਆ।

ਸਰਵ ਸ੍ਰੀ ਗੁਰਦਿਆਲ ਸਿੰਘ ਪ੍ਰੀਤ, ਜੁਗਿੰਦਰ ਸਿੰਘ ਮੁਕਤਾ, ਮਾਸਟਰ ਅਮਰੀਕ ਸਿੰਘ, ਸਵਰਨ ਸਿੰਘ ਚੀਮਾ, ਸਾਧੂ ਸਿੰਘ ਕਿਸਾਨ, ਪੂਰਨ ਸਿੰਘ ਨਿਰਾਲਾ, ਲਖਵਿੰਦਰ ਸਿੰਘ ਬਾਜਵਾ, ਰਜਿੰਦਰ ਸਿੰਘ ਰਾਜ, ਬਲਦੇਵ ਸਿੰਘ ਵੜੈਚ, ਬਲਬੀਰ ਸਿੰਘ ਢਿੱਲੋਂ, ਹਰਭਜਨ ਸਿੰਘ ਪ੍ਰਵਾਨਾ, ਸੂਬਾ ਬਲਵਿੰਦਰ ਸਿੰਘ, ਸੂਬਾ ਅਮਰੀਕ ਸਿੰਘ, ਸਵਰਨ ਸਿੰਘ ਬਾਜਵਾ ਅਤੇ ਹੋਰ ਬਹੁਤ ਸਾਰੇ ਸਥਾਨਕ ਕਵੀ ਸੱਜਣਾਂ ਤੇ ਬੱਚਿਆਂ ਨੇ ਭਾਗ ਲਿਆ। ਇਸ ਕਵੀ ਦਰਬਾਰ ਦਾ ਸੰਚਾਲਨ ਸ. ਬਲਬੀਰ ਸਿੰਘ ਢਿੱਲੋਂ (ਮੁਹਾਲੀ) ਨੇ ਕੀਤਾ। ਸੰਤ ਜੋਗਾ ਸਿੰਘ ਮਦਾਰ ਨੇ ਮੁਖ ਪ੍ਰਬੰਧਕ ਵਜੋਂ ਸੁਯੋਗ ਭੂਮਿਕਾ ਨਿਭਾਈ।

੨.੨.੨੦੦੭ ਨੂੰ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵੱਲੋਂ ਪਿੰਡ ਜਗਜੀਤ ਨਗਰ ਦੀ ਸੰਗਤ ਦੇ ਸਹਿਯੋਗ ਨਾਲ ਬਹੁਤ ਹੀ ਸ਼ਾਨਦਾਰ ਕਵੀ ਦਰਬਾਰ ਕੀਤਾ। ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ ਪੁਰਬ ਦੇ ਸਬੰਧ ਵਿਚ ਕਵੀਆਂ ਤੇ ਸਾਹਿਤਕਾਰਾਂ ਨੇ ਬੜੀਆਂ ਖੂਬਸੂਰਤ ਰਚਨਾਵਾਂ ਪੜ੍ਹੀਆਂ। ਇਸ ਸਮਾਗਮ ਦਾ ਸਟੇਜ ਸੰਚਾਲਨ ਲਖਵਿੰਦਰ ਸਿੰਘ ਬਾਜਵਾ ਨੇ ਕੀਤਾ।

ਇਸ ਵਿਚ ਹੇਠ ਲਿਖੇ ਕਵੀ ਸੱਜਣਾਂ ਨੇ ਭਾਗ ਲਿਆ।

ਸਰਵ ਸ੍ਰੀ ਵਰਿਆਮ ਸਿੰਘ ਪਿਆਸਾ, ਜਸਵਿੰਦਰ ਸਿੰਘ ਭਿੰਡਰ, ਗੁਰਦਿਆਲ ਸਿੰਘ ਪ੍ਰੀਤ, ਲਖਵਿੰਦਰ ਸਿੰਘ ਬਾਜਵਾ, ਜੁਗਿੰਦਰ ਸਿੰਘ ਮੁਕਤਾ, ਮਾਸਟਰ ਅਮਰੀਕ ਸਿੰਘ, ਸਵਰਨ ਸਿੰਘ ਚੀਮਾ, ਸਾਧੂ ਸਿੰਘ ਕਿਸਾਨ, ਪੂਰਨ ਸਿੰਘ ਨਿਰਾਲਾ, ਰਜਿੰਦਰ ਰਾਜ, ਕੁਲਦੀਪ ਸਿੰਘ ਦੀਪ, ਹਰਭਜਨ ਰਾਜਾ, ਬਲਦੇਵ ਸਿੰਘ ਵੜੈਚ, ਕਰਨੈਲ ਸਿੰਘ ਅਸਪਾਲ, ਆਸਾ ਸਿੰਘ ਸੇਖਲ, ਮਨਸਾ ਸਿੰਘ ਸੇਖਲ, ਜਸਵਿੰਦਰ ਜੱਸ ਅਤੇ ਗਿਆਨੀ ਸਵਰਨ ਸਿੰਘ।

## ੧੩੫ ਸਾਲ ਪਹਿਲਾਂ ਕੂਕੇ-ਰੂਸੀਆਂ ਦੀ ਨਜ਼ਰ ਵਿਚ

ਰੂਸ ਦੇ ਇਕ ਵਿਦਵਾਨ ਮਿਨਾਇਫ ਈਸਵੀ ਸੰਨ ੧੮੭੪-੭੫ ਤੇ ੧੮੮੦-੮੫-੮੬ ਵਿਚ ਬੁੱਧ ਧਰਮ ਅਧਿਐਨ ਲਈ ਭਾਰਤ ਆਏ। ਆਪ ਪਾਲੀ ਭਾਸ਼ਾ ਦੇ ਵਿਦਵਾਨ ਸਨ। ਭਾਰਤ ਵਿਚ ਆਪ ਨੇ ਰਾਜਗੀਰ, ਨਾਲੰਦਾ, ਗਇਆ, ਬੰਬਈ, ਪੂਨਾ, ਹੈਦਰਾਬਾਦ, ਗਵਾਲੀਅਰ, ਦਿੱਲੀ, ਲਾਹੌਰ, ਲਖਨਊ, ਇਲਾਹਾਬਾਦ ਤੇ ਕਲਕੱਤੇ ਦੀ ਯਾਤਰਾ ਕੀਤੀ।

ਉਨ੍ਹਾਂ ਦਿਨਾਂ ਵਿਚ ਅੰਗਰੇਜ਼ਾਂ ਰੂਸੀਆਂ ਦਾ ਆਪਸ ਵਿਚ ਕਾਫੀ ਤਕਰਾਰ ਰਹਿੰਦਾ ਸੀ ਤੇ ਭਾਰਤ ਦੀ ਅੰਗਰੇਜ਼ ਸਰਕਾਰ ਤਾਂ ਰੂਸ ਬਾਰੇ ਨਿਤ ਨਵੇਂ ਭੁਲੇਖੇ ਪਾਉਂਦੀ ਰਹਿੰਦੀ ਸੀ।

ਮਿਸਟਰ ਮਿਨਾਇਫ ਨੂੰ ਭਾਰਤ ਦੇ ਵੱਖ-ਵੱਖ ਹਿੱਸਿਆਂ ਦਾ ਦੌਰਾ ਕਰਦਿਆਂ ਹੋਇਆਂ ਰੂਸ ਸੰਬੰਧੀ ਭਾਰਤ ਵਾਸੀਆਂ ਦੀ ਰਾਏ ਵੀ ਸੁਣਨ ਨੂੰ ਮਿਲਦੀ ਰਹਿੰਦੀ ਸੀ। ਉਸੇ ਰਾਏ ਦਾ ਜ਼ਿਕਰ ਮਿਸਟਰ ਮਿਨਾਇਫ ਨੇ ਆਪਣੀ ਪੁਸਤਕ "ਟਰੈਵਲਸ ਇਨ ਐਂਡ ਡਾਇਰੀਜ਼ ਆਫ ਇੰਡੀਆ ਐਂਡ ਬਰਮਾ" ਵਿਚ ਕੀਤਾ ਸੀ। ਆਪ ਲਿਖਦੇ ਹਨ-

"ਰੂਸ ਸਰਕਾਰ ਭਾਵੇਂ ਭਾਰਤ ਵਰਸ਼ ਵਿਚ ਰੂਸੀਆਂ ਵਿਰੁੱਧ ਬੜਾ ਜ਼ੋਰਦਾਰ ਭੰਡੀ ਪਰਚਾਰ ਕਰ ਰਹੀ ਸੀ ਪਰ ਉਸਦਾ ਅਸਰ ਉਲਟਾ ਹੋ ਰਿਹਾ ਸੀ— ਭਾਰਤ ਵਾਸੀ ਰੂਸੀਆਂ ਵੱਲ ਹੋਰ ਵੀ ਜ਼ਿਆਦਾ ਖਿੱਚੇ ਜਾ ਰਹੇ ਸਨ, ਉਨ੍ਹਾਂ ਨੇ ਵਿਸ਼ਵਾਸ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ੧੮੫੭ ਦੇ ਗ਼ਦਰ ਦੇ ਨੇਤਾ 'ਨਾਨਾ ਸਾਹਿਬ' ਭੱਜ ਕੇ ਰੂਸ ਚਲੇ ਗਏ ਹਨ ਅਤੇ ਜਨਰਲ 'ਸਕੋਸਕੋਬੇ' ਹੋਰ ਕੋਈ ਨਹੀਂ-ਖੁਦ ਨਾਨਾ ਸਾਹਿਬ ਹੀ ਹਨ।

"ਲੁਧਿਆਣੇ ਵਿਚ ਬਹੁਤ ਸਾਰੇ ਕੂਕੇ ਇਕ ਭਵਿੱਖਬਾਣੀ 'ਤੇ ਵਿਸ਼ਵਾਸ ਕਰਦੇ ਹਨ। ਉਹ ਭਵਿੱਖ ਬਾਣੀ ਹੈ ਕਿ ਰੂਸ ਭਾਰਤ ਵਿਚ ਆਏਗਾ ਤੇ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਭਾਰਤ ਨੂੰ ਆਜ਼ਾਦ ਕਰਾਏਗਾ।"

ਮਿਨਾਇਫ ਨੇ ਲਿਖਿਆ ਹੈ :-

"ਬਹੁਤ ਵਾਰੀ ਕਈਆਂ ਨੇ ਆਣਕੇ ਮੈਨੂੰ ਭਰੋਸਾ ਦਿਵਾਇਆ ਹੈ ਕਿ ਜੇ ਰੂਸ ਭਾਰਤ ਉੱਤੇ ਹਮਲਾ ਕਰੇ ਤਾਂ ਬਹੁਤ ਸਾਰੇ ਅਸੰਤੁਸ਼ਟ ਭਾਰਤਵਾਸੀ ਰੂਸ ਦੇ ਪੱਖ ਵਿਚ ਲੜਨਗੇ।"

ਮਿਸਟਰ ਮਿਨਾਇਫ ਦਾ ਜਨਮ ੧੮੪੦ ਵਿਚ ਹੋਇਆ ਸੀ ਤੇ ਉਨ੍ਹਾਂ ਦੀ ਮੌਤ ਤਪਦਿਕ ਨਾਲ ੧੮੯੦ ਵਿਚ ਹੋਈ



Namdhari Elibrary NamdhariElibrary@gmail.com

بِسۡمِ اللّٰہِ الرَّحۡمٰنِ الرَّحِیۡمِ

**ਪਾਕਿਸਤਾਨ**

ਮਿਤੀ: ੨੯.0੧.੨00੭

ਜਿਉਂ ਮਨ ਦੇਖਹਿ ਪਰਮਨ ਤੈਸਾ ਜੈਸੀ ਮੰਨਸਾ ਤੈਸੀ ਦਿਸ਼ਾ॥

ਸਤਿਕਾਰ ਯੋਗ ਬੁਜ਼ਰਗ ਸਰਦਾਰ ਜਗਦੀਸ਼ ਸਿੰਘ ਵਰਿਆਮ ਜੀਓ।

ਆਦਰਮਈ ਆਦਾਬ ਅਤੇ ਵੈਰਾਗਮਈ ਗਲਵਕੜੀ ਪ੍ਰਵਾਨ ਹੋਵੇ ਜੀਉ। ਮਹਾਰਾਜ, ਆਪ ਜੀ ਦੀ ਵਿਸ਼ੇਸ਼ ਖੇਚਲ ਅਤੇ ਕ੍ਰਿਪਾ ਦੁਆਰਾ ਵਰਦਾਨ ਸਰੂਪੀ ਵਰਿਆਮ ਜਨਵਰੀ ੨੦੦੭ ਅੰਕ ਪ੍ਰਾਪਤ ਕਰ ਅਤਿਅੰਤ ਪ੍ਰਸੰਤਾ ਅਨੁਭਵ ਹੋਈ। ਤ੍ਰਿੰਗਲਮ! ਪ੍ਰਸੰਨਮ! ਆਭਾਰੀਯਮ! ਕਹਿਣਾ ਉਚਿਤ ਸਮਝਦਾ ਹਾਂ। ਮੈਨੂੰ ਨਿਰਸੰਦੇਹ ਇਸ ਦਾ ਅਧਿਐਇਨ ਗਿਆਨ ਵਰਧਕ ਸ੍ਰੋਤ ਵਜੋਂ ਸਰਵ-ਸ੍ਰੇਸ਼ਟ ਲੱਗਾ। ਮੈਨੂੰ ਇਹ ਸ੍ਵੀਕਾਰ ਕਰਨ ਵਿਚ ਸੰਕੋਚ ਨਹੀਂ ਕਿ ਦਰਦ-ਸੋਜ਼ ਅਰਥਾਤਿ ਵੈਰਾਗ ਇਕ ਇਲਾਹੀ ਦਾਤ ਹੈ ਜੋ ਨਾਨਕ ਨਾਮ-ਲੇਵਾ ਸਿੱਖਾਂ ਵਿਚ ਸਭ ਤੋਂ ਵੱਧ ਨਾਮਧਾਰੀ ਕੂਕੇ ਦਾ ਮੁਕੱਦਰ ਹੋ ਨਿਬੱੜਿਆ ਹੈ। "ਹਉ ਰਹਿ ਨਾ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥" ਦੇ ਹੁਕਮ-ਆਦੇਸ਼ ਦੀ ਪਾਲਣਾ ਅਤੇ ਮਨਸ਼ਾ ਸਨਮੁਖ ਰੱਖਣ ਤੇ ਹਰੇਕ ਨਾਮਧਾਰੀ ਮਾਈ ਭਾਈ ਨੂੰ ਮੁਬਾਰਕਬਾਦ ਪ੍ਰਸਤੁਤ ਕਰਦਾ ਹਾਂ। ਆਪ ਜੀ ਦੇ ਮਾਧੀਅਮ ਰਾਹੀਂ ਮੈਂ ਇਕ ਮੁਸਲਮਾਨ ਵਜੋਂ ਸੰਦੇਸ਼ ਦੇਣਾ ਚਾਹਵਾਂਗਾ ਕਿ ਸਾਨੂੰ ਪਰਸਪਰ ਸਬੰਧਾਂ ਨੂੰ ਬੜ੍ਹਾਵਾ ਦਿੰਦੇ ਹੋਏ ਇਕ ਦੂਸਰੇ ਦੇ ਧਰਮ ਪ੍ਰਤੀ ਸਤਿਕਾਰ ਅਤੇ ਸੋਝੀ ਦਰਸਾਉਣੀ ਚਾਹੀਦੀ ਹੈ। ਭਿੰਨ ਭਿੰਨ ਧਰਮਾਂ ਦਾ ਅਧਿਐਇਨ ਬਹੁਤ ਸਾਰੀਆਂ ਗ਼ਲਤ ਫ਼ਹਿਮੀਆਂ, ਕਿੰਤੂ ਪ੍ਰੰਤੂ, ਸ਼ੰਕੇ ਆਦਿ ਨਿਵਿਰਤ ਕਰਨ ਵਿਚ ਸਹਾਈ ਸਿੱਧ ਹੁੰਦਾ ਹੈ। ਆਪਣੇ ਮਾਲਿਕ ਦੇ ਹਜ਼ੂਰ ਸਜਦਾ-ਰੇਜ਼ ਹੋਣਾ ਅਤੇ ਨਿਮ੍ਰਤਾ ਪੂਰਵਕ ਹਿਰਦੇ ਨਾਲ ਸੇਜਲ ਨੇਤ੍ਰਾਂ ਸਹਿਤ ਆਹੋ-ਜ਼ਾਰੀ ਕਰਨਾ ਇਸਲਾਮ ਵਿਚ ਪ੍ਰਮਾਣਿਤ ਪੂਜਾ ਹੈ। ਮੈਨੂੰ ਬਹੁਤ ਦੁਖ ਹੋਇਆ ਇਹ ਜਾਣਕੇ ਪਈ ਹਰਿਮੰਦਰ ਸਾਹਿਬ ਵਿਚ ਕੂਕਾ ਸਿੱਖ ਭਾਈਚਾਰੇ ਨੂੰ ਭਜਨ ਬੰਦਗੀ ਦੀ ਸੁਤੰਤ੍ਰ ਅਨੁਮਤੀ ਨਹੀਂ ਦਿੱਤੀ ਜਾਂਦੀ। ਮੇਰਾ ਵਿਸ਼ਵਾਸ ਹੈ ਕਿ ਇਕ ਦਰਦਿ ਦਿਲ ਰੱਖਣ ਵਾਲਾ ਪ੍ਰਭੂ ਭਗਤੀ ਵਿਚ ਲੀਨ ਹੋਵਣ ਵਾਲਾ ਨਿਮਾਣਾ ਸਿੱਖ ਕਿਸੇ ਲਈ ਕਿਸੇ ਤਰ੍ਹਾਂ ਹਾਨੀਕਾਰਕ ਨਹੀਂ ਹੋ ਸਕਦਾ। ਧਾਰਮਿਕ ਸਥਾਨਾਂ ਵਿਚ ਕਿਸੇ ਮਨੁੱਖ ਤੇ ਬੰਦਸ਼-ਹਟਕ ਗੁਰੂ ਸਿੱਖਿਆ ਦੇ ਅਨੁਕੂਲ ਕਰਾਰ ਨਹੀਂ ਦਿੱਤੀ ਜਾ ਸਕਦੀ। "ਸਰਬ ਭੂਤ ਏਕੈ ਕਰ ਜਾਨਿਆ ਚੂਕੇ ਬਾਦ ਬਿਬਾਦਾ॥"

ਮਹਾਰਾਜ! ਨਾਮਧਾਰੀ ਵਿਚਾਰਧਾਰਾ ਬਾਬਤ ੨੦੦੧ ਵਿਚ ਸੰਤ ਹਰਨਾਮ ਸਿੰਘ ਜੀ ਆਨੰਦ (ਜਲੰਧਰ ਨਿਵਾਸੀ)ਹੁਰਾਂ ਪਹਿਲੀ ਵੇਰ ਪਾਕਿਸਤਾਨ ਫੇਰੀ ਦੌਰਾਨ ਮੈਨੂੰ ਪ੍ਰੀਚਾ ਕਰਵਾਇਆ ਸੀ। ਉਹ ਨੀਲਧਾਰੀ ਉਪ ਸ਼ਾਖਾ (ਜੋ ਕਿਲ੍ਹਾ ਸੂਬਾ ਸਿੰਘ ਵਿਖੇ ਉਤਪੰਨ ਹੋਈ ਸੀ) ਦੇ ਅਨੁਯਾਈ ਸਨ। ਪ੍ਰੋ. ਸਾਹਿਬ ਸਿੰਘ ਜੀ (ਗੁਰਬਾਣੀ ਦੇ ਮਾਹਿਰ ਵਿਆਖਿਆਕਾਰ) ਸਾਡੇ ਨਾਲ ਦੇ ਪਿੰਡ ਫੱਤੇਵਾਲੀ ਵਿਖੇ ੧੮੯੨ ਨੂੰ ਜਨਮੇ ਸਨ। ਉਨ੍ਹਾਂ ਦਾ ਛੋਟਾ ਭਰਾ ਦੀਵਾਨ ਸਿੰਘ ਸਾਡੇ ਪਿੰਡ (ਭੂਰੇਕੇ) ਦੇ ਇਕ ਖੱਤਰੀ ਪਰਿਵਾਰ 'ਚ ਵਿਆਹਿਆ ਹੋਇਆ ਸੀ। ਸਾਡੇ ਪਿੰਡ ਵੀ ਮੁਸਲਮਾਨਾਂ, ਹਿੰਦੂਆਂ ਅਤੇ ਇਸਾਈਆਂ ਤੋਂ ਅੱਡ ਸਿੱਖ (ਸਰਵਰੀਏ, ਕੂਕੇ, ਅਕਾਲੀ, ਮਸੰਦ ਆਦਿ) ਨਿਵਾਸ ਰੱਖਦੇ ਸਨ। ਪ੍ਰੋ. ਸਾਹਿਬ ਸਿੰਘ ਡੀ ਲਿਟ ਹੁਰਾਂ ਢੇਅ ਪਿੰਡ ਦੇ ਸੈਨਿਕ ਸਿੱਖਾਂ ਤੋਂ ਪ੍ਰਭਾਵਿਤ ਹੋ ਕੇ ਸਵੈ ਇੱਛਾ ਅਧੀਨ ਹਿੰਦੂ ਧਰਮ ਤਿਆਗ ਗੁਰਸਿੱਖੀ ਧਾਰਨ ਕੀਤੀ ਸੀ। ਉਨ੍ਹਾਂ ਦੀ ਸਫਲਤਾ ਉਨ੍ਹਾਂ ਦੇ ਮੁਸਲਿਮ ਉਸਤਾਦਾਂ ਮੀਯਾਂ ਮੁਹੰਮਦ ਹਯਾਤ ਸ਼ਾਹ ਅਤੇ ਕਾਜ਼ੀ ਜਲਾਲਦੀਨ ਦੇ ਦਿਸ਼ਾ ਨਿਰਦੇਸ਼ ਮੁਜਬ ਹੋਈ। ਕਾਜ਼ੀ ਜਲਾਲਦੀਨ ਨੂੰ ਤਾਂ ਉਨ੍ਹਾਂ ਪ੍ਰਾਣ ਤਿਆਗਦਿਆਂ ਵੀ ਰੋਂਦੇ ਹੋਏ ਯਾਦ ਕੀਤਾ ਜਿਵੇਂ ਕਿ ਉਨ੍ਹਾਂ ਦੇ ਪੁੱਤਰ ਸ੍ਰੀ ਦਲਜੀਤ ਸਿੰਘ (ਨੇਤ੍ਰ ਵਿਸ਼ੇਸ਼ੱਗਯ) ਦਾ ਬਿਆਨ ਹੈ। ਪ੍ਰੋ: ਸਾਹਿਬ ਸਿੰਘ ਦੇ ਦਾਮਾਦ ਪ੍ਰੋ. ਪ੍ਰੀਤਮ ਸਿੰਘ (ਸਾਬਕਾ ਮੁਖੀ ਗੁਰੂ ਨਾਨਕ ਸਟੱਡੀਜ਼ ਵਿਭਾਗ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ) ਦੀ ਮੇਰੇ ਨਾਲ ਪੱਤਰ ਵਿਹਾਰ ਰਾਹੀਂ ਚੰਗੀ ਸਾਂਝ ਬਣੀ ਰਹੀ ਹੈ। ਉਹਨਾਂ ਆਪਣੀ ਇਕ ਚਿੱਠੀ ਦੁਆਰਾ ਮੈਨੂੰ ਸਿੱਖ ਧਰਮ ਅਤੇ ਗੁਰਬਾਣੀ ਬਾਰੇ ਪਾਕਿਸਤਾਨ ਵਾਲੇ ਪਾਸੇ ਕੰਮ ਕਰਨ ਹੇਤੂ ਪ੍ਰੇਰਨਾ



Namdhari Elibrary NamdhariElibrary@gmail.com

ਦਿੱਤੀ ਸੀ। ਉਨ੍ਹਾਂ ੨੦੦੫ ਵਿਚ 'ਪੰਜਾਬੀ ਲੇਖਕ ਕੋਸ਼' ਦੀ ਸੰਪਾਦਨਾ ਕੀਤੀ ਹੈ। ਉਸ ਵਿਚ ਸੈਂਕੜੇ ਲੇਖਕਾਂ ਦਾ ਵਿਵਰਣ ਦਿੱਤਾ ਗਿਆ ਹੈ। ਦਾਸ ਨੇ ਆਪ ਜੀ ਬਾਰੇ ਵੀ ਜਾਣਕਾਰੀ ਲੱਭ ਲਈ ਹੈ। ਅਰਜ਼ ਕਰਾਂ ਪੰਨਾ ੩੩੯ ਖ਼ੋਲ ਕੇ :

ਜਗਦੀਸ਼ ਸਿੰਘ ਸਪੁੱਤਰ ਨੱਥਾ ਸਿੰਘ ਪਿੰਡ ਢੇਅ (ਨਾਰੋਵਾਲ, ਪਾਕਿਸਤਾਨ)

ਜਨਮ : ੦੧.੦੯.੧੯੩੯

ਮਾਤਾ ਜੀ ਦਾ ਸ਼ੁਭ ਨਾਉਂ : ਸਵਰਨ ਕੌਰ (ਹਰਨਾਮ ਕੌਰ)

ਸੁਪਤਨੀ ਅਥਾਤਿ ਧਰਮ ਪਤਨੀ : ਬਖਸ਼ੀਸ਼ ਕੌਰ

ਉਲਾਦ : ਗੁਰਦਰਸ਼ਨ ਕੌਰ (ਜਨਮ ੧੯੬੧), ਸਤਵੰਤ ਕੌਰ (ਜਨਮ ੧੯੬੪), ਰਜਵੰਤ ਕੌਰ (੧੯੭੦) ਆਦਿ

ਐਡੀਟਰ ਮਾਸਿਕ 'ਵਰਿਆਮ' ੧੯੭੫ ਤੋਂ

ਮਹਾਰਾਜ! ਆਪ ਜੀ ਦਾ ਜਨਮ ਸਥਾਨ ਸਾਡੇ ਪਿੰਡ ਤੋਂ ਮਸੀਂ ੯-੧੦ ਮੀਲ ਦੀ ਵਾਟ ਤੇ ਘੁਗ ਵੱਸਦਾ ਪਿੰਡ ਹੈ। ਮੈਨੂੰ ਬਹੁਤ ਚਾਅ ਚੜ੍ਹ ਗਿਆ ਹੈ ਕਿ ਤੁਸੀਂ ਸਾਡੇ ਇਲਾਕੇ ਦੇ ਸਪੂਤ ਹੋ। ਕਦੀ ਏਧਰ ਗੁਰਧਾਮਾਂ ਦੇ ਦਰਸ਼ਨਾਂ ਹੇਤੁ ਪਧਾਰੋ ਤਾਂ ਸਾਨੂੰ ਵੀ ਦਰਸ਼ਨ ਜ਼ਰੂਰ ਦੇਣਾ ਜੀਓ। ਆਪ ਜੀ ਦੀ ਖ਼ਿਦਮਤ ਕਰਕੇ ਸਾਨੂੰ ਬੇਹੱਦ ਖੁਸ਼ੀ ਹੋਵੇਗੀ। ਕੁਝ ਸਾਲ ਪਹਿਲਾਂ ਉਰਦੂ ਪੰਜਾਬੀ ਦੇ ਪ੍ਰਸਿੱਧ ਲਿਖਾਰੀ ਡਾ: ਰਤਨ ਸਿੰਘ (ਪਿੰਡ ਦਾਊਦ ਨਾਰੋਵਾਲ) ਆਪਣੀ ਜਨਮ ਭੂਮੀ ਵੇਖਣ ਆਏ ਸਨ। ਜਬਲਪੁਰ (ਮੱਧ ਪ੍ਰਦੇਸ਼) ਤੋਂ ਉਨ੍ਹਾਂ ਖ਼ਤ ਲਿਖ ਕੇ ਸਾਡਾ ਧੰਨਵਾਦ ਕੀਤਾ ਸੀ।

ਕੁਝ ਸੁਝਾਉ 'ਵਰਿਆਮ' ਪ੍ਰਤੀ ਨਿਮਨ ਲਿਖਤ ਹਨ :

੧. ਨਾਮਧਾਰੀ ਵਿਚਾਰਧਾਰਾ ਦਾ ਦੂਸਰੇ ਭੇਖਾਂ ਨਾਲ ਸੰਤੁਲਤ/ਤੁਲਨਾਤਮਿਕ ਪੱਖ ਪੇਸ਼ ਕੀਤਾ ਜਾਵੇ।

੨. ਟਾਈਟਲ ਹਮੇਸ਼ਾ ਹੀ ਖ਼ੂਬਸੂਰਤ ਸੁਸੱਜਿਤ ਕੀਤਾ ਜਾਇਆ ਕਰੇ ਕਿਉਂ ਜੋ First Impression is the Last Impression.

੩. ਹਿੰਦ-ਪਾਕਿ ਇਤਿਹਾਸਕ ਥਾਵਾਂ ਪਿੰਡਾਂ ਕਸਬਿਆਂ ਸ਼ਖ਼ਸੀਅਤਾਂ ਜੋ ਕਿਸੇ ਵੀ ਪ੍ਰਕਾਰ ਸਿੱਖੀ/ਨਾਮਧਾਰੀ ਜੁੜਤ ਦੀਆਂ ਧਾਰਨੀ ਹਨ ਸਬੰਧੀ ਭਰਵੀਂ ਜਾਣਕਾਰੀ ਦਿੱਤੀ ਜਾਵੇ।

ਭੇਟਾ ਸਹਿਤ ਜਾਂ ਭੇਟਾ ਰਹਿਤ ਨਾਮਧਾਰੀ ਲਿਟ੍ਰੇਚਰ ਭੇਜਣ ਦੀ ਕ੍ਰਿਪਾਲਤਾ ਕਰਦੇ ਰਿਹਾ ਕਰੋ। ਅੰਤ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਕਰ-ਕਮਲਾਂ ਦੁਆਰਾ ਸਨਮਾਨਿਤ ਹੋਣ 'ਤੇ ਹਾਰਦਿਕ ਵਧਾਈ ਕਬੂਲ ਫ਼ਰਮਾਓ। ਅੱਲਾਹ ਬੇਲੀ!

ਹਿਤੂ

ਮਲਿਕ ਮੁਹੰਮਦ ਨਈਮ ਆਵਾਨ

ਪਿੰਡ ਬੂਰੇ ਕੇ, ਡਾਕਖਾਨਾ ਤਲਵੰਡੀ ਭਿੰਡਰਾਂ (ਨਾਰੋਵਾਲ) ਪਾਕਿਸਤਾਨ

ਬੜੇ ਪਿਆਰੇ ਸੱਜਣ ਜੀ !

ਪਿਛਲੇ ਦਿਨੀਂ ਮੈਂ ਫ਼ੋਨ ਤੇ ਪਹਿਲਾਂ 'ਸੰਤ ਤਰਨ ਸਿੰਘ ਵਹਿਮੀ, ਸਨਮਾਨ ਪ੍ਰਦਾਨ ਕੀਤੇ ਜਾਣ ਦੀ, ਆਪ ਨੂੰ ਵਧਾਈ ਭੇਟ ਕਰਕੇ ਹਟਿਆ, ਤਦੋਂ ਤੱਕ ਮੈਨੂੰ ਪਤਾ ਨਹੀਂ ਸੀ ਕਿ ਆਪ ਇਕ ਹੋਰ ਵਧਾਈ ਦੀ ਉਡੀਕ ਵਿਚ ਵੀ ਤਿਆਰ ਬਰ ਤਿਆਰ ਬੈਠੇ ਸਾਓ।

ਕਈ ਦਿਨਾਂ ਬਾਅਦ, ਸਤਿਜੁਗ, ਨੇ ਗੱਲ ਔਖੀਂ ਪਾਈ ਕਿ 'ਸ਼ਹੀਦ ਬਾਬਾ ਲਹਿਣਾ ਸਿੰਘ, ਪੁਰਸਕਾਰ ਆਪ ਦੀ ਝੋਲੀ ਵਿਚ ਜਲਵਾਗਰ ਹੋ ਚੁੱਕਿਆ ਹੈ। ਮੈਂ ਇਹ ਚਿੱਠੀ ਲਿਖਦਿਆਂ ਫਿਰ ਸਤਿਜੁਗ ਤੋਂ ਵੇਖਿਆ ਹੈ, ਮੋਮੈਂਟੋ, ਲੋਈ ਜੋ ਕਿਸੇ ਦੇ ਵੀ ਪਸੰਦ ਆ ਸਕਦੀ ਹੈ— 'ਧਨ ਰਾਸ਼ੀ, ਗੁਪਤ ਹੀ ਰਹੇ ਤਾਂ ਚੰਗਾ ਹੈ, ਨਹੀਂ ਤੇ ਕਈਆਂ ਨੂੰ ਐਵੇਂ ਪੇਟ ਦਰਦ ਹੋਣ ਲੱਗ ਜਾਂਦੀ ਹੈ, ਮੁਬਾਰਕਾਂ ਦਿਲ ਦੇ ਗਹਿਰੇ ਪਿਆਰ ਨਾਲ ਮੁਬਾਰਕਾਂ, ਸ਼ੁਕਰ ਹੈ, ਸਾਡੇ ਪੰਥ ਵਿਚ ਵੀ ਕਿਰਤ ਕਰਮੀਆਂ ਦੀ ਕਦਰ ਹੋਣ ਦਾ ਰਿਵਾਜ ਪੈ ਰਿਹਾ ਹੈ।

—ਸਾਧੂ ਸਿੰਘ ਕਿਸਾਨ

ਰਾਮਪੁਰ ਬੁਢੀ ਮੋੜੀ (ਸਿਰਸਾ)

ਹਰਿਆਣਾ



Namdhari Elibrary NamdhariElibrary@gmail.com

Gram : 'Sniper' Hello : 431367

Reputated Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

OPP. : INDUSTRIAL ESATE,

JAMMU CANTT.



Namdhari Elibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL
FOODS PVT LTD

**Pinoneer Manufacturer in India of**

- **Automatic machines for producing Biscuits**
- **Automatic machines for producing Wafers**

**and**

**Makers of High quality Biscuits**

## BBL FOODS PVT. LTD.

*Santosh Nagar (X) Roads, Hyderabad-500 059 India*

*Ph.:— +91-40-4530680, 82,84 Fax :— +91-40--4530475*

*E-mail:amber @hd1.vsnl.net.in*

| Balvinder Pal Singh | Lakhbir Singh Muchhal | Sukhwinder Kaur |
|---|---|---|
| *Manging Director* | *Director* | *Director* |
| *Ph.: 9391048734* | *Ph.: 9848050607* | *Ph.: 9391046298* |





Namdhari Elibrary NamdhariElibrary@gmail.com

OSTER®
REGD. TRADE MARK No. 491651
SHIRTS
CARDIGANS • PULLOVERS
TITLIS
(U.K.)
LUXURY SHAWLS • BLANKETS
BED SHEETS • BED LINEN
TEL : + 91 161 2494123, 2496056, 2493689, 5087501-02-03.
FAX:+ 91 161 2494131, 2500732
E-MAIL:jawsons@sify.com osterldh@satyam.net.in
Web site.www.osterindia.com

Namdhari Elibrary NamdhariElibrary@gmail.com

Registered No. PB 0016 (2006-2008) Monthly Wariam Ladowali Road, Jalandhar - 144 001
Regd. RNI No. 26453/75 March 2007


# Reliable Performance




**Consistence Performers, Suited to all market needs with high yield, quality & disease resistant.**

**NAMDHARI SEEDS PVT. LTD.**

Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel.: 080 28602167/ 69 • Fax: 080 28602168
e-mail : namdhariseeds@namdhariseeds.com • URL : www.namdhariseeds.com

*Seeds for a better future...*


ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫ਼ੋਨ : 0181-2222543, ਨਿਵਾਸ : 0181-2456289

Namdhari Elibrary NamdhariElibrary@gmail.com